
Digitized by Arya Samaj Foundation Chennai and eGangotri

## ਗ਼ਦਰੀ ਬਾਬਾ

# ਸੋਹਣ ਸਿੰਘ ਭਕਨਾ



ਜਸਬੀਰ ਸਿੰਘ ਜੱਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
पुस्तकालय
गुरुकुल कांगड़ी विश्वविद्यालय

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗ਼ਦਰੀ ਬਾਬਾ ਸੋਹਣ ਸਿੰਘ ਭਕਨਾ

Forwarded free of Cost, and with the Compliments of Deptt of Education, Govt of India, New Delhi

गुरुकुल कांगड़ी विश्वविद्यालय

DONATION

7744

ਜਸਜੀਤ ਸਾਹਿਤ ਪ੍ਰਕਾਸ਼ਨ

ਅੰਮ੍ਰਿਤਸਰ—143104

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ਼ਦਰੀ ਬਾਬਾ ਸੋਹਣ ਸਿੰਘ ਭਕਨਾ

GHADRI BABA SOHAN SINGH BHAKNA

A biogrophy and Introduction of Bhakna Village and Janta High School:

By . Jasbir Singh Jass

© ਜਸਬੀਰ ਸਿੰਘ ਜੱਸ

ਸਰਵਰਕ : ਵ੍ਰਿਮਲ ਤਿਵਾੜੀ

1992

ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ ਦੇ ਹੁਕਮ ਨੰ: 3/27-92 ਐਡੀਟਰ (ਪ) ਮਿਤੀ 30-10-92 ਅਨੁਸਾਰ ਰਾਜ ਦੇ ਸਮੂਹ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਪੁਸਤਕਾਲਿਆਂ ਲਈ ਪ੍ਰਵਾਨ

ਪ੍ਰਕਾਸ਼ਕ : ਜਸਜੀਤ ਸਾਹਿਤ ਪ੍ਰਕਾਸ਼ਨ,
3, ਨਿਊ ਮਾਡਲ ਟਾਊਨ (ਈਸਟ),
ਡਾਕਘਰ ਰੇਅਨ ਐਂਡ ਸਿਲਕ ਮਿਲਜ਼,
ਅੰਮ੍ਰਿਤਸਰ-143104

ਛਾਪਕ ; ਸਰਦਾਰ ਪ੍ਰਿੰਟਿੰਗ ਪ੍ਰੈਸ,
ਫ਼ਿਰੋਜ਼ਦੀਨ ਰੋਡ, ਚੌਕ ਹੁਸੈਨਪੁਰਾ,
ਅੰਮ੍ਰਿਤਸਰ ।

ਮੁੱਲ : ਸਜਿਲਦ 60/- ਰੁਪਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of cost, and with the Compliments of Deptt of Education, Govt. of India, New Delhi.

पुस्तकालय

DONATION

# ਸ ਮ ਰ ਪ ਣ

ਦੇਸ਼ਭਗਤਾਂ ਅਤੇ ਸ਼ਹੀਦਾਂ ਦੀ ਯਾਦ ਨੂੰ, ਜਿਨ੍ਹਾਂ ਨੇ ਮਾਨਵੀ ਸੁਤੰਤਰਤਾ ਅਤੇ ਸਰਵ ਸਾਂਝੇ ਸਮਾਜਵਾਦ ਲਈ ਕੁਰਬਾਨੀਆਂ ਕੀਤੀਆਂ।

...ਅਤੇ ਉਨ੍ਹਾਂ ਦੇ ਵਾਰਸਾਂ ਨੂੰ, ਜਿਨ੍ਹਾਂ ਨੇ ਦੇਸ਼ਭਗਤਾਂ ਅਤੇ ਸ਼ਹੀਦਾਂ ਦੇ ਸੋਨ-ਸੁਪਨਿਆਂ ਨੂੰ ਅਜੇ ਸਾਕਾਰ ਕਰਨਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਜਸਬੀਰ ਸਿੰਘ ਜੱਸ ਦੀ ਕਲਮ ਤੋਂ

### ਬਾਲ-ਸਾਹਿਤ

—ਖ਼ਾਲਸੇ ਤੋਂ ਆਪਾ ਵਾਰ ਕੇ ]
—ਨੂਰ ਨਨਕਾਣੇ ਦਾ ] (ਕਵਿਤਾ)
—ਮੇਰੇ ਜਜ਼ਬੇ-ਮੇਰੇ ਗੀਤ ]

—ਬਚਪਨ ਦੇ ਦਿਨ ਚਾਰ (ਬਾਲਪਨ ਦੀ ਆਤਮ-ਕਥਾ)

—ਮਹਿਕਦੇ ਫੁੱਲ (ਬਾਲ-ਕਵਿਤਾਵਾਂ)

(ਇਸ ਪੁਸਤਕ ਨੂੰ ਬਾਲ-ਸਾਹਿਤ ਰਾਸ਼ਟਰੀ ਪੁਰਸਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਵਧੀਆ ਛਪਾਈ ਪੁਰਸਕਾਰ ਪ੍ਰਾਪਤ ਹੈ। ਮਗਰਲੀਆਂ ਦੋਵੇਂ ਪੁਸਤਕਾਂ ਡੀ. ਪੀ. ਆਈ. (ਸ.) ਪੰਜਾਬ ਦੇ ਹੁਕਮ ਨੰ: 3/100 (ਔਡੀਟਰ ਪੰਜਾਬੀ) ਮਿਤੀ 11-3-87 ਅਨੁਸਾਰ ਪੰਜਾਬ ਦੀਆਂ ਸਮੂਹ ਲਾਇਬਰੇਰੀਆਂ ਲਈ ਪ੍ਰਵਾਨ ਹਨ।)

—ਨੈਤਿਕ ਵਿਦਿਆ, ਚਾਰ ਭਾਗ (ਬਾਲ-ਕਹਾਣੀਆਂ)

### ਹੋਰ ਪੁਸਤਕਾਂ

—ਪੰਜਾਬੀ ਸਭਿਆਚਾਰ 'ਤੇ ਬਦੇਸ਼ੀ ਪ੍ਰਭਾਵ (ਖੋਜ ਪੁਸਤਕ)

—ਗ਼ਦਰੀ ਬਾਬਾ ਸੋਹਣ ਸਿੰਘ ਭਕਨਾ

### ਸੰਪਾਦਤ

—ਪ੍ਰਵੇਸ਼ (ਕਾਵਿ-ਕਹਾਣੀ ਪੁਸਤਕ)

—ਸ਼ਹੀਦ ਹਰੀ ਕਿਸ਼ਨ ਤਲਵਾੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇਸ ਲਿਖਤ ਬਾਰੇ

ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਿਵਰਾਮ ਵਰਮਾ ਨੇ ਇਕ ਵਾਰ ਕਿਹਾ ਸੀ, "ਦੇਸ਼ ਖਾਤਰ ਸੂਲੀ ਚੜ੍ਹਨ ਵਾਲੇ ਆਜ਼ਾਦੀ-ਮਹੱਲ ਦੇ ਮੁੱਖ ਦਰਵਾਜ਼ਿਆਂ 'ਤੇ ਜੜੇ ਹੀਰੇ ਹਨ। ਉਹ ਉਸ ਦੀ ਸ਼ੋਭਾ ਵਧਾ ਸਕਦੇ ਹਨ, ਪਰ ਉਸਦਾ ਬੋਝ ਆਪਣੇ ਮੋਢਿਆਂ 'ਤੇ ਨਹੀਂ ਚੁੱਕ ਸਕਦੇ। ਇਹ ਕੰਮ ਤਾਂ ਨੀਂਹ ਪੱਥਰਾਂ ਦਾ ਹੁੰਦਾ ਹੈ।"

ਏਸੇ ਤਰ੍ਹਾਂ ਆਇਰਲੈਂਡ ਦੇ ਪ੍ਰਸਿੱਧ ਸ਼ਹੀਦ ਮੈਕਸਵਿਨੇ ਦਾ ਕਥਨ ਹੈ, "ਕਿਸੇ ਇਕ ਆਦਰਸ਼ ਖਾਤਰ ਕੁਰਬਾਨ ਹੋਣ ਵਾਲਾ ਮਹਾਨ ਹੈ ਪਰ ਉਹ ਸੰਗਰਾਮੀਆ ਉਸ ਤੋਂ ਵੀ ਮਹਾਨ ਹੁੰਦਾ ਹੈ, ਜੋ ਸਾਰਾ ਜੀਵਨ ਕਿਸੇ ਆਦਰਸ਼ ਲਈ ਆਪਾ ਗਾਲਦਾ ਹੈ। ਮਰਨ ਵਾਲਾ ਤਿਆਗ ਦੇ ਪੱਧਰ ਨੂੰ ਇਕ ਵਾਰ ਛੂਹਦਾ ਹੈ, ਜਦ ਕਿ ਜੀਉਂਦਾ ਇਨਕਲਾਬੀ ਜੀਵਨ ਦਾ ਹਰੇਕ ਪਲ ਇਸੇ ਪੱਧਰ 'ਤੇ ਜੀਉ ਰਿਹਾ ਹੁੰਦਾ ਹੈ।"

ਅਤੇ ਇਨ੍ਹਾਂ ਕਥਨਾਂ ਦੀ ਰੌਸ਼ਨੀ ਵਿਚ ਮਹਾਨ ਦੇਸ਼ਭਗਤ ਬਾਬਾ ਸੋਹਣ ਸਿੰਘ ਭਕਨਾ ਭਾਰਤੀ ਆਜ਼ਾਦੀ-ਮਹੱਲ ਦੇ ਗਿਣੇ ਚੁਣੇ ਉਨ੍ਹਾਂ ਨੀਂਹ ਪੱਥਰਾਂ 'ਚੋਂ ਹਨ; ਜਿਨ੍ਹਾਂ ਨੇ ਆਪਣੀ ਸੌ ਸਾਲ ਨੂੰ ਢੁਕੀ ਜ਼ਿੰਦਗੀ ਦਾ ਵੱਡਾ ਹਿੱਸਾ ਸੁਤੰਤਰਤਾ ਸੰਗਰਾਮ ਅਤੇ ਜਨਤਾ ਦੀ ਸੇਵਾ ਵਿਚ ਲਾਇਆ। ਗ਼ਦਰ ਪਾਰਟੀ ਦੇ ਬਾਨੀ ਅਤੇ ਸਿਰੜੀ ਸੰਗਰਾਮੀਏ ਨੇ ਆਪਣੇ ਜੀਵਨ ਦੇ 26 ਵਰ੍ਹੇ ਆਪਣੀ ਅਤੇ ਬੇਗਾਨੀ ਸਰਕਾਰ ਦੀਆਂ ਜੇਲ੍ਹਾਂ ਵਿਚ ਕੱਟੇ। ਲਾਲ ਕਿਲੇ 'ਤੇ ਤਿਰੰਗਾ ਝੁਲਣ ਤੋਂ ਬਾਅਦ ਵੀ ਚੈਨ ਦੀ ਨੀਂਦ ਨਹੀਂ ਮਾਣੀ ਕਿਉਂਕਿ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਮਨਚਾਹੀ ਆਜ਼ਾਦੀ ਹਾਲੇ ਨਹੀਂ ਸੀ ਆਈ। ਉਹ ਆਪਣੀ ਉਮਰ ਦੀ ਆਖ਼ਰੀ ਘੜੀ ਤਕ ਸਮਾਜਵਾਦ ਦੀ ਸ਼ੁਭ ਸਵੇਰ ਲਈ ਘੁਲਦੇ ਅਤੇ ਉਡੀਕਦੇ ਅਤੀਤ ਦੇ ਹਨੇਰੇ ਵਿਚ ਗੁਆਚ ਗਏ। ਦੇਸ਼ਭਗਤੀ ਬਦਲੇ ਕੋਈ ਸਹੂਲਤ ਅਤੇ ਪੈਨਸ਼ਨ ਪ੍ਰਵਾਨ ਨਾ ਕੀਤੀ। ਉਨ੍ਹਾਂ ਦੇ ਅੰਤਮ-ਦਰਸ਼ਨ ਸਮੇਂ ਕਿਸੇ ਕਵੀ ਨੇ ਭਾਵ-ਭਿੰਨੇ ਸ਼ਬਦਾਂ ਵਿਚ ਕਿਹਾ ਸੀ :

ਇਹ ਜੋ ਵਤਨ-ਆਜ਼ਾਦੀ ਦੀ ਲਾਟ ਬਲਦੀ,
ਚਰਬੀ ਇਨ੍ਹਾਂ ਬਜ਼ੁਰਗਾਂ ਦੀ ਜਾਪਦੀ ਏ।

ਦੇਸ਼ ਅਤੇ ਜਨਤਾ ਲਈ ਘੁਲ ਘੁਲ ਮਰਨ ਵਾਲੇ ਇਸ ਦੇਸ਼ਭਗਤ ਨੂੰ ਪ੍ਰਿੰਸੀਪਲ ਸੁਜਾਨ ਸਿੰਘ ਨੇ 'ਜ਼ਿੰਦਾ ਸ਼ਹੀਦ' ਕਹਿ ਕੇ ਵਡਿਆਇਆ ਸੀ।

ਬਾਬਾ ਜੀ ਦਾ ਮੁੱਢਲਾ ਜੀਵਨ ਭਟਕੇ ਹੋਏ ਨੌਜਵਾਨ ਦਾ ਜੀਵਨ ਸੀ। ਬਾਬੇ ਕੇਸਰ ਜਿਹੇ ਮਹਾਂਪੁਰਸ਼ ਦੀ ਸੰਗਤ ਨਾਲ ਉਨ੍ਹਾਂ ਨੇ ਆਪਣੇ ਜੀਵਨ ਦੀ ਕਾਇਆ ਕਲਪ ਕਰ ਵਿਖਾਈ। ਇਹ ਕ੍ਰਿਸ਼ਮਾ ਨਵੀਂ ਨਸਲ ਲਈ ਵਧੀਆ ਪਰੇਰਨਾ ਸਿੱਧ ਹੋ ਸਕਦਾ ਹੈ। ਅਮਰੀਕਾ ਜਾ ਕੇ 'ਗ਼ਦਰ ਪਾਰਟੀ' ਦਾ ਗਠਨ ਅਤੇ ਇਨਕਲਾਬੀ ਹੱਲਾ, ਗ਼ਦਰੀਆਂ ਦੀ ਭਾਰਤੀ ਆਜ਼ਾਦੀ ਨੂੰ ਨਿੱਗਰ ਦੇਣ ਹੈ, ਜਿਸਨੇ ਆਜ਼ਾਦੀ ਦੀ ਸਵੇਰ ਨੂੰ ਨੇੜੇ ਲਿਆਂਦਾ। ਕਿੰਨੀ ਤਰਾਸਦੀ ਹੈ ਕਿ ਗ਼ਦਰੀ-ਭਾਵਨਾ ਨਾਲ ਰੰਗੇ ਹੋਏ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ ਵਾਲੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਉਸ ਸਮੇਂ ਅਕਾਲ ਤਖ਼ਤ ਤੋਂ; ਕੁਰਾਹੀਏ ਅਤੇ ਅਸਿੱਖ ਕਰਾਰ ਦਿੱਤਾ ਗਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਦੇ ਪਹਿਲੇ ਭਾਗ ਵਿਚ ਬਾਬਾ ਜੀ ਦੀ ਜੀਵਨ-ਯਾਤਰਾ ਦਾ ਸੰਖੇਪ ਉਲੇਖ ਕੀਤਾ ਗਿਆ ਹੈ, ਜੋ ਕਿ ਬਾਬਾ ਜੀ ਦੀ ਆਪਣੀ ਆਤਮ-ਕਥਾ ਅਤੇ ਕੁਝ ਹੋਰ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਮੁਕੰਮਲ ਕੀਤਾ ਗਿਆ, ਜਦ ਕਿ 'ਜੀਵਨ-ਰਿਸ਼ਮਾਂ' ਦੇ ਦੂਸਰੇ ਭਾਗ ਵਿਚ ਲੋਕ-ਹਿਰਦਿਆਂ ਵਿਚ ਪਈਆਂ ਕੁਝ ਯਾਦਾਂ ਅਤੇ ਘਟਨਾਵਾਂ ਨੂੰ ਰੂਪਮਾਨ ਕੀਤਾ ਗਿਆ ਹੈ। ਇਨ੍ਹਾਂ ਵਿਚ ਆਏ ਬਾਬਾ ਜੀ ਦੇ ਮਿਕਨਾਤੀਸੀ ਬੋਲ ਅਤੇ ਅਮਲ, ਉਨ੍ਹਾਂ ਦੀ ਸ਼ਖ਼ਸੀਅਤ ਨੂੰ ਉਭਾਰਦੇ ਅਤੇ ਨਿਖਾਰਦੇ ਹਨ।

ਜਨਤਾ ਹਾਈ ਸਕੂਲ ਭਕਨਾ ਬਾਬਾ ਜੀ ਦੇ ਜਨਤਕ ਕਾਰਜ ਦੀ ਪ੍ਰਮੁੱਖ ਦੇਣ ਹੈ। ਇਸ ਪੁਸਤਕ ਦੇ ਤੀਸਰੇ ਭਾਗ ਵਿਚ ਇਸੇ ਸਕੂਲ ਦੇ ਅਲਿਖਤ ਇਤਿਹਾਸ ਨੂੰ, ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਚੌਥੇ ਵਿਚ ਭਕਨਾ ਪਿੰਡ ਦੀਆਂ ਇਤਿਹਾਸਕ ਪੈੜਾਂ ਉਘਾੜਨ ਦਾ ਉਪਰਾਲਾ ਕੀਤਾ ਗਿਆ ਹੈ। ਬਾਬਾ ਗੁੱਜਰ ਸਿੰਘ ਭਕਨਾ ਵੀ ਇਸੇ ਪਿੰਡ ਦੇ ਉੱਘੇ ਗ਼ਦਰੀ ਦੇਸ਼ਭਗਤ ਹੋਏ ਹਨ।

ਇਨ੍ਹਾਂ ਸਤਰਾਂ ਦੇ ਲੇਖਕ ਨੂੰ ਵਿਦਿਆਰਥੀ-ਜੀਵਨ ਵਿਚ ਬਾਬਾ ਸੋਹਣ ਸਿੰਘ ਭਕਨਾ ਦੇ ਸਥਾਪਤ ਸਕੂਲ ਵਿਚ ਪੜ੍ਹਨ ਅਤੇ ਉਨ੍ਹਾਂ ਦੇ ਦਰਸ਼ਨ ਦਾ ਸੁਭਾਗ ਮਿਲਿਆ ਹੈ। ਹੱਥਲੀ ਲਿਖਤ ਦਾ ਖਰੜਾ ਕਈ ਸਾਲਾਂ ਤੋਂ ਮੇਰੇ ਕੋਲ ਪਿਆ ਸੀ। ਭਾਸ਼ਾ ਵਿਭਾਗ ਨੇ ਅੰਸ਼ਕ ਸਹਾਇਤਾ ਦੇ ਕੇ ਇਸਦੇ ਪ੍ਰਕਾਸ਼ਨ ਦੀ ਪਰੇਰਨਾ ਦਿੱਤੀ। ਏਨੀ ਮਹਿੰਗਾਈ ਵਿਚ ਦੋ ਹਜ਼ਾਰ ਰੁਪਏ ਦੀ ਮਦਦ ਮਸਾਂ ਜਿਲਦਾਂ ਲਵਾਉਣ ਜੋਗੀ ਹੈ, ਫਿਰ ਵੀ ਵਿਭਾਗ ਦਾ ਧੰਨਵਾਦ ਕਰਨਾ ਬਣਦਾ ਹੈ ਕਿਉਂਕਿ ਇਸਦੇ ਉਤਸ਼ਾਹ ਨਾਲ ਹੀ ਪੁਸਤਕ-ਕਾਰਜ ਆਰੰਭਣ ਅਤੇ ਨੇਪਰੇ ਚਾੜ੍ਹਨ ਦਾ ਸਬੱਬ ਬਣਿਆ।

ਪੁਸਤਕ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਵੀ ਅਨੇਕ ਸ਼ਖ਼ਸੀਅਤਾਂ ਦਾ ਹੱਥ ਹੈ। ਕੁਝ ਇਕ ਦਾ ਉਲੇਖ ਅੰਤਿਕਾ ਵਿਚ ਕਰ ਦਿੱਤਾ ਗਿਆ ਹੈ। ਆਪਣੀ ਜੀਵਨ-ਸਾਥਣ ਅਜੀਤ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ, ਜਿਸਨੇ ਮੈਨੂੰ ਪੁਸਤਕ-ਕਾਰਜ ਦੀ ਲਗਨ ਵਿਚ ਮਗਨ ਰਹਿਣ ਦਾ ਅਵਸਰ ਅਤੇ ਪ੍ਰੇਰਨਾ ਪ੍ਰਦਾਨ ਕੀਤੀ। ਕਿਤਾਬ ਵਿਚ ਨਵੀਨਤਮ ਤੱਥ/ਤਸਵੀਰਾਂ ਦੇਣ ਦੀ ਮਨਸ਼ਾ ਨਾਲ ਦਿਨ ਰਾਤ ਘੁੰਮਦੇ ਰਹਿਣਾ ਪਿਆ। ਸ: ਜਸਬੀਰ ਸਿੰਘ, ਮਾਲਕ (ਸਮੇਤ ਸਟਾਫ਼) ਸਰਦਾਰ ਪ੍ਰਿੰਟਿੰਗ ਪ੍ਰੈਸ ਦਾ ਉਚੇਚਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਨਿੱਤ-ਦਿਨ ਮੈਟਰ ਅਤੇ ਅੰਕੜਿਆਂ ਦੀ ਤੋੜ-ਭੰਨ ਕਰਾਉਂਦਿਆਂ ਮੱਥੇ ਵੱਟ ਤਕ ਨਹੀਂ ਪਾਇਆ ਸਗੋਂ ਮੁਸਕਰਾਉਂਦਿਆਂ ਹੋਇਆਂ ਪੁਸਤਕ-ਕਾਰਜ ਨਿਪਟਾਇਆ। ਇਹ ਪੁਸਤਕ ਮਹਾਨ ਦੇਸ਼ਭਗਤ ਦੀ ਕੁਰਬਾਨੀ ਨੂੰ ਉਭਾਰਨ ਅਤੇ ਉਸਦੇ ਵਾਰਸਾਂ ਨੂੰ ਜਾਗਰੂਕ ਕਰਨ ਦਾ ਨਿਮਾਣਾ ਜਿਹਾ ਯਤਨ ਹੈ। ਆਉਣ ਵਾਲੇ ਸੁਝਾਵਾਂ ਦਾ ਖਿੜੇ ਮੱਥੇ ਸਵਾਗਤ ਕਰਾਂਗਾ। ਪੁਸਤਕ ਵਿਚ ਰਹੀਆਂ ਉਕਾਈਆਂ ਅਤੇ ਭੁੱਲਾਂ ਦੀ ਪਹਿਲਾਂ ਹੀ ਖਿਮਾ ਮੰਗਦਾ ਹਾਂ ਕਿਉਂਕਿ ਪੁਰਾਣੀਆਂ ਅਤੇ ਅਲਿਖਤ ਸੂਚਨਾਵਾਂ ਨੂੰ ਇਕੱਠੇ ਕਰਨ ਲੱਗਿਆਂ ਗ਼ਲਤੀਆਂ ਰਹਿ ਜਾਣੀਆਂ ਸੁਭਾਵਕ ਹਨ।

ਅੰਮ੍ਰਿਤਸਰ, 27 ਨਵੰਬਰ, 1991

ਜਸਬੀਰ ਸਿੰਘ ਜੱਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੁਸਤਕ ਦੀ ਤਰਤੀਬ

## 1. ਜੀਵਨ ਦਰਸ਼ਨ (ਜਨਮ ਤੋਂ ਅੰਤਮ ਸਵਾਸਾਂ ਤਕ) 9—48

ਜਨਮ ਅਤੇ ਬਚਪਨ/10, ਤਕੜੇ ਹੋਣ ਦੀ ਪ੍ਰੇਰਨਾ/12, ਭੈੜੀ ਸੁਹਬਤ ਵਿਚ/12, ਬਾਬੇ ਕੇਸਰ ਨਾਲ ਮਿਲਾਪ/13, ਪੁੰਨ-ਕਮਾਈ ਵੇਚਣੋਂ ਇਨਕਾਰ/15, ਪਾਦਰੀ ਦਾ ਚੋਗਾ/15 ਅਮਰੀਕਾ ਦੀ ਤਿਆਰੀ/16, ਅਮਰੀਕਾ ਵਿਚ ਪਹੁੰਚ/17, ਹਿੰਦੀ ਬ੍ਰਦਰਜ਼ ਦੀ ਸਥਾਪਨਾ/17, ਭਾਰਤੀ ਕਿਰਤੀਆਂ ਤੇ ਜ਼ੁਲਮ/18, ਹਿੰਦੀਆਂ ਦੀ ਦੁਰਗੱਤ/19, ਹੋਟਲ ਵਿਚ ਬੇਕਦਰੀ/19, ਕੰਮ ਦੇ ਬਦਲੇ ਬੰਦੂਕ/19, ਭਾਰਤੀ ਝੰਡੇ ਬਾਰੇ ਪ੍ਰਸ਼ਨ/21, ਗ਼ਦਰ ਲਹਿਰ ਦਾ ਮੁੱਢ/20, ਇਨਕਲਾਬ ਦੀ ਤਿਆਰੀ/22, ਟੁੰਡੀਲਾਟ ਕਿਵੇਂ ਅਖਵਾਏ/23, ਕਾਮਾਗਾਟਾਮਾਰੂ ਦਾ ਦੁਖਾਂਤ/23, ਗ਼ਦਰ ਲਈ ਵਤਨ ਵਾਪਸੀ/24, ਬਾਬਾ ਭਕਨਾ ਦੀ ਗ੍ਰਿਫ਼ਤਾਰੀ/25, ਗ਼ਦਰ ਅੰਦੋਲਨ ਦਾ ਐਲਾਨ/26, ਬਾਬਾ ਮੁਲਤਾਨ ਜੇਲ੍ਹ ਵਿਚ/27, ਪੰਜਾਬ ਦੀ ਲਕੀਰ/27, ਅਦਾਲਤ ਕਿ ਬੁੱਚੜਖ਼ਾਨਾ/28, ਫ਼ਾਂਸੀ ਵਾਲੀ ਰਾਤ/29, ਕਾਲੇ ਪਾਣੀ ਦੀ ਜੇਲ੍ਹ/30, ਗ਼ਦਰੀ ਭਾਨ ਸਿੰਘ ਨੂੰ ਸਜ਼ਾ/30, ਫਿਰ ਕੰਮ ਦੀ ਹੜਤਾਲ/31, ਭੁੱਖ ਹੜਤਾਲ/31, ਬੱਚਿਆਂ ਦੇ ਉਸਤਾਦ/32, ਕਾਲੇ ਪਾਣੀ ਤੋਂ ਮਦਰਾਸ ਜੇਲ੍ਹ/32, ਭੁੱਖੇ ਬੱਚਿਆਂ ਲਈ ਰੋਟੀ ਦੀ ਚੋਰੀ/33, ਯਰਵਾਦਾ ਜੇਲ੍ਹ/33, ਸੈਂਟਰਲ ਜੇਲ੍ਹ ਲਾਹੌਰ ਵਿਚ/34, ਭਗਤ ਸਿੰਘ ਨਾਲ ਮਿਲਾਪ/35, ਉਮਰ ਕੈਦ ਤੋਂ ਵਾਧੂ ਕੈਦ/35, ਭੁੱਖ ਹੜਤਾਲ/36, ਲਾਹੌਰ ਤੋਂ ਪਿੰਡ ਤਕ ਸਵਾਗਤ/36, ਕੁੜੀਆਂ ਦਾ ਸਕੂਲ/36, ਕਿਰਤੀ ਕਿਸਾਨ ਆਸ਼ਰਮ/37, ਯਾਦਗਾਰੀ ਖਰਬੂਜੇ/38, ਗੰਨਿਆਂ ਦੀ ਭਰਪੂਰ ਫ਼ਸਲ/39, ਆੜੂਆਂ ਦਾ ਬਾਗ਼/39, ਪੰਜਾਬ ਕਿਸਾਨ ਸਭਾ ਦੇ ਪ੍ਰਧਾਨ/40, ਸ਼੍ਰੋਮਣੀ ਕਮੇਟੀ ਦੇ ਸਾਲਸ/40, ਪ੍ਰਧਾਨ ਸਰਵ ਭਾਰਤ ਕਿਸਾਨ ਸਭਾ/40, ਬੀਬੀਆਂ ਦਾ ਕੀਰਤਨੀ ਜਥਾ/41, ਮੌਕੇ ਸਿਰ ਰਿਹਾਈ/41, ਜਲ੍ਹਿਆਂ ਵਾਲੇ ਵਿਚ ਭੁੱਖ ਹੜਤਾਲ/42, ਵੰਡ ਦੇ ਫ਼ਸਾਦ/42; ਜ਼ੁਲਮ ਦਾ ਕਹਿਰ/43; ਆਪਣੀ ਸਰਕਾਰ ਦੀ ਕੈਦ/43; ਕੌਮੀ ਹਕੂਮਤ ਦੀ ਮੋਹਰ ਛਾਪ/44, ਜਨਤਾ ਸਕੂਲ ਦੀ ਸਥਾਪਨਾ/44, ਦੇਸ਼ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ/44, ਵਿਧਾਨ ਸਭਾ ਦੇ ਉਮੀਦਵਾਰ/45, ਨਹਿਰੂ ਨਾਲ ਦੇਸ਼-ਭਗਤ ਮਿਲਣੀ/48, ਜਨਤਾ ਵਿਚ ਜੀਣ ਦਾ ਚਾਅ/48, ਜਨਤਾ ਵਾਰਡ ਨੂੰ ਪਹਿਲ/46, ਦੁੱਧ ਪੀਣੋਂ ਇਨਕਾਰ/46, ਜਨਤਾ ਵਿਚ ਮਰਨ/47,

## 2. ਜੀਵਨ ਰਿਸ਼ਮਾਂ (ਵਿਕੋਲਿਤਰੀਆਂ ਯਾਦਾਂ ਤੇ ਵਿਚਾਰ) 49—58

ਜੀਵਨ ਦਾ ਮੁਲਅੰਕਣ/49, ਗੁਲਾਮੀ ਦੀ ਚੀਸ/50, ਇੱਜ਼ਤ ਭਰੀ ਪੀੜ/50, ਕਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਕੀਮਤ/51, ਬੀਬੀ ਵੀਰਾਂ ਦੀ ਸ਼ਾਦੀ/51, ਮੈਂ ਅੱਜ ਕਾਅਬੇ ਆਇਆਂ/52, ਮਜ਼ਦੂਰ ਦੀ ਮਜਦੂਰੀ/53, ਨੌਕਰ ਨਹੀਂ ਮਾਲਕ ਬਣ ਕੇ/53, ਸੱਚ ਕਹਿਣ ਦਾ ਇਨਾਮ/53, ਆਜ਼ਾਦੀ ਜਾਨਾਂ ਦੇ ਕੇ ਲਈ/54, ਨਹਿਰੂ ਸਾਡਾ ਆਪਣਾ ਸੀ/54; ਅਹੁ ਨੇ ਮੇਰੇ ਤਿੰਨ ਸੌ ਬੱਚੇ/55, ਅਸੀਂ ਤਰਸਦੇ ਮਰ ਚੱਲੇ/55, ਲੋਹੜੀ ਵਿਚ ਮੱਝ ਦੇ ਦਿਉ/55, ਲੋਕਾਂ ਜਿਹੀਆਂ ਝੁੱਗੀਆਂ 'ਚ ਰਹਿਣਾ/56, ਬਿਨਾਂ ਘੋੜੀਓਂ ਜੰਝ/56, ਦੇਸ਼ਭਗਤੀ ਦੀ ਕਸੌਟੀ/57; ਕਾਹਦੀ ਦੇਸ਼-ਭਗਤੀ ਏ/57, ਸਰਾਭੇ ਦੀ ਬਰਸੀ ਦਾ ਸੱਲ/57; ਕਹਿਣੀ ਕਰਨੀ ਦੀ ਇਕਸੁਰਤਾ/58

## 3. ਜਨਤਾ ਹਾਈ ਸਕੂਲ (ਜਨਮ ਅਤੇ ਵਿਕਾਸ) 59—80

ਹਾਈ ਸਕੂਲ ਖੋਲ੍ਹਣ ਦੀ ਯੋਜਨਾ/61, ਜਨਤਾ ਸਕੂਲ ਦਾ ਨੀਂਹ ਪੱਥਰ/62, ਹਿਸਾਬ ਤੇ ਉੱਨਤੀ ਰਿਪੋਰਟਾਂ/64, ਸਕੂਲ ਤੀਰਥ ਦਾ ਸਰੂਪ/65, ਸਕੂਲ ਨੂੰ ਚਲਾਉਣ ਦੇ ਉਪਰਾਲੇ/66, ਖਾਸਾ ਮਿਡਲ ਸਕੂਲ ਬਣਿਆ/66, ਬਾਬੇ ਦੀ ਸੰਤਾਨ/67, ਗੰਨੇ ਨਾ ਤੋੜਨ ਦਾ ਇਨਾਮ/68, ਸੰਤਰਿਆਂ ਤੇ ਮਾਲਟਿਆਂ ਦਾ ਬਾਗ਼/68, ਸ਼ਹਿਤੂਤ ਤੇ ਰੇਸ਼ਮ ਦੇ ਕੀੜੇ/68, ਸਕੂਲ ਦਾ ਬੈਂਡ-ਵਾਜਾ/69, ਨਮੂਨੇ ਦਾ ਸਕੂਲ/69, ਚੰਦਨਾਂ ਦਾ ਵਿਹੜਾ/69, ਸਕੂਲ ਸਰਕਾਰੀ ਹੋ ਗਿਆ/70, ਸੁਚੱਜੀ ਅਗਵਾਈ ਦਾ ਸੁਭਾਗ/71, ਹੈਡਮਾਸਟਰ ਸੁਜਾਨ ਸਿੰਘ/71, ਪਾਂਧੀ ਸਤਿਨਾਮ ਸਿੰਘ/73, ਡਰਾਇੰਗ ਮਾਸਟਰ ਜਰਨੈਲ ਸਿੰਘ ਵਿਲਖੂ/76, ਹੋਰ ਅਧਿਆਪਕ ਸ਼ਖ਼ਸੀਅਤਾਂ/77, ਗੌਰਵਮਈ ਪ੍ਰਾਪਤੀਆਂ/79, ਯਾਦਗਾਰ ਅਤੇ ਸਮਾਧ/79, ਬਾਬਾ ਜੀ ਦੇ ਨਾਂ ਦੀ ਖ਼ੁਸ਼ਬੂ/80, ਸਕੂਲ ਦੇ ਨਾਂ ਦਾ ਬੋਰਡ/80

## 4. ਪਿੰਡ ਭਕਨੇ ਦਾ ਇਤਿਹਾਸਕ ਵਿਕਾਸ 81—94

ਪਿੰਡ ਦੀ ਸਥਿਤੀ/81, ਇਤਿਹਾਸਕ ਪਿਛੋਕੜ/82; ਬਾਬਾ ਗੁੱਜਰ ਸਿੰਘ ਭਕਨਾ/83, ਬਾਬਾ ਜੀ ਨੇ 'ਬੰਬ' ਚਲਾਇਆ/84, ਤਾਲਾਬ ਦੀ ਨਿਸ਼ਾਨੀ/87, ਚੌਕ ਬਾਬਾ ਸੋਹਣ ਸਿੰਘ ਭਕਨਾ/87; ਯਾਦਗਾਰੀ ਅਰਾਮ ਘਰ/88; ਬਾਬਾ ਸੋਹਣ ਸਿੰਘ ਭਕਨਾ ਲਾਇਬਰੇਰੀ ਭਵਨ/88; ਬਾਬਾ ਸੋਹਣ ਸਿੰਘ ਭਕਨਾ ਯਾਦਗਾਰੀ ਕਮੇਟੀ/90; ਨਵ-ਰੂਪ ਸਾਹਿਤ ਮੰਚ ਭਕਨਾ ਕਲਾਂ/91; 25 ਬਿਸਤਰਿਆਂ ਦਾ ਹਸਪਤਾਲ/91, ਫੁਟਕਲ-ਸਹੂਲਤਾਂ ਅਤੇ ਜ਼ਰੂਰਤਾਂ/92, ਬਾਬਾ ਸੋਹਣ ਸਿੰਘ ਭਕਨਾ ਮਾਰਗ/93, ਚਰਚਿੱਤ ਵਿਅਕਤੀ/93, ਚੌਕ ਬਾਬਾ ਗੁੱਜਰ ਸਿੰਘ ਭਕਨਾ/94, ਜੀਅ ਜੀਅ ਦੀ ਕਾਮਨਾ/94

## 5. ਅੰਤਿਕਾ (ਫੁਟਕਲ ਜਾਣਕਾਰੀ/ਲਿਖਤਾਂ) 95—100

ਸਹਾਇਕ ਪੁਸਤਕ ਸੂਚੀ/95, ਬਾਬਾ ਜੀ ਦੀਆਂ ਲਿਖਤਾਂ/95; ਅਨਮੋਲ ਵਚਨ/96; ਸਹਾਇਤਾ ਲਈ ਧੰਨਵਾਦ/97, ਦਰਦੀਆਂ ਦੇ ਦਰਦੀਆਂ/98; ਪਿੰਡ ਭਕਨੇ ਦਾ ਨੂਰ ਜਿਹਾ/99.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜੀਵਨ ਦਰਸ਼ਨ

ਮਾਨਵ-ਕਲਿਆਣ ਲਈ ਸਮਰਪਤ, ਕੁਰਬਾਨੀ ਅਤੇ ਘਾਲਣਾ ਦੇ ਪੁੰਜ ਸ਼ਹੀਦਾਂ ਅਤੇ ਦੇਸ਼ਭਗਤਾਂ ਨੂੰ ਇਤਿਹਾਸ ਦੇ ਗਗਨ-ਮੰਡਲ ਵਿਚ ਗੌਰਵਸ਼ੀਲ ਸਥਾਨ ਪ੍ਰਾਪਤ ਹੈ। ਤਾਰਿਆਂ, ਧਰੂ-ਤਾਰਿਆਂ, ਚੰਦਰਮਿਆਂ ਤੇ ਕਿਤੇ ਸੂਰਜਾਂ ਦੀ ਨਿਆਈਂ ਚਮਕ ਰਹੇ ਇਹ ਅਨਮੋਲ ਹੀਰੇ, ਆਪਣੀ ਕੌਮ ਸਮੇਤ ਕੁਲ ਮਾਨਵਤਾ ਲਈ ਚਾਨਣ-ਮੁਨਾਰਿਆਂ ਦੇ ਪ੍ਰਤੀਕ ਹਨ। ਸ਼ਹੀਦਾਂ ਦੀ ਮੌਤ ਨੂੰ ਤਾਂ ਕਿਸੇ ਕੌਮ ਦੀ ਜ਼ਿੰਦਗੀ ਨਾਲ ਤੁਲਨਾਇਆ ਗਿਆ ਹੈ :—

ਸ਼ਹੀਦ ਕੀ ਜੋ ਮੌਤ ਹੈ,
ਵੋ ਕੌਮ ਕੀ ਹਾਯਾਤ ਹੈ।

ਭਾਰਤ ਦਾ ਸੁਤੰਤਰਤਾ ਸੰਗਰਾਮ ਵੀ ਸ਼ਹੀਦਾਂ ਤੇ ਦੇਸ਼ਭਗਤਾਂ ਦਾ ਇਤਿਹਾਸ ਹੈ, ਜਿਸ ਵਿਚ ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਰਾਮ ਪ੍ਰਸਾਦ ਬਿਸਮਿਲ, ਚੰਦਰ ਸ਼ੇਖਰ ਆਜ਼ਾਦ ਵਰਗੇ ਸ਼ਹੀਦ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ, ਬਾਬਾ ਸੋਹਣ ਸਿੰਘ ਭਕਨਾ, ਮਹਾਤਮਾ ਗਾਂਧੀ ਵਰਗੇ ਦੇਸ਼-ਭਗਤ ਸੁਨਿਹਰੀ ਅੱਖਰਾਂ ਨਾਲ ਉੱਕਰੇ ਪਏ ਹਨ।

ਦੂਸਰੇ ਸ਼ਬਦਾਂ ਵਿਚ ਅੰਗਰੇਜ਼ੀ ਸਾਮਰਾਜ ਦੇ ਬੇੜੇ ਨੂੰ ਪਰ੍ਹਾਂ ਕੱਢਣ ਲਈ ਹਿੰਦ ਦੇ ਇਸ ਮਹਾਂ-ਸਾਗਰ ਵਿਚ ਕਈ ਲਹਿਰਾਂ ਤੇ ਤੂਫ਼ਾਨ ਉਠੇ, ਜਿਨ੍ਹਾਂ ਵਿਚ ਕੂਕਾ ਲਹਿਰ, ਗ਼ਦਰ ਲਹਿਰ, ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ ਅਤੇ ਕਾਂਗਰਸ ਲਹਿਰ ਸਮੇਤ ਆਜ਼ਾਦ ਹਿੰਦ ਫ਼ੌਜ ਦਾ ਠਾਠਾਂ ਮਾਰਦਾ, ਰੋਹ ਸਾਗਰ ਨਜ਼ਰ ਆਉਂਦਾ ਹੈ।

ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਬਾਨੀ ਪ੍ਰਧਾਨ ਗ਼ਦਰ ਪਾਰਟੀ, ਆਜ਼ਾਦੀ-ਸੰਗਰਾਮ ਦੇ ਉਨ੍ਹਾਂ ਬਹਾਦਰ ਜਰਨੈਲਾਂ ਵਿਚੋਂ ਸਨ, ਜੋ ਬਦੇਸ਼ੀਂ ਵਸਦੇ ਭਾਰਤੀ ਕਿਰਤੀਆਂ ਦੀ ਆਤਮ-ਪੀੜਾ ਨਾਲ ਉਤਪੰਨ ਹੋਈ। ਉਹ ਗ਼ਦਰ-ਪਾਰਟੀ, ਜੋ ਬਾਹਰਲੇ ਦੇਸ਼ਾਂ ਤੋਂ ਕਮਰਕੱਸੇ ਕਰਕੇ ਭਾਰਤ 'ਤੇ ਰਾਜ ਕਰ ਰਹੀ ਗੋਰਾਸ਼ਾਹੀ ਨੂੰ ਹਥਿਆਰ-ਬੰਦ ਇਨਕਲਾਬ ਨਾਲ ਬਾਹਰ ਕੱਢਣ ਆਈ। ਇਸ ਗ਼ਦਰ ਪਾਰਟੀ ਨੇ 1857 ਦੇ ਗ਼ਦਰ ਦੀ ਬੁਝੀ ਹੋਈ ਮਿਸ਼ਾਲ ਨੂੰ ਪੁਨਰ-ਜੀਵਤ ਕੀਤਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ਼ਦਰ ਪਾਰਟੀ ਕਿਰਤੀ-ਕਿਸਾਨਾਂ ਦੀ ਉਹ ਜਥੇਬੰਦੀ ਸੀ, ਜਿਹੜੀ ਸੱਚੇ ਸਮਾਜਵਾਦ ਅਤੇ ਸੁਥਰੇ ਪੰਚਾਇਤੀ ਰਾਜ ਦਾ ਸੁਪਨਾ ਫੜ ਕੇ ਆਜ਼ਾਦੀ ਦੇ ਪਿੜ ਵਿਚ ਉਤਰੀ ਸੀ। ਆਪਣੇ ਮਿਸ਼ਨ ਵਿਚ ਪੂਰਨ ਸਫਲ ਨਾ ਹੋਣ ਦੇ ਬਾਵਜੂਦ ਇਹ ਲਹਿਰ ਗੋਰਾਸ਼ਾਹੀ ਦੇ ਥੰਮ ਨੂੰ ਤਕੜਾ ਹਲੂਣਾ ਸਾਬਤ ਹੋਈ ਅਤੇ ਇਸਨੇ ਆਪਣੇ ਤੋਂ ਬਾਅਦ ਕਈ ਆਜ਼ਾਦੀ-ਲਹਿਰਾਂ ਦੀਆਂ ਕਈ ਸੰਭਾਵਨਾਵਾਂ ਨੂੰ ਜਨਮ ਦਿੱਤਾ।

ਗ਼ਦਰ ਪਾਰਟੀ ਤੋਂ ਬਾਅਦ ਇਕ ਹੋਰ ਲਾਟ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਆਜ਼ਾਦ ਹਿੰਦ ਸੈਨਾ ਦੇ ਰੂਪ ਵਿਚ ਪ੍ਰਗਟ ਹੋਈ, ਜਿਸਨੇ ਜਰਮਨ-ਜਪਾਨ ਦੀ ਸਹਾਇਤਾ ਨਾਲ ਹਥਿਆਰ-ਬੰਦ ਹੋ ਕੇ ਲਾਲ ਕਿਲੇ 'ਤੇ ਸਵਦੇਸ਼ੀ ਤਿਰੰਗਾ ਝੁਲਾਉਣ ਲਈ ਆਪਾ ਕੁਰਬਾਨ ਕੀਤਾ। ਇਵੇਂ ਆਜ਼ਾਦੀ ਪ੍ਰਾਪਤੀ ਦੇ ਪਿੜ ਵਿਚ ਗ਼ਦਰ ਪਾਰਟੀ ਦੀ ਇਕ ਅਹਿਮ ਭੂਮਿਕਾ ਹੈ।

ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਦੀ ਜੀਵਨ-ਕਹਾਣੀ, ਉਨ੍ਹਾਂ ਦੀ ਵਿਲੱਖਣ ਸ਼ਖ਼ਸ਼ੀਅਤ ਦਾ ਬਿਰਤਾਂਤ ਹੀ ਨਹੀਂ, ਸਗੋਂ ਉਨ੍ਹਾਂ ਦੇ ਅਨੂਠੇ ਦੇਸ਼ ਪ੍ਰੇਮ ਅਤੇ ਗ਼ਦਰ ਪਾਰਟੀ ਦੀ ਗੌਰਵ ਗਾਥਾ ਵੀ ਹੈ।

## ਜਨਮ ਅਤੇ ਬਚਪਨ

ਸੋਹਣ ਸਿੰਘ ਦਾ ਜਨਮ ਆਪਣੇ ਨਾਨਕੇ ਪਿੰਡ ਖੁਤਰਾਏ ਖੁਰਦ (ਜਿਲਾ ਅੰਮ੍ਰਿਤਸਰ) ਵਿਚ 4 ਜਨਵਰੀ 1870 ਨੂੰ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਪੰਜਾਬੀਆਂ ਦੇ ਇਕ ਰਿਵਾਜ ਮੁਤਾਬਕ ਪਹਿਲੇ ਬੱਚੇ ਦਾ ਜਣੇਪਾ ਆਪਣੇ ਨਾਨਕੇ ਹੁੰਦਾ ਸੀ। ਇਵੇਂ ਆਪਣੇ ਬਾਲਪਨ ਦੇ ਮੁੱਢਲੇ ਤਿੰਨ ਕੁ ਮਹੀਨੇ ਉਸ ਨੇ ਆਪਣੇ ਨਾਨਕੇ-ਘਰ ਬਿਤਾਏ ਤੇ ਲਾਡਾਂ-ਚਾਅਵਾਂ ਦੀਆਂ ਲੋਰੀਆਂ ਮਾਣਦਾ ਫਿਰ ਉਹ ਆਪਣੇ ਜੱਦੀ ਪਿੰਡ ਭਕਨੇ ਆ ਪੁੱਜਾ। ਉਦੋਂ ਇਹ ਪਿੰਡ, ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਤਰਨ ਤਾਰਨ (ਹੁਣ ਅੰਮ੍ਰਿਤਸਰ) ਵਿਚ ਸੀ।

ਸੋਹਣ ਸਿੰਘ ਆਪਣੇ ਪਰਵਾਰ ਦਾ ਖੂਬ ਲਾਡਲਾ ਬੱਚਾ ਸੀ। ਖਾਨਦਾਨ ਵਿਚ ਔਲਾਦ ਦੀ ਮੁੱਢੋਂ ਕਮੀ ਸੀ ਤੇ ਵਡੇਰਿਆਂ ਵਿਚ ਵੀ ਅਕਸਰ ਇਕੋ ਮਰਦ ਹੁੰਦਾ ਆਇਆ ਸੀ। ਸੋਹਣ ਸਿੰਘ ਵੀ ਆਪਣੇ ਘਰ ਦਾ ਇਕਲੌਤਾ ਚਿਰਾਗ਼ ਸੀ ਅਤੇ ਉਸ ਦਾ ਜਨਮ ਸੁੱਖਾਂ, ਸੱਧਰਾਂ ਅਤੇ ਲੰਮੇ ਤਰਸੇਵੇਂ ਉਪਰੰਤ ਹੋਇਆ।

ਉਸ ਦੇ ਪਿਤਾ ਕਰਮ ਸਿੰਘ ਸ਼ੇਰਗਿੱਲ ਸਾਊ-ਸੁਭਾਅ ਦੇ ਧਾਰਮਿਕ ਵਿਅਕਤੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਧਾਰਨੀ ਅਤੇ ਮਿਲੀਆਂ ਬਰਕਤਾਂ ਨੂੰ ਵੰਡ ਛਕਣ ਵਾਲੇ; ਲੋੜਵੰਦਾਂ ਤੇ ਗਰੀਬਾਂ ਦੇ ਹਮਦਰਦ; ਅੰਨ ਦੀ ਥੁੜ ਸਮੇਂ ਉਹ ਅੰਨ ਵੰਡਦੇ ਤੇ ਲੰਗਰ ਲਾਉਂਦੇ; ਲੋਹੜੀ ਸਮੇਂ ਗੰਨੇ ਦੀ 'ਰਹੁ' ਵਾਲੀ ਖੀਰ ਅਤੇ ਵਾਢੀਆਂ ਵੇਲੇ ਗੁੜ ਦੀਆਂ ਛਬੀਲਾਂ।

ਇਕਲੌਤੀ ਔਲਾਦ ਹੋਣ ਕਰਕੇ ਸੋਹਣ ਸਿੰਘ ਨੂੰ ਮਾਪਿਆਂ ਦਾ ਪਿਆਰ ਰੱਜ ਕੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਿਆ। ਕੁਝ ਪੀੜ੍ਹੀਆਂ ਤੋਂ ਜ਼ਮੀਨ ਦਾ ਇਕਹਿਰਾ ਵਾਰਸ ਹੋਣ ਕਾਰਨ ਬਜ਼ੁਰਗਾਂ ਦੀ 65 ਏਕੜ ਜ਼ਮੀਨ ਵੀ ਅਣ-ਵੰਡੀ ਰਹੀ। ਕੁਦਰਤ ਨੇ ਜਿਥੇ ਉਸਨੂੰ ਏਨੀ ਜ਼ਮੀਨ-ਜਾਇਦਾਦ ਦਾ ਵਾਰਸ ਥਾਪਿਆ, ਉਥੇ ਤਿੰਨ ਮਾਵਾਂ ਦਾ ਰੱਜਵਾਂ ਪਿਆਰ ਵੀ ਉਹਦੀ ਝੋਲੀ ਪਾਇਆ।

ਇਕ ਦਾਦੀ ਮਾਂ ਹੁਕਮ ਕੌਰ ਸੀ। ਦੂਸਰੀ ਜਨਮਦਾਤੀ ਮਾਤਾ ਰਾਮ ਕੌਰ ਤੇ ਤੀਸਰੀ ਧਰਮ ਮਾਤਾ ਹਰ ਕੌਰ। ਹਰ ਕੌਰ ਸ: ਕਰਮ ਸਿੰਘ ਦੀ ਪਹਿਲੀ ਪਤਨੀ ਸੀ। ਕਈ ਵਰ੍ਹੇ ਉਹਦੇ ਘਰ ਕੋਈ ਸੰਤਾਨ ਨਹੀਂ ਸੀ ਹੋਈ। ਪਰਿਵਾਰ ਨੂੰ ਅਗਾਂਹ ਚਲਾਉਣ ਤੇ ਵਧਾਉਣ ਲਈ ਕੋਈ ਵਾਰਸ ਨਹੀਂ ਸੀ। ਇਸ ਕਾਰਨ ਉਹ ਬੜੀ ਦੁਖੀ ਸੀ।

ਮਾਤਾ ਹਰ ਕੌਰ ਬੜੀ ਨੇਕ ਤੇ ਵਿਸ਼ਾਲ ਦਿਲ ਵਾਲੀ ਔਰਤ ਸੀ। ਉਸਨੇ ਖਾਨਦਾਨ ਕਾਇਮ ਰੱਖਣ ਲਈ ਧਾਰਮਿਕ ਖ਼ਿਆਲਾਂ ਦੇ ਪਤੀ ਨੂੰ ਦੂਸਰਾ ਵਿਆਹ ਕਰਾਉਣ ਲਈ ਪਰੇਰਿਆ ਅਤੇ ਰਜ਼ਾਮੰਦ ਕੀਤਾ। (ਮਾਤਾ) ਰਾਮ ਕੌਰ ਨੂੰ ਉਹੀ ਚਾਅਵਾਂ-ਮਲ੍ਹਾਰਾਂ ਨਾਲ ਹੱਥੀਂ ਵਿਆਹ ਕੇ ਲਿਆਈ। ਕੁਝ ਸਾਲਾਂ ਬਾਅਦ ਮਾਤਾ ਰਾਮ ਕੌਰ ਘਰ ਭਾਗ ਲੱਗਾ। ਸੋਹਣ ਸਿੰਘ ਦਾ ਜਨਮ ਹੋਇਆ। ਮਾਤਾ ਹਰ ਕੌਰ ਇਸ ਅਪਾਰ ਖੁਸ਼ੀ ਵਿਚ ਫੁੱਲੀ ਨਹੀਂ ਸੀ ਸਮਾ ਰਹੀ।

ਸੋਹਣ ਸਿੰਘ ਦੀ ਆਮਦ ਨਾਲ ਘਰ-ਪਰਿਵਾਰ ਵਿਚ ਖੁਸ਼ੀਆਂ ਦੇ ਬੱਦਲ ਛਾਏ ਹੋਏ ਸਨ ਪਰ ਸੋਗ ਦੇ ਤੂਫ਼ਾਨ ਵੀ ਮਗਰੇ ਛੂਕਦੇ ਆਏ। ਉਹ ਮਸਾਂ ਇਕ ਵਰ੍ਹੇ ਦਾ ਸੀ ਕਿ ਉਸ ਦੇ ਪਿਤਾ ਪ੍ਰਲੋਕ ਗਮਨ ਕਰ ਗਏ। ਕਿਸਾਨ-ਜ਼ਿਮੀਂਦਾਰਾਂ ਦੇ ਕੰਮ ਬਹੁਤੇ ਮਰਦਾਂ ਬਿਨਾਂ ਨਹੀਂ ਸਰਦੇ ਪਰ ਇਕੱਲਾ ਕਰਮ ਸਿੰਘ ਹੀ ਕਈ ਹੀਲੇ-ਵਸੀਲੇ ਕਰ ਕੇ ਵਾਹੀ ਦਾ ਕੰਮ ਤੋਰੀ ਆ ਰਿਹਾ ਸੀ। ਉਸ ਦੀ ਮੌਤ ਨਾਲ 'ਖੇਤੀ ਖਸਮਾਂ ਸੇਤੀ' ਕਿਸੇ ਮਰਦ ਦੀ ਸਰਪ੍ਰਸਤੀ ਤੋਂ ਸੁੰਞੀ ਹੋ ਗਈ।

ਪਿਤਾ ਦੀ ਕਮੀ ਨੂੰ ਦਾਦੀ ਮਾਂ ਹੁਕਮ ਕੌਰ ਨੇ ਪੂਰਾ ਕੀਤਾ। ਮਾਤਾ ਹਰ ਕੌਰ ਨੇ ਵੀ ਬਿਪਤਾ ਵਿਚ ਪਏ ਘਰ ਨੂੰ ਬਚਾਇਆ। ਪਤੀ ਦੀ ਵਸੀਅਤ ਅਨੁਸਾਰ ਉਸ ਨੇ ਜ਼ਮੀਨ ਦਾ ਅੱਧ ਲੈਣ ਦੀ ਥਾਂ, ਘਰ ਦੇ ਬਾਹਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਚੁੱਕ ਲਈ।

ਅੱਠਵੇਂ ਸਾਲ ਪੈਰ ਧਰਦਿਆਂ ਸੋਹਣ ਸਿੰਘ ਚੰਗਾ ਕੱਦ-ਕਾਠ ਕੱਢ ਆਇਆ। ਮਾਪਿਆਂ ਨੇ ਹੁਣ ਉਸਨੂੰ ਪੜ੍ਹਨੇ ਪਾਉਣ ਦੀ ਸਲਾਹ ਬਣਾਈ। ਗੁੜ ਦੀ ਰੋੜੀ ਦੇ ਕੇ ਉਸਨੂੰ ਪਿੰਡ ਦੇ ਗੁਰਦੁਆਰੇ ਪੜ੍ਹਨੇ ਪਾਇਆ ਗਿਆ। ਉਥੇ ਉਸਨੇ ਬਾਲ-ਉਪਦੇਸ਼, ਪੰਜ ਗ੍ਰੰਥੀ, ਦਸ ਗ੍ਰੰਥੀ ਤੇ ਭਗਤ-ਬਾਣੀ ਪੜ੍ਹਨੀ ਸਿੱਖੀ। ਧਰਮਸਾਲਾ ਦੇ ਗ੍ਰੰਥੀ ਜੀ ਜਿੰਨਾ ਕੁ ਲਿਖਣਾ ਜਾਣਦੇ ਸਨ, ਉਹ ਵੀ ਸਿੱਖ ਲਿਆ। ਤਿੰਨ ਸਾਲ ਬਾਅਦ ਪਿੰਡ ਵਿਚ ਡਿਸਟ੍ਰਿਕਟ ਬੋਰਡ ਵੱਲੋਂ ਪ੍ਰਾਇਮਰੀ ਸਕੂਲ ਖੁੱਲ੍ਹ ਗਿਆ। ਉਸ ਸਮੇਂ ਦੀ ਪ੍ਰਾਇਮਰੀ ਦੀਆਂ ਚਾਰ ਜਮਾਤਾਂ ਹੁੰਦੀਆਂ ਸਨ ਤੇ ਇਨ੍ਹਾਂ ਵਿਚ ਉਰਦੂ ਤੇ ਫ਼ਾਰਸੀ ਪੜ੍ਹਾਈ ਜਾਂਦੀ ਸੀ।

ਸੋਹਣ ਸਿੰਘ 11 ਸਾਲ ਦੀ ਉਮਰੇ (1881 ਵਿਚ) ਪਿੰਡ ਦੇ ਨਵੇਂ ਸਕੂਲ ਵਿਚ ਦਾਖ਼ਲ ਹੋ ਗਿਆ। ਉਸ ਨੇ 'ਗੁਲਸਤਾਂ', 'ਬੋਸਤਾਂ' ਵਰਗੀਆਂ ਫ਼ਾਰਸੀ-ਪੁਸਤਕਾਂ ਇਥੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਪੜ੍ਹੀਆਂ ਤੇ ਹਿਸਾਬ ਦੇ ਸੁਆਲ ਕੱਢਣ ਵਿਚ ਵੀ ਉਹ ਚੰਗਾ ਮਾਹਰ ਹੋ ਗਿਆ।

## ਤਕੜੇ ਹੋਣ ਦੀ ਪਰੇਰਨਾ

ਸੋਹਣ ਸਿੰਘ ਦੇ ਸ਼ਰੀਕੇ ਵਿਚੋਂ ਚਾਚੇ ਤਾਏ ਦੇ ਪੁੱਤ ਵੀ ਉਸੇ ਸਕੂਲੇ ਪੜ੍ਹਦੇ ਸਨ। ਇਕ ਦਿਨ ਦੀ ਗੱਲ ਹੈ। ਉਨ੍ਹਾਂ ਵਿਚੋਂ ਇਕ ਛੋਟੇ ਭਰਾ ਨੇ ਉਹਦੀ ਸਿਆਹੀ ਦੀ ਦਵਾਤ ਆਪਣੀ ਵਿਚ ਉਲੱਦ ਲਈ। ਸੋਹਣ ਸਿੰਘ ਨੇ ਉਸ ਨੂੰ ਘੂਰਿਆ-ਹੂਰਿਆ।

ਛੁੱਟੀ ਤੋਂ ਬਾਅਦ ਦੋਵੇਂ ਚਚੇਰੇ ਭਰਾਵਾਂ ਨੇ ਉਸ ਨੂੰ ਰਾਹ ਵਿਚ ਘੇਰ ਲਿਆ ਤੇ ਖੂਬ ਕੁੱਟਿਆ। ਉਸੇ ਦਿਨ ਸੋਹਣ ਸਿੰਘ ਨੇ ਤਕੜੇ ਹੋਣ ਦਾ ਪ੍ਰਣ ਕਰ ਲਿਆ ਕਿਉਂਕਿ ਉਸ ਨੇ ਸਮਝ ਲਿਆ ਸੀ ਕਿ ਮਾੜੇ ਤੇ ਨਿਤਾਣੇ ਬੰਦੇ ਦਾ ਕੋਈ ਹਾਲ ਨਹੀਂ ਹੁੰਦਾ। ਉਹ ਆਪਣੇ ਮੁਨਸ਼ੀ ਤੇ ਘਰ ਵਾਲਿਆਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਰੋੜੀ ਰੁਪਈਆ ਦੇ ਕੇ ਅਖਾੜੇ ਵਿਚ ਘੁਲਣ ਲੱਗ ਪਿਆ। ਉਧਰੋਂ ਹੋਰ ਚੰਗੀ ਖੁਰਾਕ ਅਤੇ ਬੇਪਰਵਾਹ ਸੁਭਾਅ ਕਾਰਨ ਉਹ ਦਿਨਾਂ ਵਿਚ ਤਕੜਾ ਹੋ ਗਿਆ। ਇਕ ਦਿਨ ਉਸ ਨੇ ਕੁੱਟਣ ਵਾਲੇ ਦੋ ਭਰਾਵਾਂ ਨੂੰ ਇਕੱਲੇ ਨੇ ਹੀ ਕੁੱਟ ਭਜਾਇਆ।

15-16 ਵਰ੍ਹਿਆਂ ਦੀ ਉਮਰ 'ਚ ਉਸਨੇ ਪ੍ਰਾਇਮਰੀ ਪਾਸ ਕਰ ਲਈ। ਅਗਲੀ ਪੜ੍ਹਾਈ ਦਾ ਅੰਮ੍ਰਿਤਸਰ ਤੋਂ ਨੇੜੇ ਕੋਈ ਪ੍ਰਬੰਧ ਨਹੀਂ ਸੀ। ਘਰ ਦੀਆਂ ਔਰਤ-ਮੈਂਬਰਾਂ ਉਹਨੂੰ ਘਰੋਂ ਦੂਰ ਤੇ ਬਾਹਰ ਭੇਜਣਾ ਨਾ ਮੰਨੀਆ ਤੇ ਅੱਗੋਂ ਪੜ੍ਹਨ ਦੀ ਸਕੀਮ ਵਿਚੇ ਰਹਿ ਗਈ। ਇਨ੍ਹਾਂ ਦਿਨਾਂ ਵਿਚ ਉਸ ਦੀ ਦਾਦੀ ਮਾਤਾ ਹੁਕਮ ਕੌਰ ਚੱਲ ਵੱਸੀ। ਘਰ ਦਾ ਕਾਫੀ ਬੋਝ ਹੁਣ ਉਹਦੇ ਸਿਰ ਆ ਪਿਆ।

## ਭੈੜੀ ਸੁਹਬਤ ਵਿਚ

ਪੜ੍ਹਾਈ ਦੇ ਕੰਮੋਂ ਵਿਹਲਾ ਹੋ ਕੇ ਉਸਨੇ ਖੇਤੀਬਾੜੀ ਦਾ ਕੰਮ ਕਰਨਾ ਚਾਹਿਆ। ਮਾਪਿਆਂ ਦਾ ਇਕਲੌਤਾ ਤੇ ਚੋਖੀ ਜ਼ਮੀਨ ਦਾ ਮਾਲਕ ਹੋਣ ਕਾਰਨ ਘਰਦਿਆਂ ਨੇ ਉਸਨੂੰ ਇਸ ਕੰਮ ਵਿਚ ਬਹੁਤਾ ਹੱਥ ਨਾ ਪਾਉਣ ਦਿੱਤਾ। ਇਵੇਂ ਉਸਦਾ ਬਹੁਤਾ ਸਮਾਂ ਤੁਰਨ-ਫਿਰਨ ਅਤੇ ਯਾਰੀਆਂ ਪਾਲਣ ਵਿਚ ਲੰਘਣ ਲੱਗ ਪਿਆ।

ਘਰ ਵਿਚ ਕਿਸੇ ਵੱਡੇ ਤੇ ਸਿਆਣੇ ਬੰਦੇ ਦੀ ਘਾਟ ਕਾਰਨ, ਉਹਦੀਆਂ ਵਾਗਾਂ ਕਿਸੇ ਹੱਥ ਨਹੀਂ ਸਨ। ਇਸ ਕਰਕੇ ਉਹ ਹੌਲੀ ਹੌਲੀ ਨਸ਼ਿਆਂ ਦਾ ਸੇਵਨ ਵੀ ਕਰਨ ਲੱਗ ਪਿਆ। ਖਾਊ ਤੇ ਪੁੱਠੇ ਪਾਸੇ ਲਾਉਣ ਵਾਲੇ ਬੇਲੀ, ਉਹਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਬੰਨ੍ਹ ਕੇ ਆਪਣਾ ਮਤਲਬ ਕੱਢਦੇ ਸਨ। ਪੁੱਠੀਆਂ ਆਦਤਾਂ ਦੇ ਰੰਗ ਵਿਚ ਉਹ ਆਵਾਰਾ, ਸ਼ਰਾਬੀ ਤੇ ਜੁਆਰੀਆ ਬਣ ਗਿਆ।

ਫਿਰ ਉਸਨੂੰ ਸ਼ਿਕਾਰੀ-ਕੁੱਤਿਆਂ ਅਤੇ ਘੋੜੀਆਂ ਨਾਲ ਸ਼ਿਕਾਰ ਖੇਡਣ ਦਾ ਭੁੱਸ ਵੀ ਪੈ ਗਿਆ। ਖੁੱਲ੍ਹਾ ਖਰਚਣ-ਵਰਤਣ ਕਾਰਨ ਖੂਹ ਵੀ ਖਾਧੇ ਜਾਂਦੇ ਹਨ। ਇਵੇਂ ਸੋਹਣ ਸਿੰਘ ਸ਼ਰਾਬ-ਖਾਨੇ ਤੇ ਲਹਿਣੇਦਾਰਾਂ ਦਾ ਵੀ ਕਰਜ਼ਾਈ ਹੋ ਗਿਆ। ਧਰਮ ਮਾਤਾ ਨੇ ਉਸ ਸਿਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੜ੍ਹਿਆ ਕਰਜ਼ਾ ਤਿੰਨ ਵਾਰ ਲਾਹਿਆ। ਅਫ਼ਸੋਸ ਤਾਂ ਇਸ ਗੱਲ ਦਾ ਸੀ ਕਿ ਉਹ ਕਿਸੇ ਤੋਂ ਮੱਤ ਨਹੀਂ ਸੀ ਲੈਂਦਾ।

ਉਨ੍ਹਾਂ ਵੇਲਿਆਂ ਵਿਚ ਪਿੰਡ ਲਾਗੇ ਚਿਰਾਗ਼ਾਂ ਦਾ ਮੇਲਾ ਲੱਗਦਾ ਹੁੰਦਾ ਸੀ। ਸੋਹਣ ਸਿੰਘ ਦੀ ਢਾਣੀ ਨੇ ਇਕ ਸਾਲ ਇਹ ਮੇਲਾ ਆਪਣੇ ਖ਼ਰਚੇ 'ਤੇ ਕਰਾਉਣ ਦਾ ਫ਼ੈਸਲਾ ਕਰ ਲਿਆ। ਇਸ ਕੰਮ ਲਈ ਇਕ ਹਜ਼ਾਰ ਰੁਪਿਆ, ਦੋ ਰੁਪਏ ਸੈਂਕੜਾ ਵਿਆਜ਼ 'ਤੇ ਵੀ ਆਖ਼ਰ ਸੋਹਣ ਸਿੰਘ ਨੇ ਚੁੱਕਿਆ।

ਭੈੜੀ ਸੰਗਤ ਨਾਲ ਉਹਦੀ ਸੋਹਣੀ ਸਿਹਤ ਵਿਰਾਨ ਹੋ ਗਈ। ਕਰਜ਼ੇ ਦੀਆਂ ਪੰਡਾਂ ਸਿਰ ਚੜ੍ਹ ਗਈਆਂ, ਜਿਨ੍ਹਾਂ ਨੂੰ ਲਾਹੁਣ ਤੇ ਹੋਰ ਮੌਜ-ਮੇਲੇ ਕਰੀ ਜਾਣ ਲਈ ਉਹਨੇ ਕਾਫ਼ੀ ਜ਼ਮੀਨ ਵੀ ਗਹਿਣੇ ਧਰ ਦਿੱਤੀ। ਉਹ ਆਪਣੇ ਜੀਵਨ ਦਾ ਸੋਹਣ ਕਾਇਮ ਨਾ ਰੱਖ ਸਕਿਆ ਤੇ ਕੁਰਾਹੇ ਪੈ ਗਿਆ। ਸਵੇਰੇ ਤੜਕਸਾਰ ਤੋਂ ਰਾਤ ਸੌਣ ਤੱਕ ਉਹ ਨਸ਼ਿਆਂ ਵਿਚ ਗੁੱਟ ਰਹਿੰਦਾ ਸੀ। ਉਹਨੂੰ ਆਪਣੇ ਭਲੇ ਬੁਰੇ ਦੀ ਕੋਈ ਸੁਰਤ ਨਹੀਂ ਸੀ ਤੇ ਉਹ ਏਨਾ ਵਿਗੜ ਗਿਆ ਕਿ ਉਸਦੇ ਸੁਧਰਨ ਦੇ ਕੋਈ ਲੱਛਣ ਨਹੀਂ ਸਨ ਦਿੱਸਦੇ।

## ਬਾਬਾ ਕੇਸਰ ਨਾਲ ਮਿਲਾਪ

1896 ਦੀਆਂ ਭਰ ਗਰਮੀਆਂ ਦੇ ਦਿਨ ਸਨ। ਦੁਪਹਿਰ ਢਲਣ ਪਿਛੋਂ ਸੋਹਣ ਸਿੰਘ ਖੇਤੀਂ ਜਾ ਰਿਹਾ ਸੀ। ਪਿੰਡ ਦੀ ਧਰਮਸ਼ਾਲਾ ਲਾਗੋਂ ਲੰਘਦਿਆਂ ਉਹਨੂੰ ਰਸ-ਭਿੰਨਾ ਕੀਰਤਨ ਸੁਣਾਈ ਦਿੱਤਾ। ਬਾਬਾ ਫ਼ਰੀਦ ਦੇ ਸ਼ਲੋਕ ਉਸਦੇ ਦਿਲ ਨੂੰ ਧੂਹ ਪਾ ਰਹੇ ਸਨ। ਦੋ ਚਿੱਤੀ ਵਿਚ ਤੁਰਦਾ-ਖਲੋਂਦਾ ਉਹ ਪਿੱਛੇ ਮੁੜ ਆਇਆ ਤੇ ਪਿੰਡ ਦੀ ਧਰਮਸ਼ਾਲਾ ਨੂੰ ਹੋ ਤੁਰਿਆ।

ਸੰਗਤ ਗੁਰਬਾਣੀ ਦੇ ਰੰਗ ਵਿਚ ਲੀਨ ਸੀ। ਉਹ ਸੰਗਤ ਦੇ ਪਿੱਛੇ, ਇਕ ਪਾਸੇ ਜਿਹੇ ਬੈਠ ਗਿਆ। ਰਾਗੀਆਂ ਦੀ ਵੈਰਾਗ-ਵਾਣੀ ਨੇ ਉਸਨੂੰ ਕੀਲ ਲਿਆ। ਸੰਗਤ ਦੇ ਸਾਹਮਣੇ ਇਕ ਮਹਾਂਪੁਰਸ਼ ਸਮਾਧੀ ਵਿਚ ਮਗਨ ਬੈਠੇ ਸਨ। ਦੁੱਧ ਚਿੱਟਾ ਚੋਲਾ ਤੇ ਸਫ਼ੇਦ ਲੰਮੀ ਦਾੜ੍ਹੀ।

ਗੁਰਬਾਣੀ-ਕੀਰਤਨ ਦੇ ਵਿਚ-ਵਿਚਾਲੇ ਬੈਠੇ ਹੋਏ ਮਹਾਂਪੁਰਸ਼ ਨੇ ਅੰਮ੍ਰਿਤ ਬਚਨਾਂ ਨਾਲ ਸੰਬੋਧਨ ਵੀ ਕੀਤਾ। ਉਨ੍ਹਾਂ ਦੀ ਸਰਲ ਤੇ ਸਿੱਧੀ-ਸਾਦੀ ਸਿੱਖਿਆ ਨੇ ਸੋਹਣ ਸਿੰਘ ਦੇ ਮਨ ਤੇ ਡੂੰਘਾ ਅਸਰ ਕਰ ਵਿਖਾਇਆ।

ਦੀਵਾਨ ਖਤਮ ਹੋਇਆ ਤਾਂ ਸੋਹਣ ਸਿੰਘ ਮਹਾਂਪੁਰਸ਼ਾਂ ਕੋਲ ਗਏ। ਹੱਥ ਬੰਨ੍ਹ ਆਪਣੇ ਘਰ ਚਰਨ ਪਾਉਣ ਤੇ ਪ੍ਰਸ਼ਾਦ-ਪਾਣੀ ਕਰਨ ਦੀ ਬੇਨਤੀ ਕੀਤੀ। ਲੋਕ ਉਸਦੀ ਇਸ ਕਰਨੀ 'ਤੇ ਹੈਰਾਨ ਹੋਏ ਖਲੋਤੇ ਸਨ। ਸਫ਼ੇਦ ਵਸਤਰ ਧਾਰੀ ਬਾਬੇ ਨੇ ਉਸਦੀ ਬੇਨਤੀ ਝੱਟ ਸਵੀਕਾਰ ਕਰ ਲਈ।

ਇਹੋ ਮਹਾਂਪੁਰਸ਼ ਬਾਬਾ ਕੇਸਰ ਸਨ। ਪਿੰਡ ਭਕਨੇ ਤੋਂ 4 ਕੁ ਮੀਲ ਦੂਰ ਪਿੰਡ ਮੁਹਾਵਾ ਦੇ ਵਸਨੀਕ। ਨਾਮਧਾਰੀ ਸੰਪਰਦਾਇ ਦੇ ਮਹਾਨ ਆਗੂ ਬਾਬਾ ਰਾਮ ਸਿੰਘ ਦੇ



Forwarded free of Cost, and with the Compliments of Deptt. of Education, Govt. of India, New Delhi

CC-0. In Public Domain. Gurukul Kangri Collection, Haridwar.

Digitized by Arya Samaj Foundation Chennai and eGangotri

ਪਿਆਰ ਵਿਚ ਰੰਗੇ ਹੋਏ, ਨਵੇਲੀ ਕਿਸਮ ਦੇ ਨਾਮਧਾਰੀ ਸੰਤ ।

ਬਾਬਾ ਕੇਸਰ ਵੀ ਆਪਣੇ ਰਹਿਬਰ ਵਾਂਗ ਦੇਸ਼ ਕੌਮ ਦੇ ਪਿਆਰ ਵਿਚ ਰੰਗੇ ਹੋਏ ਸਨ । ਸਾਦਾ ਖ਼ੁਰਾਕ, ਚਿੱਟੇ ਖੱਦਰ ਦੀ ਪੁਸ਼ਾਕ ਤੇ ਮਾਇਆ ਤੋਂ ਨਿਰਲੇਪਤਾ—ਉਨ੍ਹਾਂ ਦੇ ਜੀਵਨ-ਅੰਗ ਸਨ । ਪਿੰਡ ਮੁਹਾਵੇ ਤੋਂ ਬਾਹਰਵਾਰ ਉਹ ਇਕ ਕੁਟੀਆ ਵਿਚ ਰਹਿੰਦੇ ਸਨ । ਹੱਥੀਂ ਵਾਹੀ-ਕਮਾਈ ਕਰਕੇ ਆਪਣਾ ਟੱਬਰ ਪਾਲਦੇ ਅਤੇ ਆਏ ਸੱਜਣਾਂ-ਸ਼ਰਧਾਲੂਆਂ ਦੀ ਸੇਵਾ ਕਰਕੇ ਪ੍ਰਸੰਨ ਹੁੰਦੇ ।

ਨਾਮਧਾਰੀ ਲਹਿਰ ਨਾਲ ਜੁੜੇ ਹੋ ਕੇ ਵੀ ਇਨ੍ਹਾਂ ਦਾ ਹਾਲ ਸੂਫ਼ੀ ਫ਼ਕੀਰ ਸਾਈਂ ਬੁੱਲ੍ਹੇ ਸ਼ਾਹ ਵਰਗਾ ਸੀ । ਧਾਰਮਿਕ ਤੇ ਰਿਵਾਇਤੀ ਅਸੂਲਾਂ ਦੀ ਕੱਟੜਤਾ ਤੋਂ ਫ਼ਾਰਗ । ਗੁਰਬਾਣੀ ਦੇ ਵੀ ਪੱਕੇ ਨੇਮੀ-ਪ੍ਰੇਮੀ ਪਰ ਇਸਨੂੰ ਪੜ੍ਹਨ ਨਾਲੋਂ ਸਮਝਣ ਅਤੇ ਅਮਲ ਕਰਨ 'ਤੇ ਬਹੁਤਾ ਜ਼ੋਰ ਦਿੰਦੇ ਸਨ । ਉਨ੍ਹਾਂ ਦੀ ਪ੍ਰੇਮ-ਸੰਗਤ ਵਿਚ ਧਰਮ, ਮਜ਼੍ਹਬ, ਜਾਤ ਤੇ ਰੰਗ-ਰੂਪ ਦਾ ਕੋਈ ਭੇਦ-ਭਾਵ ਨਹੀਂ ਸੀ ਤੇ ਹਰੇਕ ਸੋਚਣੀ ਦੇ ਲੋਕ ਉਨ੍ਹਾਂ ਦੇ ਸੇਵਕ ਸਨ ।

ਬਾਬਾ ਕੇਸਰ, ਸੋਹਣ ਸਿੰਘ ਦੀ ਬੇਨਤੀ ਮੰਨਦੇ ਹੋਏ ਆਪਣੇ ਸੇਵਕਾਂ ਸਮੇਤ ਉਸਦੇ ਘਰ ਗਏ । ਰਾਤ ਦਾ ਭੋਜਨ ਛਕਣ ਤੋਂ ਬਾਅਦ ਉਨ੍ਹਾਂ ਸੋਹਣ ਸਿੰਘ ਦੇ ਘਰ ਫਿਰ ਦੀਵਾਨ ਲਾਇਆ । ਪਿੰਡ ਦੇ ਲੋਕ ਖੁਸ਼ੀ ਖੁਸ਼ੀ ਉਹਦੇ ਘਰ ਆਏ । ਵਿਦਾਇਗੀ ਵੇਲੇ ਧਰਮ ਮਾਤਾ ਨੇ ਬਾਬਾ ਜੀ ਨੂੰ ਬੇਨਤੀ ਕੀਤੀ, "ਬਾਬਾ ਜੀ, ਸੋਹਣ ਸਿੰਘ ਨੂੰ ਨੇਕ ਬੰਦੇ ਲੱਗਣ ਦੀ ਸੁਮੱਤ ਬਖ਼ਸ਼ੋ ।"

ਅਗਲੇ ਦਿਨ ਬਾਬਾ ਜੀ ਨੇ ਵਾਪਸ ਮੁਹਾਵੇ ਮੁੜਨਾ ਸੀ । ਤੋਰਨ ਆਏ ਪਿੰਡ ਦੇ ਬਜ਼ੁਰਗ-ਪਤਵੰਤਿਆਂ ਵਿਚ ਸੋਹਣ ਸਿੰਘ ਵੀ ਸੀ । ਬਾਬਾ ਜੀ ਨੇ ਕੋਈ ਸਖ਼ਤ ਨਸੀਹਤ ਕਰਨ ਦੀ ਥਾਂ ਉਸਨੂੰ ਕਿਹਾ, "ਸੋਹਣ, ਜੋ ਦਿਲ ਕਰਦੈ ਕਰਿਆ ਕਰ, ਪਰ ਕਦੇ ਕਦਾਈਂ ਸਾਨੂੰ ਵੀ ਮਿਲਿਆ ਕਰ ।"

ਕੁਝ ਦਿਨਾਂ ਬਾਅਦ ਬਾਬਾ ਕੇਸਰ ਫੇਰ ਭਕਨੇ ਆਏ ਤੇ ਸੋਹਣ ਸਿੰਘ ਨੂੰ ਮਿਲੇ । ਮਨੁੱਖੀ ਜੀਵਨ ਬਾਰੇ ਖੁੱਲ੍ਹ ਕੇ ਗੱਲਾਂ ਹੋਈਆਂ । ਇਸ ਤੋਂ ਬਾਅਦ ਸੋਹਣ ਸਿੰਘ ਆਪਣੇ ਯਾਰਾਂ ਵੱਲ ਨਹੀਂ ਗਏ । ਜਦ ਉਹ ਲੈਣ ਆਏ ਤਾਂ ਸੋਹਣ ਸਿੰਘ ਨੂੰ ਬੜਾ ਤਾਅ ਚੜ੍ਹਿਆ ਉਹ ਕਾਹਲੇ ਕਦਮੀਂ ਅੰਦਰ ਗਏ ਤੇ ਅਲਮਾਰੀ 'ਚੋਂ ਅੱਧੀ ਕੁ ਬਚੀ ਹੋਈ ਬੋਤਲ ਚੁੱਕ ਲਿਆਏ । ਬਾਹਰ ਆਉਂਦਿਆਂ ਹੀ ਸ਼ਰਾਬ ਦੀ ਬੋਤਲ ਕੰਧ ਨਾਲ ਦੇ ਮਾਰੀ, "ਜਾਓ, ਮਿੱਤਰੋ । ਮੈਂ ਇਹ ਕੁਝ ਛੱਡ ਦਿੱਤਾ ਏ ।"

ਸੰਤ ਅਤੇ ਨਵੇਂ ਸੇਵਕ ਵਿਚਕਾਰ ਕੁਝ ਦਿਨਾਂ ਬਾਅਦ ਮਿਲਦੇ ਰਹਿਣ ਦਾ ਸਿਲਸਿਲਾ ਸ਼ੁਰੂ ਹੋ ਗਿਆ । ਇਕ ਦਿਨ ਦੀ ਗੱਲ ਹੈ । ਸੋਹਣ ਸਿੰਘ ਅਲਮਾਰੀ 'ਚੋਂ ਕੋਈ ਪੁਰਾਣਾ ਕਾਗਜ਼ ਲੱਭ ਰਿਹਾ ਸੀ । ਉਹਦੀ ਨਜ਼ਰ ਇਕ ਬੋਤਲ 'ਤੇ ਪਈ । ਉਸ ਵਿਚ ਥੋੜੀ ਜਿਹੀ ਸ਼ਰਾਬ ਸੀ । ਉਹ ਦੁਚਿੱਤੀ ਵਿਚ ਉਸ ਵੱਲ ਵੇਖਦਾ ਰਿਹਾ ਤੇ ਆਖ਼ਰ ਪੀ ਗਿਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਛਤਾਵੇ ਵਜੋਂ ਸਾਰੀ ਰਾਤ ਨੀਂਦ ਨਾ ਆਈ। ਅਗਲੇ ਹੀ ਦਿਨ ਬਾਬਾ ਕੇਸਰ ਕੋਲ ਗਿਆ ਤਾਂ ਉਨ੍ਹਾਂ ਨੇ ਦਿਲ ਤਕੜਾ ਕਰਨ ਦੀ ਮੱਤ ਦਿਤੀ।

ਬਾਬਾ ਕੇਸਰ ਨੇ ਕਈ ਸਾਲਾਂ ਤੋਂ ਲੂਣ ਦੀ ਵਰਤੋਂ ਛੱਡੀ ਹੋਈ ਸੀ। ਸੋਹਣ ਸਿੰਘ ਨੇ ਇਸਦੇ ਲਾਭ ਜਾਣਦਿਆਂ ਲੂਣ ਖਾਣਾ ਤਿਆਗ ਦਿੱਤਾ ਤੇ ਕੋਈ 12 ਸਾਲ ਅਲੂਣੀ ਖੁਰਾਕ ਖਾਧੀ।

ਇਥੇ ਇਹ ਗੱਲ ਦੱਸਣੀ ਵੀ ਬੜੀ ਜ਼ਰੂਰੀ ਹੈ ਕਿ ਸੋਹਣ ਸਿੰਘ ਦੀ ਸ਼ਾਦੀ ਬਚਪਨ ਵਿਚ ਹੀ ਹੋ ਗਈ ਸੀ ਪਰ ਉਸਦੇ ਘਰ ਕੋਈ ਔਲਾਦ ਨਹੀਂ ਸੀ ਹੋਈ।

ਸਾਲ 1896-97 ਵਿਚ ਪੰਜਾਬ ਪਲੇਗ ਦਾ ਸ਼ਿਕਾਰ ਹੋ ਗਿਆ। ਬਾਬੇ ਕੇਸਰ ਦੇ ਪਰਿਵਾਰ ਵਿਚ ਇਕ ਬੱਚੀ ਤੋਂ ਬਗੈਰ ਹੋਰ ਕੋਈ ਇਸਤਰੀ ਨਾ ਬਚ ਸਕੀ। ਸੋਹਣ ਸਿੰਘ ਨੇ ਬੱਚੀ ਦੀ ਪਾਲਣਾ ਆਪਣੇ ਜ਼ਿੰਮੇ ਲੈ ਲਈ ਅਤੇ ਉਸਦੀ ਪਤਨੀ ਨੇ ਉਸ ਬੱਚੀ ਨੂੰ ਧੀਆਂ ਵਾਂਗ ਪਾਲਿਆ।

ਬਾਬਾ ਕੇਸਰ ਹੋਲੇ ਮਹੱਲੇ ਦਾ ਤਿਉਹਾਰ ਨਾਮਧਾਰੀ ਰੀਤ ਅਨੁਸਾਰ ਧੂਮ-ਧਾਮ ਨਾਲ ਮਨਾਉਂਦੇ ਹੁੰਦੇ ਸਨ। ਇਹ ਆਮ ਤੌਰ 'ਤੇ ਭਕਨੇ ਹੋਇਆ ਕਰਦਾ ਸੀ ਤੇ ਇਸਦਾ ਭਾਰ ਹੁਣ ਨਵੇਂ ਸੇਵਕ ਸੋਹਣ ਸਿੰਘ 'ਤੇ ਸੀ। ਏਦਾਂ ਕਈ ਸਾਲ ਹਜ਼ਾਰਾਂ ਰੁਪਏ ਖਰਚ ਹੁੰਦੇ ਗਏ। ਸੋਹਣ ਸਿੰਘ ਦੀ ਮਾਇਕ ਹਾਲਤ ਹੋਰ ਮੰਦੀ ਪੈਂਦੀ ਗਈ। ਕਰ-ਕਰਾਕੇ ਦੋ-ਢਾਈ ਏਕੜ ਤੋਂ ਸਿਵਾ ਸਾਰੀ ਜ਼ਮੀਨ ਗਹਿਣੇ ਪੈ ਗਈ ਤੇ 3000 ਰੁਪਏ ਤੋਂ ਵੱਧ ਦਾ ਉਧਾਰ ਵੀ ਉਸਦੇ ਸਿਰ ਹੋ ਗਿਆ।

## ਪੁੰਨ ਕਮਾਈ ਵੇਚਣੋਂ ਇਨਕਾਰ

ਕਰਜ਼ਿਆਂ ਦੀ ਪੰਡ ਅਤੇ ਵਾਹੀ-ਖੇਤੀ ਦੀ ਉਪਜ ਵਲੋਂ ਨਿਰਾਸ਼ਾ ਨਾਲ ਸੋਹਣ ਸਿੰਘ ਸ਼ਿੱਥਾ ਪੈ ਗਿਆ। ਰੰਗੀ ਕਮਾਈ ਦੀ ਸੱਧਰ ਵੱਸ ਉਸਨੇ ਅਮਰੀਕਾ ਜਾਣ ਦਾ ਫ਼ੈਸਲਾ ਕਰ ਲਿਆ। ਜਦੋਂ ਬਾਬਾ ਕੇਸਰ ਤੋਂ ਆਗਿਆ ਲੈਣ ਮੁਹਾਵੇ ਗਿਆ ਤਾਂ ਅੱਗੇ ਲੋਪੋਕੇ ਦਾ ਕੋਈ ਧਨਾਢ ਆਇਆ ਬੈਠਾ ਸੀ। ਸਾਰੀ ਬਾਤਚੀਤ ਸਮਝਣ ਤੋਂ ਬਾਅਦ ਉਸਨੇ ਸੋਹਣ ਸਿੰਘ ਨੂੰ ਕਿਹਾ, "ਜੇਕਰ ਆਪਣਾ ਪਿਛਲਾ ਪੁੰਨ-ਦਾਨ ਤੇ ਘਾਲ ਕਮਾਈ ਮੇਰੇ ਨਾਂ ਕਰਨ ਦਾ ਵਚਨ ਦਏਂ ਤਾਂ ਤੇਰੇ ਸਾਰੇ ਕਰਜ਼ੇ ਮੈਂ ਮੋੜ ਦਿਆਂਗਾ।"

ਸੋਹਣ ਸਿੰਘ ਨੇ ਧਰਮ ਵੇਚਣ ਤੋਂ ਇਨਕਾਰ ਕਰ ਦਿਤਾ। ਬਾਬਾ ਕੇਸਰ ਨੇ ਉਸਨੂੰ ਚਿੱਤ ਲਾ ਕੇ ਖੇਤੀ ਕਰਨ ਦੀ ਨਸੀਹਤ ਕੀਤੀ ਅਤੇ ਘਰ ਤੋਰ ਦਿਤਾ। ਉਸਨੇ ਪਿੰਡ ਪਰਤ ਕੇ ਅਮਰੀਕਾ ਜਾਣ ਲਈ ਇਕੱਠੀ ਕੀਤੀ ਰਕਮ ਦੇ ਬਲਦ ਖਰੀਦ ਲਏ ਅਤੇ ਜਾਨ ਮਾਰ ਕੇ ਖੇਤੀ-ਬਾੜੀ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ।

## ਪਾਦਰੀ ਦਾ ਚੋਗਾ

ਪ੍ਰਸਿਧ ਪਿੰਡ ਬਹਿੜਵਾਲ (ਜ਼ਿਲਾ ਅੰਮ੍ਰਿਤਸਰ) ਦੇ ਕਈ ਵਾਸੀ, ਅੰਗਰੇਜ਼ਾਂ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲਚ ਵਿਚ ਆ ਕੇ ਈਸਾਈ ਹੋ ਚੁੱਕੇ ਸਨ ਪਰ ਬਾਬੇ ਕੇਸਰ ਨਾਲ ਪੁਰਾਣ ਮੇਲ ਜਲ ਕਾਰਨ ਅਜੇ ਵੀ 'ਸਤਸੰਗ' ਲਾਉਂਦੇ ਰਹਿੰਦੇ ਸਨ। ਇਸੇ ਪ੍ਰਕਾਰ ਉਥੋਂ ਦਾ ਈਸਾਈ ਹੋਇਆ ਪਾਦਰੀ ਵਧਾਵਾ ਮੱਲ, ਸੋਹਣ ਸਿੰਘ ਦਾ ਚੰਗਾ ਸੱਜਣ ਬਣ ਗਿਆ ਸੀ।

ਇਕ ਦਿਨ ਉਹ ਪਾਦਰੀ ਭਕਨੇ ਆਇਆ ਤਾਂ ਸੋਹਣ ਸਿੰਘ ਖੇਤੋਂ ਪੱਠੇ ਲਿਆ ਰਿਹਾ ਸੀ। ਉਸਦੀ ਮੰਦ-ਹਾਲੀ ਅਤੇ ਕਰਜ਼ਾਈ ਹਾਲਤ ਪਾਦਰੀ ਤੋਂ ਗੁੱਝੀ ਨਹੀਂ ਸੀ। ਵਧਾਵਾ ਮੱਲ ਨੇ ਮੌਕਾ ਤਾੜਿਆ ਅਤੇ ਸੋਹਣ ਸਿੰਘ ਨੂੰ ਧੀਰਜ ਅਤੇ ਪਿਆਰ ਦੀਆਂ ਗੱਲਾਂ ਵਿਚ ਲਿਆ ਕੇ ਆਰਥਿਕ ਬੋਝ ਤੋਂ ਸੁਰਖ਼ਰੂ ਹੋਣ ਦੀ ਬੁਝਾਰਤ ਪਾਈ।

ਵਧਾਵਾ ਮੱਲ ਪਾਦਰੀ ਨੇ ਆਖ਼ੀਰ ਅਤੇ ਕਰਜ਼ਾ ਲਾਹੁਣ ਲਈ ਈਸਾਈ ਬਣ ਜਾਣ ਦਾ ਲਾਲਚ ਦਿੱਤਾ। ਸੋਹਣ ਸਿੰਘ ਨੂੰ ਉਸਦੀ ਗੱਲ ਦਾ ਬੜਾ ਗੁੱਸਾ ਆਇਆ ਤੇ ਉਹ ਰੋਹ ਵਿਚ ਆ ਕੇ ਬੋਲਿਆ, ''ਜੇ ਮੈਂ ਮਿਸ਼ਨ ਦੇ ਜੂਠੇ ਟੁਕੜੇ ਈ ਖਾਣੇ ਹੁੰਦੇ ਤਾਂ ਮੈਨੂੰ ਏਨੀ ਜਾਇਦਾਦ ਫੂਕਣ ਦੀ ਕੀ ਲੋੜ ਸੀ?''

## ਅਮਰੀਕਾ ਦੀ ਤਿਆਰੀ

ਸਾਲ ਭਰ ਦੀ ਹੱਡ ਭੰਨਵੀਂ ਕਮਾਈ ਤੋਂ ਬਾਅਦ ਸੋਹਣ ਸਿੰਘ ਦਾ ਮਨ ਵਾਹੀ ਵੱਲੋਂ ਖੱਟਾ ਹੋ ਗਿਆ। ਢਾਈ ਕੁ ਏਕੜ ਜ਼ਮੀਨ ਚੋਂ ਭਲਾ ਕਿੰਨੀ ਕੁ ਪੈਦਾਵਾਰ ਨਿਕਲ ਸਕਦੀ ਸੀ ਤੇ ਉਦੋਂ ਉਪਜ ਦੇ ਭਾਅ ਵੀ ਕੋਈ ਏਨੇ ਚੰਗੇ ਨਹੀਂ ਸਨ।

ਉਸਨੇ ਬਾਬਾ ਕੇਸਰ ਨੂੰ ਬਿਨਾਂ ਦੱਸਿਆਂ ਅਮਰੀਕਾ ਦੀ ਮੁੜ ਤਿਆਰੀ ਕੱਸ ਲਈ। ਮਾਲ-ਡੰਗਰ ਵੇਚ ਕੇ ਤੇ ਕੁਝ ਉਧਾਰ ਫੜ੍ਹ ਕੇ ਉਸਨੇ ਆਪਣੇ ਸਫ਼ਰ ਦਾ ਖ਼ਰਚ ਬਣਾ ਲਿਆ ਤੇ ਉਹ 3 ਫਰਵਰੀ 1909 ਨੂੰ ਅਮਰੀਕਾ ਜਾਣ ਲਈ ਘਰੋਂ ਤੁਰ ਪਿਆ। ਘਰ ਦੀਆਂ ਤਿੰਨੇ ਔਰਤਾਂ ਸਮੇਤ ਸਾਰਾ ਆਂਢ-ਗੁਆਂਢ ਉਸਨੂੰ ਪਿੰਡੋਂ ਬਾਹਰ ਤੋਰਨ ਲਈ ਆਇਆ।

ਅੰਮ੍ਰਿਤਸਰੋਂ 7 ਹੋਰ ਸਾਥੀ ਅਮਰੀਕਾ ਜਾਣ ਵਾਲੇ ਮਿਲ ਪਏ ਤੇ ਉਹ ਸਭ ਗੱਡੀ ਚੜ੍ਹ ਕੇ ਕਲਕੱਤੇ ਪਹੁੰਚੇ। ਕਲਕੱਤਿਉਂ ਉਹ ਬਾਕੀ ਸਾਥੀਆਂ ਨਾਲ ਸਮੁੰਦਰੀ ਜਹਾਜ਼ ਵਿਚ ਸੁਆਰ ਹੋਏ ਤੇ ਕੁਝ ਦਿਨਾਂ ਵਿਚ ਹੀ ਹਾਂਗਕਾਂਗ ਜਾ ਅਪੜੇ। ਇਥੇ ਅਮਰੀਕਾ ਜਾਣ ਲਈ ਡਾਕਟਰੀ ਤੇ ਹੋਰ ਪੜਤਾਲ ਹੋਣੀ ਸੀ। ਅਮਰੀਕਾ ਜਾਣ ਵਾਲੇ ਲੋਕਾਂ ਦੀ ਵਧਦੀ ਗਿਣਤੀ ਕਾਰਨ ਇਹ ਪਾਬੰਦੀਆਂ ਸਖ਼ਤ ਕਰ ਦਿੱਤੀਆਂ ਗਈਆਂ ਸਨ। ਸੋਹਣ ਸਿੰਘ ਦੇ ਸੱਤੇ ਸਾਥੀ ਅੱਖਾਂ ਵਿਚ ਕੁੱਕਰੇ ਹੋਣ ਦੇ ਨੁਕਸ ਕਾਰਨ ਫੇਲ੍ਹ ਹੋ ਗਏ ਅਤੇ ਉਨ੍ਹਾਂ ਪਿਛੇ ਮੁੜਨ ਨਾਲੋਂ ਹਾਂਗਕਾਂਗ ਹੀ ਰਹਿਣਾ ਸਵੀਕਾਰ ਕਰ ਲਿਆ। ਸੋਹਣ ਸਿੰਘ ਨੂੰ ਅਮਰੀਕਾ ਜਾਣ ਲਈ ਹੋਰ ਜਹਾਜ਼ ਮਿਲਣਾ ਸੀ।

ਅੱਗੇ ਜਾਣ ਲਈ ਸੋਹਣ ਸਿੰਘ ਨੂੰ ਕੋਈ ਹਮਵਤਨ ਸਾਥੀ ਨਾ ਮਿਲਿਆ। ਉਸਨੇ ਇਕੱਲੇ ਹੀ ਅੱਗੇ ਜਾਣ ਦੀ ਧਾਰ ਲਈ। ਉਸਨੂੰ ਇਕ ਜਾਪਾਨੀ ਜਹਾਜ਼ ਮਿਲ ਗਿਆ। ਚਾਵਲ ਤੇ ਮੱਛੀ ਨੂੰ ਨਫ਼ਰਤ ਕਰਨ ਕਰਕੇ ਉਸਨੇ ਆਪਣਾ ਵੈਸ਼ਨੋ ਰਾਸ਼ਨ (ਬਿਸਕੁਟ, ਖੰਡ ਤੇ ਘਿਓ) ਲੈ ਕੇ ਜਹਾਜ਼ ਵਿਚ ਰੱਖ ਲਿਆ ਅਤੇ ਅਗਲਾ ਸਫ਼ਰ ਸ਼ੁਰੂ ਕੀਤਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁੰਦਰੀ ਜਹਾਜ਼ ਚੌਥੇ ਦਿਨ ਸੰਘਾਈ ਪੁੱਜਾ। ਅੱਗੇ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਆਈ। ਉਥੋਂ ਰੂਸ ਜ਼ਾਰ-ਸ਼ਾਹੀ ਦੇ ਸਤਾਏ 4 ਯਾਤਰੂ ਅਮਰੀਕਾ ਜਾਣ ਲਈ ਜਾਪਾਨੀ ਜਹਾਜ਼ ਵਿਚ ਚੜ੍ਹੇ। ਸੋਹਣ ਸਿੰਘ ਨੂੰ ਯਾਤਰਾ ਦਾ ਚੰਗਾ ਸਾਥ ਮਿਲ ਗਿਆ। ਭਾਵੇਂ ਉਹ ਇਕ ਦੂਸਰੇ ਦੀ ਬੋਲੀ ਚੰਗੀ ਤਰ੍ਹਾਂ ਨਹੀਂ ਸਨ ਸਮਝ ਸਕਦੇ ਪਰ ਸੰਕੇਤਾਂ-ਇਸ਼ਾਰਿਆਂ ਅਤੇ ਅੰਗਰੇਜ਼ੀ-ਉਰਦੂ ਡਿਕਸ਼ਨਰੀ ਦੀ ਮਦਦ ਨਾਲ ਦੋਹਾਂ ਧਿਰਾਂ ਨੇ ਕੰਮ ਸਾਰ ਹੀ ਲਿਆ।

## ਅਮਰੀਕਾ ਵਿਚ ਪਹੁੰਚ

4 ਅਪ੍ਰੈਲ 1909 ਨੂੰ ਉਨ੍ਹਾਂ ਦਾ ਜਹਾਜ਼ ਅਮਰੀਕਾ ਦੀ ਬੰਦਰਗਾਹ ਸਿਆਟਲ ਜਾ ਲੱਗਾ। ਇਮੀਗਰੇਸ਼ਨ ਵਾਲਿਆਂ ਛੱਤੀ ਪ੍ਰਕਾਰ ਦੀਆਂ ਸੁਆਲੀ-ਗੁੰਝਲਾਂ ਨਾਲ ਉਸਨੂੰ ਫਸਾਉਣਾ ਚਾਹਿਆ ਪਰ ਅਮਰੀਕਾ ਤੋਂ ਬੁਲਾਉਣ ਵਾਲੇ ਸ: ਕੇਹਰ ਸਿੰਘ ਅਤੇ ਸ: ਹਰਨਾਮ ਸਿੰਘ ਕਾਹਰੀ ਸਾਹਰੀ ਦੀਆਂ ਕੋਸ਼ਿਸ਼ਾਂ ਨਾਲ ਮਸਾਂ ਖ਼ਲਾਸੀ ਹੋਈ ਅਤੇ ਉਸਨੂੰ ਅਮਰੀਕਾ ਉਤਰਨ ਦੀ ਆਗਿਆ ਮਿਲੀ।

ਅਮਰੀਕਾ ਦੀ ਪਹਿਲੀ ਰਾਤ ਸ: ਹਰਨਾਮ ਸਿੰਘ ਕੋਲ ਕੱਟੀ। ਦੇਰ ਰਾਤ ਤਕ ਪਰਿਵਾਰ ਅਤੇ ਵਤਨ ਦਾ ਦੁੱਖ ਸੁੱਖ ਸਾਂਝਾ ਕੀਤਾ ਤੇ ਸੋਹਣ ਸਿੰਘ ਨੇ 'ਪੱਗੜੀ ਸੰਭਾਲ ਜੱਟਾ' ਲਹਿਰ ਦੀ ਜਾਣਕਾਰੀ ਦਿੱਤੀ। ਅਗਲੇ ਦਿਨ ਉਹ ਸ: ਕੇਹਰ ਸਿੰਘ ਨਾਲ ਰੇਲ ਦੁਆਰਾ ਗੁਲਾਬਾਂ ਦੇ ਸ਼ਹਿਰ ਪੋਰਟਲੈਂਡ ਨੂੰ ਚੱਲ ਪਏ।

ਪੋਰਟਲੈਂਡ ਤੋਂ ਤਿੰਨ ਮੀਲ ਦੂਰ ਕੋਲੰਬੀਆ ਨਹਿਰ ਦੇ ਕਢੇ 'ਮੋਨਾਰਕ' ਨਾਂ ਦੀ ਨਵੀਂ ਆਰਾ ਮਿਲ ਉਸਰ ਰਹੀ ਸੀ। ਉਥੇ ਹਜ਼ਾਰਾਂ ਮਜ਼ਦੂਰ ਕੰਮ ਕਰਦੇ ਸਨ, ਜਿਨ੍ਹਾਂ ਵਿਚ ਦੋ ਸੋ ਦੇ ਕਰੀਬ ਪੰਜਾਬੀ ਵੀ ਸਨ। ਹਰੇਕ ਮਜ਼ਦੂਰ ਨੂੰ ਉਦੋਂ 3 ਡਾਲਰ (8-10 ਰੁਪਏ) ਦਿਹਾੜੀ ਮਿਲਦੀ ਸੀ। ਇਕ ਦੋ ਦਿਨ ਤਾਂ ਸੋਹਣ ਸਿੰਘ ਨੇ ਸਫ਼ਰ ਦੀ ਥਕਾਵਟ ਲਾਹੀ। ਏਨੇ ਵਿਚ ਕੇਹਰ ਸਿੰਘ ਨੇ ਠੇਕੇਦਾਰ ਨਾਲ ਗੱਲ ਕਰ ਲਈ ਅਤੇ ਉਸਨੂੰ ਕੰਮ 'ਤੇ ਲਵਾ ਦਿੱਤਾ।

ਮਜ਼ਦੂਰ ਦਾ ਕੰਮ ਬੜਾ ਸਖ਼ਤ ਸੀ। ਰੇਤ, ਸੀਮੈਂਟ ਅਤੇ ਬੱਜਰੀ ਮਿਲਾਏ ਗਿੱਲੇ ਮਸਾਲੇ ਦੀਆਂ ਰੇੜ੍ਹੀਆਂ ਨੂੰ ਧੱਕ ਧੱਕ ਕਾਰਖਾਨੇ ਦੀਆਂ ਕੰਧਾਂ ਅਤੇ ਛੱਤਾਂ 'ਤੇ ਪਹੁੰ-ਚਾਉਣਾ ਪੈਂਦਾ ਸੀ। ਸੋਹਲ ਸਰੀਰ ਹੋਣ ਕਾਰਨ ਸੋਹਣ ਸਿੰਘ ਪਹਿਲਾਂ ਪਹਿਲ ਬੜਾ ਔਖਾ ਹੋਇਆ। ਕੇਹਰ ਸਿੰਘ ਨੇ ਉਸਨੂੰ ਇਕ ਹਫ਼ਤੇ ਲਈ ਅੱਧੀ ਦਿਹਾੜੀ ਤਕ ਕੰਮ ਕਰਨ ਦੀ ਆਗਿਆ ਲੈ ਦਿੱਤੀ। ਹਫ਼ਤੇ ਬਾਅਦ ਉਹ ਪੂਰੀ ਦਿਹਾੜੀ ਲਾਉਣ ਲੱਗ ਪਿਆ ਅਤੇ ਓਵਰ ਟਾਈਮ ਬਣਾਉਣ ਲੱਗ ਪਿਆ।

## 'ਹਿੰਦੀ ਬ੍ਰਦਰਜ਼' ਦੀ ਸਥਾਪਨਾ

ਸੋਹਣ ਸਿੰਘ ਅਤੇ ਕੇਹਰ ਸਿੰਘ ਨੇ ਚੀਨੀਆਂ ਅਤੇ ਜਪਾਨੀਆਂ ਦੀ ਰੀਸੇ ਵਪਾਰ ਕਰਨ ਦੀ ਵਿਉਂਤ ਬਣਾਈ ਅਤੇ 'ਹਿੰਦੀ ਬ੍ਰਦਰਜ਼' ਨਾਂ ਦੀ ਕੰਪਨੀ ਸਥਾਪਤ ਕਰ ਲਈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਚ ਉਨ੍ਹਾਂ ਦੇ ਕਈ ਹੋਰ ਸਾਥੀਆਂ ਨੇ ਪੂੰਜੀ ਪਾਈ। ਸੋਚ ਵਿਚਾਰ ਤੋਂ ਬਾਅਦ ਕੰਪਨੀ ਨੇ ਮੁਰਾਦਾਬਾਦ (ਯੂ. ਪੀ.) ਤੋਂ ਪਿੱਤਲ ਦੇ ਫੁੱਲ-ਦਾਨ, ਕੈਂਡਲ, ਤਾਸੀਆਂ ਆਦਿ ਸਮਾਨ ਅਮਰੀਕਾ ਮੰਗਵਾਇਆ। ਅਮਰੀਕੀਆਂ ਨੇ ਚੀਜ਼ਾਂ ਦੇ ਦਾਖ਼ਲੇ 'ਤੇ ਭਾਰੀ ਮਸੂਲ ਜੜ ਦਿੱਤਾ। ਕਈ ਅਪੀਲਾਂ ਕੀਤੀਆਂ ਗਈਆਂ ਪਰ ਕੋਈ ਸੁਣਵਾਈ ਨਾ ਹੋਈ। ਸਾਲ ਭਰ ਮਾਲ ਰੁਕਿਆ ਪਿਆ ਰਿਹਾ ਅਤੇ ਗੁਦਾਮਾਂ ਦਾ ਕਿਰਾਇਆ ਵੀ ਪੈਂਦਾ ਰਿਹਾ। ਜਦੋਂ ਰੇੜਕਾ ਮੁੱਕਿਆ ਤਾਂ ਅਮਹੀਕੀਆਂ ਨੇ ਭਾਰਤੀ ਮਾਲ ਵਿਚ ਉਹ ਦਿਲਚਸਪੀ ਹੀ ਨਾ ਵਿਖਾਈ, ਜਿਸਦੀ 'ਹਿੰਦੀ ਬ੍ਰਦਰਜ਼' ਦੇ ਪ੍ਰਬੰਧਕ ਆਸ ਰੱਖਦੇ ਸਨ। ਸਿੱਟਾ ਇਹ ਹੋਇਆ, ਕਿ ਕੰਪਨੀ ਘਾਟੇ ਵਿਚ ਗਈ ਅਤੇ ਤੋੜ ਦਿੱਤੀ ਗਈ।

## ਭਾਰਤੀ ਕਿਰਤੀਆਂ 'ਤੇ ਜ਼ੁਲਮ

ਰੰਗੂਨ, ਸਿੰਘਾਪੁਰ, ਹਾਂਗਕਾਂਗ, ਕਨੇਡਾ ਤੇ ਅਮਰੀਕਾ ਵਿਚ ਚੰਗੀ ਮਜ਼ਦੂਰੀ ਮਿਲ ਜਾਂਦੀ ਸੀ। ਇਸ ਕਾਰਨ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਬਥੇਰੇ ਭਾਰਤੀ ਰੋਜ਼ੀ-ਰੋਟੀ ਦੀ ਭਾਲ ਵਿਚ ਪ੍ਰਦੇਸੀਂ ਜਾ ਚੁੱਕੇ ਸਨ। ਅਮਰੀਕਾ ਜਾਣ ਦੇ ਤਾਂਘੀ ਮਜ਼ਦੂਰ ਪਹਿਲਾਂ ਕਨੇਡਾ ਜਾਂਦੇ ਸਨ, ਕਿਉਂਕਿ ਉਥੋਂ ਅਮਰੀਕਾ ਜਾਣ 'ਤੇ ਕੋਈ ਰੋਕ ਨਹੀਂ ਸੀ। ਜਦੋਂ ਕਨੇਡਾ ਸਰਕਾਰ ਨੇ ਆਪਣੇ ਦੇਸ਼ ਆਉਣ 'ਤੇ ਕੁਝ ਪਾਬੰਦੀਆਂ ਲਾ ਦਿੱਤੀਆਂ ਤਾਂ ਭਾਰਤੀਆਂ ਅਤੇ ਹੋਰਨਾਂ ਗੈਰ-ਮੁਲਕੀ ਮਜ਼ਦੂਰਾਂ ਦਾ ਝੁਕਾਅ ਅਮਰੀਕਾ ਵੱਲ ਹੋਰ ਵਧ ਗਿਆ।

ਅਮਰੀਕਾ ਸਰਕਾਰ ਭਾਵੇਂ ਭਾਰਤੀਆਂ ਦੀ ਖ਼ਾਤਰ ਅੰਗਰੇਜ਼ਾਂ ਨਾਲ ਟੱਕਰ ਲੈਣ ਤੋਂ ਕਤਰਾਉਂਦੀ ਸੀ ਪਰ ਆਪਣੇ ਤਰੀਕਿਆਂ ਨਾਲ ਹਿੰਦੁਸਤਾਨੀਆਂ ਨਾਲ ਹਮਦਰਦੀ ਦੇ ਯਤਨ ਕਰਦੀ ਸੀ। ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਨੇੜੇ ਲਿਆਉਣ ਅਤੇ ਭਾਰਤੀ ਦੇਸ਼ਭਗਤਾਂ ਨਾਲ ਮੇਲ ਮਿਲਾਪ ਦੇ ਮਕਸਦ ਲਈ 'ਇੰਡੋ-ਅਮਰੀਕਨ ਸੁਸਾਇਟੀ' ਹੋਂਦ ਵਿਚ ਆਈ। ਇਸੇ ਤਰ੍ਹਾਂ ਇਕ ਹੋਰ ਸਭਾ ਦੀ ਸਥਾਪਨਾ ਹੋਈ, ਜਿਸਨੇ ਕਈ ਭਾਰਤੀ ਨੌਜਵਾਨ ਉਚੇਰੀ ਪੜ੍ਹਾਈ ਦੇ ਮੰਤਵ ਲਈ ਅਮਰੀਕਨ ਵਿਸ਼ਵ-ਵਿਦਿਆਲਿਆਂ ਵਿਚ ਬੁਲਾਏ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਕਾਹਰੀ ਸਾਹਰੀ, ਤੇਜਾ ਸਿੰਘ ਮਸਤੂਆਣਾ ਆਦਿ ਇਸੇ ਯੋਜਨਾ ਅਧੀਨ ਅਮਰੀਕਾ ਆਏ, ਜੋ ਬਾਅਦ ਵਿਚ ਗ਼ਦਰ ਲਹਿਰ ਦੇ ਵੱਡੇ ਮਹਾਂ-ਰਥੀ ਬਣੇ।

ਨਵੀਂ ਹੋਣੀ ਇਹ ਵਾਪਰੀ ਕਿ ਮਜ਼ਦੂਰੀ ਵਿਚ ਨਿਪੁੰਨ ਅਤੇ ਸੁਹਿਰਦ ਏਸ਼ੀਆਈ ਸਮੇਤ ਪੰਜਾਬੀ ਅਤੇ ਭਾਰਤੀ ਮਜ਼ਦੂਰਾਂ ਦੀ ਮੰਗ ਵਧਣ ਨਾਲ ਗੋਰੇ-ਮਜ਼ਦੂਰਾਂ ਵਿਚ ਈਰਖਾ ਅਤੇ ਨਫ਼ਰਤ ਪੈਦਾ ਹੋ ਗਈ। ਇਸ ਦੇ ਫਲਸਰੂਪ ਕਨੇਡਾ ਵਿਚ ਕਈ ਥਾਵਾਂ 'ਤੇ ਭਾਰਤੀ-ਮਜ਼ਦੂਰਾਂ 'ਤੇ ਸਮੂਹਕ ਹਮਲੇ ਹੋਏ। ਇਨ੍ਹਾਂ ਹਮਲਿਆਂ ਨਾਲ ਪ੍ਰਭਾਵਤ ਧਿਰਾਂ ਦੇ ਮਨਾਂ ਦਾ ਚੈਨ ਭੰਗ ਹੋਇਆ ਅਤੇ ਪ੍ਰਦੇਸ ਬੈਠੇ ਹਮਵਤਨੀਆਂ ਨੂੰ ਜਥੇਬੰਦ ਹੋਣ ਦਾ ਅਹਿਸਾਸ ਹੋਇਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਹਿੰਦੀਆਂ ਦੀ ਦੁਰਗੱਤ

1910 ਵਿਚ ਕਨੇਡਾ ਨੇ ਸਖ਼ਤੀ ਕਰਨ ਦੇ ਕਾਨੂੰਨ ਬਣਾਏ ਸਨ। 1913 ਵਿਚ ਅਮਰੀਕਨ ਸਰਕਾਰ ਨੇ ਵੀ ਇਸ ਕਿਸਮ ਦਾ ਇਕ ਬਿੱਲ ਪਾਸ ਕੀਤਾ ਤੇ ਨਵਾਂ ਕਾਨੂੰਨ ਬਣਾ ਕੇ ਭਾਰਤੀਆਂ ਨੂੰ ਅਮਰੀਕਾ ਵਿਚ ਮਜ਼ਦੂਰੀ ਕਰਨ ਆਉਣ ਤੇ ਪਾਬੰਦੀ ਲਾ ਦਿੱਤੀ।

ਭਾਰਤੀ ਮਜ਼ਦੂਰ ਅਮਰੀਕਾ ਦੀ ਸੁੰਦਰਤਾ ਦਾ ਨਿਰਮਾਤਾ ਸੀ ਪਰ ਇਸਨੂੰ ਮਾਨਣ ਦਾ ਉੱਕਾ ਹੱਕਦਾਰ ਨਹੀਂ ਸੀ। ਕਿਸੇ ਸੋਹਣੀ ਪਾਰਕ ਵਿਚ ਟਹਿਲਣ ਤੇ ਚੰਗੇ ਹੋਟਲ ਵਿਚ ਖਾਣਾ ਖਾਣ ਦਾ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਸੀ। ਕਈ ਵਾਰ ਵੱਡੇ ਵੱਡੇ ਹੋਟਲਾਂ ਦੇ ਬਾਹਰ 'ਇੰਡੀਅਨ ਐਂਡ ਡੋਗਜ਼ ਆਰ ਨਾਟ ਅਲਾਊਡ' ਤਕ ਲਿਖਿਆ ਹੁੰਦਾ।

ਇਸ ਪ੍ਰਕਾਰ ਅਮਰੀਕਾ ਦੀ ਨਵ-ਉਸਾਰੀ ਕਰਨ ਵਾਲੇ ਹਿੰਦੀਆਂ ਦੀ ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਨ ਕੋਈ ਕਦਰ ਨਹੀਂ ਸੀ। ਅਮਰੀਕਨਾਂ ਨਾਲ ਉਨ੍ਹਾਂ ਦਾ ਕੋਈ ਵਰਤੋਂ ਵਿਹਾਰ, ਲੈਣ ਦੇਣ ਤੇ ਸਾਂਝ ਨਹੀਂ ਸੀ। ਉਹ ਤਾਂ ਸਗੋਂ 'ਹਿੰਦੂ ਸਲੇਵ' ਦੇ ਮੇਹਣੇ ਤੇ ਹੂਕਾਂ ਮਾਰਦੇ ਸਨ ਤੇ ਜਿਨ੍ਹਾਂ ਨੂੰ ਸੁਣ ਕੇ ਹਿੰਦੀ-ਮਜ਼ਦੂਰ ਗ਼ਮ ਤੇ ਨਿਰਾਸ਼ਾ ਦੀ ਡੂੰਘੀਆਂ ਵਹਿਣਾਂ ਵਿਚ ਵਹਿ ਜਾਂਦੇ।

## ਹੋਟਲ ਵਿਚ ਬੇਕਦਰੀ

ਬਾਬਾ ਸੋਹਣ ਸਿੰਘ ਮੋਨਾਰਕ ਮਿਲ ਵਿਚ ਕੰਮ ਕਰਦੇ ਸਨ ਕਿ ਸੰਤ ਤੇਜਾ ਸਿੰਘ ਜੀ ਕਨੇਡਾ ਤੋਂ ਅਮਰੀਕਾ ਆਏ ਅਤੇ ਇਕ ਦਿਨ ਉਹ ਬਾਬਾ ਜੀ ਨੂੰ ਮਿਲੇ। ਛੁੱਟੀ ਵਾਲਾ ਦਿਨ ਚੌਣ ਕਰਕੇ ਉਹ ਸੰਤ ਜੀ ਨੂੰ ਪੋਰਟਲੈਂਡ ਵਿਖਾਉਣ ਚਲੇ ਗਏ। ਰੋਟੀ ਦੇ ਵੇਲੇ ਇਕ ਸਾਫ਼ ਸੁਥਰੇ ਹੋਟਲ ਵਿਚ ਜਾ ਬੈਠੇ ਤਾਂ ਉਨ੍ਹਾਂ ਨੂੰ ਹਿੰਦੁਸਤਾਨੀ ਹੋਣ ਕਰਕੇ ਖਾਣਾ ਨਾ ਦਿੱਤਾ ਗਿਆ। ਹੋਟਲ ਦੇ ਅਹਿਲਕਾਰਾਂ ਦੇ ਜੁਆਬ ਦਿੱਤਾ, "ਭਾਰਤੀਆਂ ਲਈ ਇਸਦੇ ਦਰਵਾਜ਼ੇ ਬੰਦ ਹਨ। ਜੇ ਤੁਹਾਨੂੰ ਏਥੇ ਖਾਣਾ ਖਾਣ ਦੀ ਆਗਿਆ ਦੇ ਦਿਤੀ ਤਾਂ ਗੋਰੇ ਇਸ ਹੋਟਲ ਦਾ ਬਾਈਕਾਟ ਕਰ ਦੇਣਗੇ!"

## ਕੰਮ ਦੇ ਬਦਲੇ ਬੰਦੂਕ

ਇਕ ਵਾਰ ਮੰਦਵਾੜੇ ਦੇ ਦਿਨਾਂ ਵਿਚ ਬਾਬਾ ਜੀ ਹੋਰਾਂ ਵਾਲੀ ਮਿਲ ਵੀ ਬੰਦ ਹੋ ਗਈ। ਕੇਹਰ ਸਿੰਘ ਸਮੇਤ ਉਹ ਫਿਰਦੇ-ਫਿਰਾਂਦੇ ਲੱਕੜੀ ਦੇ ਇਕ ਕਾਰਖਾਨੇ ਵਿਚ ਗਏ। ਮੈਨੇਜਰ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਕਿਹਾ, 'ਮੇਰੇ ਕੋਲ ਕੰਮ ਤਾਂ ਹੈ ਪਰ ਤੁਹਾਨੂੰ ਨਹੀਂ ਲਾਉਣਾ!"

ਕਾਰਨ ਪੁੱਛਣ ਤੇ ਉਸ ਨੇ ਜਜ਼ਬਾਤੀ ਹੁੰਦਿਆਂ ਕਿਹਾ, "ਦਿਲ ਕਰਦਾ ਏ ਤੁਹਾਨੂੰ ਦੋਹਾਂ ਨੂੰ ਗੋਲੀ ਮਾਰ ਦਿਆਂ। ਜਾਓ, ਮੇਰੀਆਂ ਨਜ਼ਰਾਂ ਤੋਂ ਦੂਰ ਚਲੇ ਜਾਓ!"

ਹੈਰਾਨੀ ਤੇ ਪਰੇਸ਼ਾਨੀ ਵਿਚ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਵੇਂ ਹਮ-ਵਤਨੀ ਹਿੰਦੀ ਇਕ ਦੂਜੇ ਵੱਲ ਤੇ ਕਦੇ ਮੈਨੇਜਰ ਵੱਲ ਵੇਖ ਰਹੇ ਸਨ, ਜਿਸਨੇ ਆਪ ਹੀ ਪਹਿਲਾਂ ਉਨ੍ਹਾਂ ਨੂੰ ਸਲੀਕੇ ਨਾਲ ਕੁਰਸੀ ਤੇ ਬੈਠਣ ਲਈ ਕਿਹਾ ਸੀ ।

ਭਾਰਤ ਦੀ ਜਨ-ਸੰਖਿਆ ਪੁੱਛਣ ਤੋਂ ਮਿਲੇ ਜੁਆਬ ਨਾਲ ਮੈਨੇਜਰ ਹੋਰ ਰੋਹ ਵਿਚ ਆ ਗਿਆ ਅਤੇ ਕੜਕ ਕੇ ਬੋਲਿਆ, "ਤੀਹ ਕਰੋੜ ਮਨੁੱਖ ਹੋ ਜਾਂ ਭੇਡਾਂ ?"

ਸ਼ਰਮਾਸਾਰੀ ਤੋਂ ਬਗੈਰ ਦੋਵੇਂ ਭਾਰਤੀ ਉਸ ਸਮੇਂ ਕੀ ਜੁਆਬ ਦਿੰਦੇ । ਇਸ ਸਮੇਂ ਮੈਨੇਜਰ ਨੇ ਫਿਰ ਕਿਹਾ, "ਮੇਰੇ ਕੋਲੋਂ ਬੰਦੂਕ ਫੜੋ । ਜੇ ਮਰਦ ਹੋ ਤਾਂ ਪਹਿਲਾਂ ਅਪਣੇ ਦੇਸ਼ ਨੂੰ ਆਜ਼ਾਦ ਕਰਾਓ । ਅਜ਼ਾਦ ਹੋ ਕੇ ਜਦ ਅਮਰੀਕਾ ਆਵੋਗੇ ਤਾਂ ਮੈਂ ਸਭ ਤੋਂ ਅੱਗੇ ਹੋ ਕੇ ਤੁਹਾਡਾ ਸੁਆਗਤ ਕਰਾਂਗਾ ।"

ਇਸ ਘਟਨਾ ਨਾਲ ਬਾਬਾ ਜੀ ਦਾ ਦਿਲ ਤੇ ਦਿਮਾਗ ਕਈ ਦਿਨ ਭਾਰਾ ਰਿਹਾ ।

## ਭਾਰਤੀ ਝੰਡੇ ਬਾਰੇ ਪ੍ਰਸ਼ਨ

ਬਾਬਾ ਸੋਹਣ ਸਿੰਘ ਭਕਨਾ ਆਪਣੀ ਆਤਮ-ਕਥਾ ਵਿਚ ਦੱਸਦੇ ਹਨ ਕਿ ਬਾਬਾ ਭਾਗ ਸਿੰਘ, ਕੈਲੇਫੋਰਨੀਆਂ ਦੇ ਇਕ ਗੋਰੇ ਜ਼ਿਮੀਂਦਾਰ ਦੇ ਘਰ 3 ਡਾਲਰ ਰੋਜ਼ ਤੇ ਨੌਕਰ ਹੋ ਗਏ । ਉਨ੍ਹਾਂ ਦੇ ਮਿਹਨਤੀ ਸੁਭਾਅ ਤੇ ਸੁਘੜ ਸਲੀਕੇ ਨਾਲ ਗੋਰਾ ਪਰਿਵਾਰ ਮੋਹਿਆ ਗਿਆ । ਦਸਵੀਂ ਪੜ੍ਹਦੀ ਉਨ੍ਹਾਂ ਦੀ ਗੋਰੀ ਕੁੜੀ ਵਿਹਲੇ ਸਮੇਂ ਵਿਚ ਬਾਬਾ ਜੀ ਨੂੰ ਭਾਰਤ ਬਾਬਤ ਕਈ ਕੁਝ ਪੁੱਛਦੀ ਰਹਿੰਦੀ । ਇਕ ਦਿਨ ਉਹ ਦੁਨੀਆਂ ਦੇ ਝੰਡਿਆਂ ਦੀ ਐਲਬਮ ਲਿਆਈ ਤੇ ਬਾਬਾ ਜੀ ਤੋਂ ਭਾਰਤ ਦੇ ਝੰਡੇ ਬਾਰੇ ਪੁੱਛਣ ਲੱਗੀ । ਜਦ ਬਾਬਾ ਜੀ ਨੇ 'ਯੂਨੀਅਨ ਜੈਕ' ਤੇ ਉਂਗਲ ਧਰੀ ਤਾਂ 'ਡੈਮ ਹਿੰਦੂ ਸਲੇਵ' ਕਹਿੰਦੀ ਬੰਗਲੇ ਵਿਚ ਦੌੜ ਗਈ ।

ਬਾਬਾ ਭਾਗ ਸਿੰਘ ਦਾ ਦਿਲ ਚੀਸ ਨਾਲ ਵਿੰਨ੍ਹਿਆ ਗਿਆ । ਏਦਾਂ ਦੀਆਂ ਗੱਲਾਂ ਅਤੇ ਘਟਨਾਵਾਂ ਨਾਲ ਕਈਆਂ ਭਾਰਤੀਆਂ ਦੇ ਦਿਲ ਜ਼ਖ਼ਮੀ ਹੋਏ । ਪਰ ਬਿਗਾਨੀ ਧਰਤੀ 'ਤੇ ਬੈਠੇ ਉਹ ਕਰ ਵੀ ਕੀ ਸਕਦੇ ਸਨ ।

## ਗ਼ਦਰ ਲਹਿਰ ਦਾ ਮੁੱਢ

ਗੁਲਾਮੀ ਦੇ ਗ਼ਮ ਅਤੇ ਬਦੇਸ਼ਾਂ ਦੀਆਂ ਔਕੜਾਂ ਨੇ ਭਾਰਤੀ ਮਜ਼ਦੂਰਾਂ ਨੂੰ ਜਥੇਬੰਦਕ ਹੋਣ ਲਈ ਪਰੇਰਿਆ । 1912 ਵਿਚ ਪੋਰਟਲੈਂਡ ਦੇ ਭਾਰਤੀ ਮਜ਼ਦੂਰਾਂ ਦੀ ਇਕ ਇਕੱਤਰਤਾ ਹੋਈ । ਇਸ ਵਿਚ ਆਲੇ ਦੁਆਲੇ ਦੇ ਕਾਰਖਾਨਿਆਂ ਤੇ ਆਰਾ ਮਿੱਲਾਂ ਦੇ ਮਜ਼ਦੂਰ ਸ਼ਾਮਲ ਹੋਏ । ਸੇਂਟ ਜਾਹਨ ਤੋਂ ਪੰਡਤ ਕਾਂਸ਼ੀ ਰਾਮ, ਮੋਨਾਰਕ ਤੋਂ ਬਾਬਾ ਸੋਹਣ ਸਿੰਘ ਭਕਨਾ, ਬਰਾਈਡਲ-ਵਿਲ ਤੋਂ ਹਰਨਾਮ ਸਿੰਘ (ਟੁੰਡੀਲਾਟ) ਸ਼ਾਮਲ ਹੋਏ । ਇਸ ਸਮੇਂ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਇਨਕਲਾਬੀ ਸੰਸਥਾ ਦੀ ਨੀਂਹ ਰੱਖੀ ਗਈ । ਬਾਬਾ ਸੋਹਣ ਸਿੰਘ ਸਰਬ ਸੰਮਤੀ ਨਾਲ ਇਸਦੇ ਪ੍ਰਧਾਨ, ਜੀ. ਡੀ. ਕੁਮਾਰ ਮੁੱਖ ਸਕੱਤਰ ਤੇ ਪੰਡਤ ਕਾਂਸ਼ੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਖਜ਼ਾਨਚੀ ਚੁਣੇ ਗਏ। ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ, ਰਾਮ ਰੱਖਾ ਆਦਿ ਕਾਰਜਕਾਰੀ ਕਮੇਟੀ ਦੇ ਮੈਂਬਰ ਚੁਣ ਲਏ ਗਏ। ਪੋਰਟਲੈਂਡ ਵਿਚ ਇਕ ਮਕਾਨ ਲੈ ਕੇ ਦਫਤਰ ਖੋਲ੍ਹਿਆ ਗਿਆ ਤੇ 'ਹਿੰਦੁਸਤਾਨ' ਨਾਂ ਦਾ ਉਰਦੂ ਅਖ਼ਬਾਰ ਕੱਢਣ ਦਾ ਫੈਸਲਾ ਕੀਤਾ ਗਿਆ, ਜਿਸ ਨਾਲ ਭਾਰਤੀ ਜਥੇਬੰਦ ਹੋ ਸਕਣ। ਪਰ ਸ੍ਰੀ ਜੀ.ਡੀ. ਕੁਮਾਰ ਦੇ ਬਿਮਾਰ ਪੈ ਜਾਣ ਕਰਕੇ ਅਖ਼ਬਾਰ ਦੀ ਵਿਉਂਤ ਧਰੀ ਧਰਾਈ ਰਹਿ ਗਈ।

ਉਧਰ ਪੋਰਟਲੈਂਡ ਤੋਂ 75 ਮੀਲ ਦੀ ਦੂਰੀ ਤੇ ਸਵਾ ਕੁ ਸੌ ਭਾਰਤੀ ਅਸਟੋਰੀਆ ਦੀਆਂ ਆਰਾ ਮਿੱਲਾਂ ਵਿਚ ਕੰਮ ਕਰਦੇ ਸਨ। ਉਹ ਸਾਰੇ ਭਾਈ ਕੇਸਰ ਸਿੰਘ ਠੱਠਗੜ੍ਹ ਦੀ ਅਗਵਾਈ ਹੇਠ ਜਥੇਬੰਦ ਸਨ। ਬਾਬਾ ਸੋਹਣ ਸਿੰਘ ਭਕਨਾ ਦੇ ਇਥੇ ਆਉਣ ਨਾਲ ਇਸ ਜਥੇਬੰਦੀ ਵਿਚ ਨਵੀਂ ਰੂਹ ਪੈਦਾ ਹੋਈ ਤੇ ਇਥੇ ਵੀ 'ਹਿੰਦੁਸਤਾਨੀ ਐਸੋਸੀਏਸ਼ਨ' ਦੀ ਸ਼ਾਖਾ ਕਾਇਮ ਹੋ ਗਈ।

ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਜਥੇਬੰਦੀ ਦੀਆਂ ਸ਼ਾਖਾਵਾਂ ਕਾਇਮ ਹੋ ਗਈਆਂ, ਜਿਨ੍ਹਾਂ ਦੀ ਕਾਨਫਰੰਸ ਅਸਟੋਰੀਆ ਵਿਚ ਹੋਈ। ਇਸ ਕਾਨਫਰੰਸ ਵਿਚ ਇਸ ਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ ਪੈਸਫਿਕ ਕੋਸਟ' ਵਜੋਂ ਨਵਿਆਇਆ ਗਿਆ ਅਤੇ ਪਾਰਟੀ ਦਾ ਉਦੇਸ਼ ਭਾਰਤ ਵਿਚ ਹਥਿਆਰਬੰਦ ਇਨਕਲਾਬ ਮਿਥਿਆ ਗਿਆ। ਪਾਰਟੀ ਦਾ ਦਫ਼ਤਰ ਪੋਰਟਲੈਂਡ ਤੋਂ ਸਾਨਫਰਾਂਸਿਸਕੋ ਲੈ ਜਾਣ ਦਾ ਪ੍ਰਸਤਾਵ ਪਾਸ ਹੋਇਆ ਅਤੇ ਗ਼ਦਰ ਅਖ਼ਬਾਰ ਚਲਾਉਣ ਦੀ ਯੋਜਨਾ ਵੀ ਏਸੇ ਕਾਨਫਰੰਸ ਵਿਚ ਘੜੀ ਗਈ।

ਇਸ ਕਾਨਫਰੰਸ ਵਿਚ ਸਰਬਸੰਮਤੀ ਨਾਲ ਹੋਈ ਚੋਣ ਦੇ ਅਹੁਦੇਦਾਰ ਇਸ ਪ੍ਰਕਾਰ ਸਨ :—

7744

ਪ੍ਰਧਾਨ—ਬਾਬਾ ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ—ਭਾਈ ਕੇਸਰ ਸਿੰਘ ਠੱਠਗੜ੍ਹ
ਜਨਰਲ ਸਕੱਤਰ—ਲਾਲਾ ਹਰਦਿਆਲ
ਸਹਾਇਕ ਸਕੱਤਰ—ਲਾਲਾ ਠਾਕਰ ਦਾਸ ਧੂਰੀ
ਖਜ਼ਾਨਚੀ—ਪੰਡਤ ਕਾਂਸ਼ੀ ਰਾਮ

ਇਸ ਤੋਂ ਇਲਾਵਾ ਗੁਪਤ ਕਮਿਸ਼ਨ ਦੇ ਮੈਂਬਰਾਂ ਵਜੋਂ ਹੇਠ ਲਿਖੇ ਨਾਂ ਪ੍ਰਵਾਨ ਕੀਤੇ ਗਏ :—

1. ਬਾਬਾ ਸੋਹਣ ਸਿੰਘ ਭਕਨਾ
2. ਲਾਲਾ ਹਰਦਿਆਲ
3. ਪੰਡਤ ਕਾਂਸ਼ੀ ਰਾਮ

ਕਾਨਫਰੰਸ ਵਿਚ ਕੀਤੀ ਗਈ ਅਪੀਲ ਵਜੋਂ ਅਖ਼ਬਾਰ ਚਲਾਉਣ ਤੇ ਪਾਰਟੀ ਦਫ਼ਤਰ ਲਈ 10,000 ਡਾਲਰ ਚੰਦਾ ਮੌਕੇ ਤੇ ਹੀ ਇਕੱਠਾ ਹੋ ਗਿਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੀ ਨਵੰਬਰ 1913 ਨੂੰ 'ਗ਼ਦਰ' ਨਾਂ ਦਾ ਉਰਦੂ ਅਖ਼ਬਾਰ ਸਾਨਫਰਾਸਿਸਕੋ ਤੋਂ ਪ੍ਰਕਾਸ਼ਤ ਹੋ ਗਿਆ ਅਤੇ ਸੰਸਥਾ ਦੇ ਕਾਰਜ ਨੂੰ ਚਲਾਉਣ ਲਈ ਇਕ ਮਕਾਨ ਕਿਰਾਏ ਤੇ ਲੈ ਕੇ 'ਯੁਗਾਂਤਰ ਆਸ਼ਰਮ' ਖੋਲ੍ਹ ਦਿੱਤਾ ਗਿਆ।

## ਇਨਕਲਾਬ ਦੀ ਤਿਆਰੀ

ਪਾਰਟੀ ਨੂੰ ਜਥੇਬੰਦ ਕਰਨ ਦੀ ਜ਼ਿੰਮੇਵਾਰੀ ਬਾਬਾ ਸੋਹਣ ਸਿੰਘ ਭਕਨਾ ਸਿਰ ਸੀ। ਇਸ ਕਰਕੇ ਉਹ ਅਕਸਰ 'ਯੁਗਾਂਤਰ ਆਸ਼ਰਮ' ਤੋਂ ਬਾਹਰ ਹੀ ਰਹਿੰਦੇ ਸਨ। ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ ਤੇ ਰਘਬਰ ਦਿਆਲ ਗੁਪਤਾ ਦਫ਼ਤਰੀ ਤੇ ਅਖ਼ਬਾਰੀ ਕੰਮ ਚਲਾਉਣ ਲਈ ਬਹੁਤਾ ਆਸ਼ਰਮ ਵਿਚ ਹੀ ਰਹਿੰਦੇ।

'ਯੁਗਾਂਤਰ ਆਸ਼ਰਮ' ਇਕ ਅਨੂਠੀ ਸਰਾਂ ਸੀ। ਪਾਰਟੀ ਦੇ ਅਧਿਕਾਰੀ ਤੇ ਕਰਮ-ਚਾਰੀ ਬਗ਼ੈਰ ਕਿਸੇ ਭਿੰਨ-ਭੇਦ ਇਥੇ ਰਹਿੰਦੇ ਸਨ। ਇਕੱਠੇ ਕੰਮ ਕਰਦੇ, ਵੰਡ ਕੇ ਖਾਂਦੇ ਤੇ ਦੇਸ਼ ਸੇਵਾ ਦੇ ਕਾਰ-ਵਿਹਾਰ ਵਿਚ ਰੁਝੇ ਰਹਿੰਦੇ। ਕਈ ਦੇਸ਼ਾਂ ਦੇ ਇਨਕਲਾਬੀ ਆਪਣੀਆਂ ਸਰਕਾਰਾਂ ਦੇ ਜ਼ਬਰ ਤੋਂ ਬਚਣ ਲਈ ਇਥੇ ਆਣ ਠਹਿਰੇ।

'ਗ਼ਦਰ' ਅਖ਼ਬਾਰ ਛੇਤੀ ਹੀ ਕਈ ਹਿੰਦੁਸਤਾਨੀ ਭਾਸ਼ਾਵਾਂ ਵਿਚ ਛਪਣ ਲੱਗ ਪਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀਆਂ ਦੇ ਹੱਥ ਪੁੱਜਣ ਲੱਗਾ। ਇਸ ਨਾਲ ਘਰ ਘਰ ਵਿਚ ਮਾਤ-ਭੂਮੀ ਲਈ ਮੋਹ ਅਤੇ ਅੰਗਰੇਜ਼ ਰਾਜ ਵਿਰੁੱਧ ਰੋਹ ਪੈਦਾ ਹੋ ਗਿਆ।

'ਗ਼ਦਰ' ਅਖ਼ਬਾਰ ਦੀ ਮਕਬੂਲੀਅਤ ਨੇ ਹੀ ਇਸ ਲਹਿਰ ਨੂੰ 'ਗ਼ਦਰ ਲਹਿਰ' ਦਾ ਮਾਣ ਬਖ਼ਸ਼ਿਆ।

ਲਾਲਾ ਹਰਦਿਆਲ ਗ਼ਦਰ-ਪਾਰਟੀ ਦਾ ਵਿਦਵਾਨ ਦੇਸ਼ਭਗਤ ਸੀ। 'ਗ਼ਦਰ' ਅਖ਼ਬਾਰ ਦਾ ਮੁੱਖ-ਸੰਪਾਦਕ ਅਤੇ ਇਸਦੇ ਦਫ਼ਤਰ ਦਾ ਕਰਤਾਰ-ਧਰਤਾ ਵੀ ਉਹੀ ਸੀ। ਅੰਗਰੇਜ਼ ਸਰਕਾਰ ਨੇ ਉਸਨੂੰ ਕਾਬੂ ਕਰਨ ਲਈ ਕਈ ਵਿਉਂਤਾਂ ਗੁੰਦੀਆਂ।

ਜਥੇਬੰਦਕ ਸੂਝ ਅਤੇ ਦੂਰ-ਅੰਦੇਸ਼ੀ ਪੱਖੋਂ ਲਾਲਾ ਹਰਦਿਆਲ ਨੂੰ ਪਾਰਟੀ ਦੇ 'ਦਿਮਾਗ਼' ਦੀ ਹੈਸੀਅਤ ਹਾਸਲ ਸੀ। ਉਨ੍ਹਾਂ ਦੀ ਸੋਚ ਮੁਤਾਬਕ ਪਹਿਲਾ ਸੰਸਾਰ ਯੁੱਧ ਖਿਲਰਦਿਆਂ ਚਾਰ-ਪੰਜ ਸਾਲ ਹੋਰ ਲੱਗਣੇ ਸਨ ਅਤੇ ਗ਼ਦਰ ਪਾਰਟੀ ਦੇ ਹਥਿਆਰਬੰਦ ਇਨਕਲਾਬ ਸੰਬੰਧੀ ਉਨ੍ਹਾਂ ਦਾ ਇਰਾਦਾ ਕਸ਼ਮੀਰ ਰਾਹੀਂ ਪੰਜਾਬ ਅਤੇ ਯੂ. ਪੀ. ਵੱਲੋਂ ਭਾਰਤ ਵਿਚ ਵਧਣ ਦਾ ਸੀ। ਯੁਗਾਂਤਰ ਆਸ਼ਰਮ ਵਿਚ ਭਾਰਤ ਦਾ ਇਕ ਨਕਸ਼ਾ ਟੰਗਿਆ ਪਿਆ ਸੀ; ਉਸਦੀ ਕਸ਼ਮੀਰ ਵਾਲੀ ਥਾਂ 'ਤੇ 'ਰੀਪਬਲਿਕ ਇਨ ਕਸ਼ਮੀਰ ਇਨ 1920' ਉਨ੍ਹਾਂ ਨੇ ਆਪਣੇ ਹੱਥੀਂ ਲਿਖ ਛੱਡਿਆ ਸੀ।

ਲਾਲਾ ਹਰਦਿਆਲ ਆਪਣੇ ਹੀ ਨਹੀਂ, ਹੋਰਨਾਂ ਦੇਸ਼ਾਂ ਦੇ ਇਨਕਲਾਬੀਆਂ ਨਾਲ ਵੀ ਗੂੜ੍ਹਾ ਮੇਲਜੋਲ ਰੱਖਦੇ ਸਨ। ਅਮਰੀਕਾ ਦੀ ਸਰਕਾਰ ਨੇ ਉਨ੍ਹਾਂ 'ਤੇ ਵਿਦਰੋਹੀ ਹੋਣ ਅਤੇ ਭੜਕਾਊ ਭਾਸ਼ਨ ਦੇਣ ਦਾ ਦੋਸ਼ ਲਾ ਕੇ ਗ੍ਰਿਫ਼ਤਾਰ ਕਰਨਾ ਚਾਹਿਆ। ਗ਼ਦਰ ਪਾਰਟੀ ਨੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲਾ ਜੀ ਲਈ ਦਿੱਤੀ ਜ਼ਮਾਨਤ ਜ਼ਬਤ ਕਰਵਾ ਲਈ ਪਰ ਉਨ੍ਹਾਂ ਨੂੰ ਤੁਰੰਤ ਅਮਰੀਕਾ ਤੋਂ ਬਾਹਰ ਭੇਜ ਦੇਣਾ ਹੀ ਬਿਹਤਰ ਸਮਝਿਆ। ਮਾਰਚ 1914 ਵਿਚ ਉਹ ਸਾਂਨਫਰਾਂਸਿਸਕੋ ਛੱਡ ਕੇ ਸਵਿਟਜ਼ਰਲੈਂਡ ਚਲੇ ਗਏ। ਇਸ ਪਿਛੋਂ ਪਾਰਟੀ ਨੇ ਭਾਈ ਸੰਤੋਖ ਸਿੰਘ ਨੂੰ ਨਵਾਂ ਜਨਰਲ ਸਕੱਤਰ ਚੁਣ ਲਿਆ।

ਗ਼ਦਰ ਪਾਰਟੀ ਕਈ ਔਕੜਾਂ ਦੇ ਬਾਵਜੂਦ ਆਪਣੇ ਪ੍ਰਚਾਰ ਅਤੇ ਟੀਚੇ ਲਈ ਜੁੱਟੀ ਰਹੀ। ਬਦੇਸ਼ੀ ਰਾਜ ਦੀਆਂ ਮਜ਼ਬੂਰੀਆਂ ਦੇ ਬਾਵਜੂਦ ਵੀ ਇਸਨੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਇਨਕਲਾਬ ਦੀ ਜ਼ੋਰਦਾਰ ਤਿਆਰੀ ਕੀਤੀ। ਪਾਰਟੀ ਦੀਆਂ ਆਪਣੇ ਪੱਧਰ ਦੀਆਂ ਕੋਸ਼ਿਸ਼ਾਂ ਇਕ ਬੰਨੇ ਸਨ। ਕੁਝ ਗ਼ਦਰੀਆਂ ਨੂੰ ਜਰਮਨ ਆਦਿ ਦੇਸ਼ਾਂ ਵਿਚ ਸੈਨਿਕ ਸਿਖਲਾਈ ਲਈ ਵੀ ਭੇਜਿਆ ਗਿਆ। ਅਮਰੀਕਾ ਦੇ ਕਈ ਲੋਕ ਵੀ ਅਜਿਹੇ ਕੰਮਾਂ ਵਿਚ ਅਗਵਾਈ ਦਿੰਦੇ ਰਹੇ।

## 'ਟੁੰਡੀਲਾਟ' ਕਿਵੇਂ ਅਖਵਾਏ

5 ਜੁਲਾਈ 1914 ਦਾ ਵਾਕਿਆ ਹੈ। ਭਾਈ ਹਰਨਾਮ ਸਿੰਘ, ਪ੍ਰਿਥੀ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਬੰਬ ਬਣਾ ਰਹੇ ਸਨ। ਇਕ ਬੰਬ ਭਾਈ ਹਰਨਾਮ ਸਿੰਘ ਹੋਰਾਂ ਦੇ ਹੱਥ ਵਿਚ ਹੀ ਫਟ ਗਿਆ ਅਤੇ ਉਨ੍ਹਾਂ ਦਾ ਹੱਥ ਉੱਡ ਗਿਆ। ਡੇਰੇ ਭੱਜੇ ਗਏ ਤਾਂ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਪੱਗ ਪਾੜ ਕੇ ਜ਼ਖ਼ਮ 'ਤੇ ਬੱਧੀ। ਇਕ ਪ੍ਰਾਈਵੇਟ ਡਾਕਟਰ ਤੋਂ ਉਪਰੇਸ਼ਨ ਵੀ ਕਰਵਾਇਆ ਗਿਆ। ਇਸ ਘਟਨਾ ਨਾਲ ਭਾਈ ਹਰਨਾਮ ਸਿੰਘ ਇਕ ਹੱਥ ਤੋਂ ਵਾਂਝੇ ਹੋ ਗਏ ਅਤੇ ਪਾਰਟੀ ਵਿਚ 'ਟੁੰਡੀ ਲਾਟ' ਵਜੋਂ ਮਸ਼ਹੂਰ ਹੋਏ।

## 'ਕਾਮਾਗਾਟਾਮਾਰੂ' ਦਾ ਦੁਖਾਂਤ

'ਕਾਮਾਗਾਟਾਮਾਰੂ' ਦੇ ਦੁਖਾਂਤ ਦਾ ਗ਼ਦਰ ਪਾਰਟੀ ਦੀ ਲਹਿਰ ਨਾਲ ਕੋਈ ਸਿੱਧਾ ਸੰਬੰਧ ਨਹੀਂ ਪਰ ਅੰਗਰੇਜ਼ੀ ਮੁਕੱਦਮੇ ਦੇ ਇਕ ਕਥਨ ਅਨੁਸਾਰ ਗ਼ਦਰ ਪਾਰਟੀ ਦੇ ਭਾਰਤ ਆਉਣ ਦੀ ਤਿਆਰੀ ਵਿਚ ਇਸ ਹਾਦਸੇ ਨੇ ਕਾਫ਼ੀ ਯੋਗਦਾਨ ਪਾਇਆ।

'ਕਾਮਾਗਾਟਾਮਾਰੂ' ਅਸਲ ਵਿਚ ਬਾਬਾ ਗੁਰਦਿਤ ਸਿੰਘ ਸਰਹਾਲੀ ਵੱਲੋਂ ਕਿਰਾਏ 'ਤੇ ਲਿਆ ਇਕ ਜਾਪਾਨੀ ਸਮੁੰਦਰੀ ਜਹਾਜ਼ ਸੀ, ਜਿਸ ਨੂੰ ਮਜ਼ਦੂਰੀ ਦੇ ਇਛੁੱਕ ਭਾਰਤੀਆਂ ਨੂੰ ਕਨੇਡਾ ਲਿਆਉਣ ਲਈ ਵਰਤਿਆ ਜਾਣਾ ਸੀ। ਇਹ ਜਹਾਜ਼ ਕਨੇਡਾ ਸਰਕਾਰ ਦੇ ਉਸ ਆਦੇਸ਼ ਨੂੰ ਮੁੱਖ ਰੱਖ ਕੇ ਲੈਣਾ ਪਿਆ, ਜਿਸ ਵਿਚ ਕਿਸੇ ਗ਼ੈਰ-ਮੁਲਕੀ ਦੇ ਦਾਖ਼ਲੇ ਲਈ ਸਿੱਧੇ ਕਨੇਡਾ ਆਉਣ ਦੀ ਸ਼ਰਤ ਰੱਖ ਦਿੱਤੀ ਗਈ ਸੀ।

ਕਾਮਾਗਾਟਾਮਾਰੂ 22 ਮਈ 1914 ਨੂੰ ਵੈਨਕੂਅਰ ਖਾੜੀ(ਕਨੇਡਾ)ਵਿਚ ਦਾਖ਼ਲ ਹੋਇਆ। ਕਈ ਦਿਨ ਤਕ ਇਹ ਪਾਣੀ ਵਿਚ ਰਿਹਾ। ਕੰਢੇ ਲੱਗਣ ਦੀਆਂ ਅਪੀਲਾਂ ਖ਼ਾਰਜ ਹੋ ਗਈਆਂ, ਅੰਨ-ਪਾਣੀ ਖ਼ਤਮ ਹੋ ਗਿਆ ਤੇ ਜਹਾਜ਼ ਨੂੰ ਵਾਪਸ ਮੁੜਨ ਦੇ ਆਦੇਸ਼ ਹੋ ਗਏ। ਕੋਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਰਾ ਨਾ ਚੱਲਦਾ ਵੇਖਕੇ ਜਹਾਜ਼ੀਆਂ ਨੇ ਰਾਸ਼ਨ ਦੀ ਮੰਗ ਕੀਤੀ । ਪਰ ਕਨੇਡੀਆਂ ਨੇ ਇਹ ਵੀ ਮਨਜ਼ੂਰ ਨਾ ਕੀਤੀ । ਪਾਣੀ ਤੱਕ ਵੀ ਲੱਭਣਾ ਮੁਸ਼ਕਲ ਹੋ ਗਿਆ । ਇਕ ਦਿਨ ਜਹਾਜ਼ ਦੇ ਜਾਪਾਨੀ ਕਰਮਚਾਰੀਆਂ ਲਈ ਇਕ ਪੀਪਾ ਪਾਣੀ ਆਇਆ ਤਾਂ ਤਿਹਾਏ ਮੁਸਾਫ਼ਰ ਆਪਣੇ ਆਪਣੇ ਭਾਂਡੇ ਲੈ ਕੇ ਟੁੱਟ ਪਏ । ਸ੍ਰੀ ਜਸਵੰਤ ਸਿੰਘ ਜੱਸ ਦੇ ਸ਼ਬਦਾਂ ਵਿਚ ਸੁੱਚ, ਭਿੱਟ, ਧਰਮ, ਤੇ ਅਧਰਮ ਦਾ ਖ਼ਿਆਲ ਨਾ ਰਿਹਾ । ਸਿੱਖਾਂ ਨੇ ਮੁਸਲਮਾਨਾਂ ਦੇ ਹੱਥੋਂ ਖੋਹ ਕੇ ਪਾਣੀ ਪੀਤਾ ਤੇ ਮੁਸਲਮਾਨਾਂ ਨੇ ਹਿੰਦੂਆਂ ਦੇ ਛੰਨਿਆਂ ਨੂੰ ਮੂੰਹ ਲਾਏ ।

ਪ੍ਰੈਸ ਦੁਆਰਾ ਅੰਗਰੇਜ਼ ਸਰਕਾਰ ਦੀ ਹੱਠ ਧਰਮੀ ਦੀਆਂ ਧੁੰਮਾਂ ਦੁਨੀਆਂ ਵਿਚ ਪੈ ਗਈਆਂ । ਅਮਰੀਕਾ ਵਿਚ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿਚ ਕਈ ਥਾਂ ਜਲਸੇ ਹੋਏ ਤੇ 'ਸਹਾਇਤਾ ਫੰਡ' ਇਕੱਠਾ ਕੀਤਾ ਗਿਆ । ਗ਼ਦਰ ਅਖ਼ਬਾਰ ਨੇ ਵੀ ਕਾਮਾਗਾਟਾਮਾਰੂ ਬਾਰੇ ਖ਼ਾਸ ਅੰਕ ਕੱਢਿਆ ।

ਕੈਨੇਡਾ ਸਰਕਾਰ ਨੇ 'ਕਾਮਾਗਾਟਾਮਾਰੂ' ਨੂੰ ਉਡਾਉਣ ਦੀ ਧਮਕੀ ਦਿੱਤੀ ਤੇ ਕਨੇਡਾ ਵੱਸਦੇ ਭਾਰਤੀਆਂ ਨੇ ਸ਼ਹਿਰ ਨੂੰ ਅੱਗ ਲਾਉਣ ਦਾ ਪ੍ਰੋਗਰਾਮ ਬਣਾ ਲਿਆ । ਖੁਫ਼ੀਆ ਖ਼ਬਰਾਂ ਮਿਲਣ 'ਤੇ ਸਰਕਾਰ ਘਬਰਾ ਗਈ ਅਤੇ ਉਸ ਨੇ ਅਨਾਜ ਦੇਣ ਦੀ ਸ਼ਰਤ ਮੰਨ ਲਈ ।

22 ਜੁਲਾਈ ਨੂੰ ਲੋੜੀਂਦਾ ਰਾਸ਼ਨ ਪਾਣੀ ਜਹਾਜ਼ ਵਿਚ ਲੱਦਿਆ ਗਿਆ । ਜਹਾਜ਼ੀਆਂ ਨੂੰ ਕੈਨੇਡਾ ਰਹਿੰਦੇ ਭਾਰਤੀਆਂ ਨੂੰ ਸ਼ਰਤਾਂ ਅਧੀਨ ਮਿਲਣ ਦੀ ਮੁਹਲਤ ਮਿਲੀ ਅਤੇ 23 ਜੁਲਾਈ ਨੂੰ ਦੋ ਮਹੀਨੇ ਦੀ ਜ਼ਿੱਲਤ ਸਹਾਰਨ ਬਾਅਦ ਜਹਾਜ਼ ਵਾਪਸ ਮੁੜ ਪਿਆ ।

## ਗ਼ਦਰ ਲਈ ਵਤਨ ਵਾਪਸੀ

'ਯੁਗਾਂਤਰ ਆਸ਼ਰਮ' ਨੂੰ ਜਹਾਜ਼ ਵਾਪਸੀ ਦਾ ਪਤਾ ਲੱਗਾ ਤਾਂ ਕੋਈ ਜ਼ਿੰਮੇਵਰ ਆਦਮੀ ਭੇਜਣ ਦੀ ਵਿਚਾਰ ਹੋਈ, ਜਿਹੜਾ ਸਤਾਏ ਹੋਏ ਮੁਸਾਫਰਾਂ ਨੂੰ ਗੁਪਤ ਰੂਪ ਵਿਚ ਮਿਲੇ ਅਤੇ ਪਾਰਟੀ ਦਾ ਪ੍ਰੋਗਰਾਮ ਦੇ ਸਕੇ । ਇਸ ਲਈ ਬਾਬਾ ਸੋਹਣ ਸਿੰਘ ਭਕਨਾ ਦੀ ਜ਼ਿੰਮੇਵਾਰੀ ਲੱਗੀ ।

ਕਰਤਾਰ ਸਿੰਘ ਸਰਾਭਾ ਨੇ ਭੱਜ-ਦੌੜ ਕਰਕੇ ਦੋ ਸੌ ਪਿਸਤੌਲ ਤੇ ਗੋਲੀ ਸਿੱਕਾ ਬਾਬਾ ਜੀ ਦੇ ਸਪੁਰਦ ਕੀਤਾ ਅਤੇ ਯੋਕੋਹਾਮਾ ਪੁੱਜ ਕੇ ਇਸ ਨੂੰ ਕਾਮਾਗਾਟਾਮਾਰੂ ਵਿਚ ਲੱਦਿਆ ਗਿਆ । ਬਾਬਾ ਜੀ ਦੇ ਤੁਰਨ ਤੋਂ ਇਕ ਹਫਤਾ ਬਾਅਦ ਹੀ ਪਹਿਲਾ ਸੰਸਾਰ ਯੁੱਧ ਲੱਗ ਚੁੱਕਾ ਸੀ । ਰਾਹ ਵਿਚ ਜਰਮਨ ਦੀ ਐਡਮਨ ਕਿਸ਼ਤੀ ਵੱਲੋਂ ਜਹਾਜ਼ ਨੂੰ ਡੁਬੋਣ ਦਾ ਖਤਰਾ ਸੀ । ਬਾਬਾ ਜੀ ਯਾਤਰੂਆਂ ਨੂੰ 'ਗ਼ਦਰ-ਸੰਦੇਸ਼' ਦੇਣ ਉਪਰੰਤ ਟੋਕੀਓ ਉਤਰ ਪਏ ਅਤੇ ਜ਼ਰਮਨ ਕੌਂਸਲਰ ਨੂੰ ਮਿਲੇ । ਜਹਾਜ਼ ਨੂੰ ਬਚਾਉਣ ਲਈ ਇਸ਼ਾਰਾ (ਕੋਡ) ਪ੍ਰਾਪਤ ਕੀਤਾ ਅਤੇ ਕਾਮਾਗਾਟਾਮਾਰੂ ਨੂੰ ਪਹੁੰਚਾਇਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਯੁੱਧ ਕਾਰਨ ਅੰਗਰੇਜ਼ ਸਰਕਾਰ ਨੇ ਮੁਸਾਫ਼ਰਾਂ ਦੀ ਜਾਂਚ–ਪੜਤਾਲ ਸਖ਼ਤ ਕਰ ਦਿੱਤੀ ਸੀ। ਇਹ ਪਤਾ ਲੱਗਣ 'ਤੇ ਗ਼ਦਰ ਸਾਹਿਤ ਤੇ ਹਥਿਆਰਾਂ ਦੀਆਂ ਪੇਟੀਆਂ ਸਮੁੰਦਰ ਵਿਚ ਸੁੱਟ ਦਿੱਤੀਆਂ ਗਈਆਂ।

ਉਧਰ ਕਾਮਾਗਾਟਾ–ਮਾਰੂ ਨੂੰ ਭਾਰਤ ਵਲ ਤੋਰ ਕੇ ਬਾਬਾ ਸੋਹਣ ਸਿੰਘ ਭਕਨਾ ਯੋਕੋਹਾਮਾ ਵਿਚ ਹੀ ਅਟਕੇ ਹੋਏ ਸਨ ਕਿ ਸਰਾਭੇ ਨੇ ਪਾਰਟੀ ਦਾ ਪ੍ਰੋਗਰਾਮ ਆਣ ਦੱਸਿਆ। ਪਾਰਟੀ ਵਲੋਂ 'ਗ਼ਦਰ' ਕਰਨ ਦਾ ਫੈਸਲਾ ਹੋ ਚੁੱਕਾ ਸੀ ਅਤੇ ਭਾਰਤੀਆਂ ਨੂੰ ਦੇਸ਼ ਪਹੁੰਚਣ ਦਾ 'ਹੁਕਮ ਨਾਮਾ' ਜਾਰੀ ਕੀਤਾ ਗਿਆ ਸੀ। ਬਾਬਾ ਜੀ ਇਸੇ ਕਾਰਜ ਦਾ ਪਰਚਾਰ ਕਰਨ ਹਿਤ ਸ਼ੰਘਈ ਗਏ ਅਤੇ ਉਥੋਂ (ਬਾਬਾ) ਗੁੱਜਰ ਸਿੰਘ ਭਕਨਾ ਸਮੇਤ 30 ਸਾਥੀਆਂ ਨੂੰ ਭਾਰਤ ਵੱਲ ਤੋਰਿਆ। ਫਿਰ ਹਾਂਗਕਾਂਗ ਪੁੱਜ ਕੇ ਪ੍ਰਚਾਰ ਕੀਤਾ ਤੇ ਪੀਕਿੰਗ ਤੋਂ ਹਥਿਆਰ ਮੰਗਵਾਏ।

ਇਸ ਉਪਰੰਤ ਬਾਬਾ ਸੋਹਣ ਸਿੰਘ ਭਕਨਾ ਵੀ 'ਨਾਮ ਸਾਂਗ' ਜਹਾਜ਼ ਵਿਚ ਭਾਰਤ ਵੱਲ ਠਿੱਲ੍ਹ ਪਏ। ਪੀਨਾਂਗ ਪੁੱਜ ਕੇ ਕਾਮਾਗਾਟਾ ਮਾਰੂ ਦੇ ਦੁੱਖਾਂਤ ਦਾ ਪਤਾ ਲੱਗਾ ਤਾਂ ਬੜੇ ਦੁੱਖੀ ਹੋਏ। ਜਹਾਜ਼ ਵਿਚ ਹੀ ਅੰਗਰੇਜ਼ਾਂ ਤੋਂ ਬਦਲਾ ਲੈਣ ਦੇ ਭਾਸ਼ਨ ਅਤੇ ਵਿਚਾਰਾਂ ਹੋਈਆਂ।

'ਗ਼ਦਰ' ਅਖ਼ਬਾਰ ਤੋਂ ਹੀ ਗ਼ਦਰੀਆਂ ਦੇ ਦੇਸ਼ ਪਰਤਣ ਦਾ ਪਤਾ ਲੱਗ ਗਿਆ ਸੀ। ਇਸ ਲਈ ਅੰਗਰੇਜ਼ਾਂ ਵੱਲੋਂ ਪ੍ਰਦੇਸਾਂ ਤੋਂ ਆਉਣ ਵਾਲੇ ਹਰ ਭਾਰਤੀ ਦੀ ਪੁੱਛ–ਪੜਤਾਲ ਤੇ ਕੈਦ ਕਰਨ ਦੇ ਵਿਆਪਕ ਹੁਕਮ ਦਿੱਤੇ ਗਏ। ਇਸ ਮੰਤਵ ਲਈ ਲੁਧਿਆਣੇ ਵਿਚ 'ਕੇਂਦਰੀ ਪੁੱਛ ਗਿੱਛ ਦਫ਼ਤਰ' ਵੀ ਖੋਲ੍ਹਿਆ ਗਿਆ।

ਬਾਬਾ ਜੀ ਵਾਲਾ ਜਹਾਜ਼ ਪੁੱਛ ਗਿੱਛ ਲਈ ਇਕ ਹਫਤਾ ਪੀਨਾਂਗ ਰੋਕਿਆ ਗਿਆ ਤੇ ਫਿਰ ਕਲਕੱਤੇ ਵੱਲ ਤੁਰਿਆ।

## ਬਾਬਾ ਭਕਨਾ ਦੀ ਗ੍ਰਿਫਤਾਰੀ

ਜਗਜੀਤ ਸਿੰਘ ਕਰਤਾ 'ਗ਼ਦਰ ਪਾਰਟੀ ਲਹਿਰ' ਮੁਤਾਬਕ ਅਮਰੀਕਾ ਵਿਚ ਢੋਲ ਵਜਾ ਕੇ ਹਿੰਦ ਵਿਚ ਗ਼ਦਰ ਕਰਨ ਹਿੱਤ ਐਲਾਨੀਆ ਤੁਰਨ ਅਤੇ ਰਸਤੇ ਵਿਚ ਜਹਾਜ਼ਾਂ ਅਤੇ ਬੰਦਰਗਾਹਾਂ ਉਤੇ ਆਪਣੇ ਮਕਸਦ ਨੂੰ ਜ਼ਾਹਰ ਕਰਨ ਵਾਲੀਆਂ ਤਕਰੀਰਾਂ ਕਰਨ ਦਾ ਨਤੀਜਾ ਇਹ ਹੋਇਆ ਕਿ ਬਹੁਤੇ ਗ਼ਦਰੀਏ ਹਿੰਦ ਦੀਆਂ ਬੰਦਰਗਾਹਾਂ 'ਤੇ ਪੁੱਜਣ 'ਤੇ ਹੀ ਫੜ੍ਹਕੇ ਜੇਲ੍ਹੀਂ ਸੁੱਟ ਦਿੱਤੇ ਗਏ ਜਾਂ ਨਜ਼ਰਬੰਦ ਕਰ ਦਿੱਤੇ ਗਏ। ਲੇਖਕ ਅਨੁਸਾਰ ਜਿਥੇ ਗਦਰੀ ਮੁਹਿੰਮ ਦੀ ਇਨਕਲਾਬੀ ਭਾਵਨਾ ਅਤੇ ਉਤਸ਼ਾਹ ਦਾ ਪਹਿਲੂ ਪੜਾਅ ਸੁਹਾਵਣਾ ਹੈ ਪਰ ਇਸ ਹਕੀਕਤ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਦੇਸ਼ਭਗਤੀ ਦੇ ਇਸ 'ਉਛਾਲ' ਦੀ ਮਕਸਦ ਦੇ ਨਜ਼ਰੀਏ ਤੋਂ ਯੋਗ ਵਰਤੋਂ ਨਾ ਕੀਤੀ ਜਾ ਸਕੀ।

ਅੰਗਰੇਜ਼ਾਂ ਦੀ ਸੁਚੇਤ ਸੀ, ਆਈ, ਡੀ. ਦੀ ਸੂਚਨਾ ਦੇ ਆਧਾਰ 'ਤੇ ਬਾਬਾ ਸੋਹਣ ਸਿੰਘ ਭਕਨਾ 13 ਅਕਤੂਬਰ 1914 ਨੂੰ 'ਨਾਮਸਾਂਗ' ਜਹਾਜ਼ ਤੋਂ ਉਤਰਦੇ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਕੱਤੇ ਫੜ੍ਹ ਲਏ ਗਏ ਅਤੇ ਨਜ਼ਰਬੰਦ ਕਰਕੇ ਲੁਧਿਆਣੇ ਦੇ 'ਪੁੱਛ-ਗੁੱਛ ਕੇਂਦਰ' ਲਿਆਂਦੇ ਗਏ।

## ਗ਼ਦਰ ਅੰਦੋਲਨ ਦਾ ਐਲਾਨ

7, 8, 9 ਅਤੇ 10 ਅਗਸਤ 1914 ਨੂੰ ਵੱਖ ਵੱਖ ਅਮਰੀਕੀ ਸ਼ਹਿਰਾਂ ਵਿਚ ਭਾਰਤੀਆਂ ਦੇ ਇਕੱਠ ਹੋਏ ਤੇ ਐਲਾਨੇ-ਜੰਗ ਦੇ ਮਤੇ ਪਾਸ ਕੀਤੇ ਗਏ। ਗ਼ਦਰ ਪਾਰਟੀ ਨਾਲ ਸੰਬੰਧਤ ਮੁਕੱਦਮਿਆਂ ਅਨੁਸਾਰ ਪਹਿਲੇ ਸੰਸਾਰ ਯੁੱਧ ਸਮੇਂ ਭਾਰਤ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ 8000 ਸੀ। ਅਜੇ ਚੋਰੀ ਛਿਪ ਕੇ ਦੇਸ਼ ਪੁੱਜਣ ਵਾਲਿਆਂ ਗਿਣਤੀ ਇਸ ਵਿਚ ਸ਼ਾਮਲ ਨਹੀਂ।

ਬਾਬਾ ਸੋਹਣ ਸਿੰਘ ਭਕਨਾ ਅਤੇ ਕੁਝ ਇਕ ਹੋਰ ਇਨਕਲਾਬੀ, ਗ਼ਦਰ ਦਾ ਪ੍ਰਚਾਰ ਕਰਨ ਅਤੇ ਇਨਕਲਾਬ ਦੀ ਮੁੱਢਲੀ ਤਿਆਰੀ ਲਈ ਜਾਅਲੀ ਨਾਵਾਂ ਹੇਠ ਅਗਾਊਂ ਦੇਸ਼ ਭੇਜੇ ਗਏ। ਭਾਈ ਕਰਤਾਰ ਸਿੰਘ ਸਰਾਭਾ ਹੋਰੀਂ 'ਨਿਮਨ ਮਾਰੂ' ਜਹਾਜ਼ ਰਾਹੀਂ 15, 16 ਸਤੰਬਰ 1914 ਨੂੰ ਭਾਵ ਗ਼ਦਰੀਆਂ ਦੇ ਮੁੱਖ ਜਥੇ ਦੇ ਭਾਰਤ ਪੁੱਜਣ ਤੋਂ ਇਕ ਮਹੀਨਾ ਪਹਿਲਾਂ ਕਲੰਬੂ ਅੱਪੜ ਗਏ, ਜਦ ਕਿ ਅਮਰੀਕਾ ਤੋਂ ਇਨਕਲਾਬੀਆਂ ਦਾ ਪਹਿਲਾ ਅਤੇ ਮੁੱਖ ਜੱਥਾ 'ਕੋਰੀਆ' ਜਹਾਜ਼ ਵਿਚ 29 ਅਗਸਤ ਨੂੰ ਸਾਨਫਰਾਂਸਿਸਕੋ ਤੋਂ ਤੁਰਿਆ, ਜਿਸਨੂੰ ਵੱਖ ਵੱਖ ਟੋਲੀਆਂ ਵਿਚ ਪ੍ਰਮੁੱਖ ਗ਼ਦਰੀਆਂ ਦੀ ਅਗਵਾਈ ਵਿਚ ਵੰਡਿਆ ਗਿਆ ਸੀ।

ਇਸ ਪ੍ਰਕਾਰ ਹਜ਼ਾਰਾਂ ਭਾਰਤੀ ਵੱਖ ਵੱਖ ਜਹਾਜ਼ਾਂ ਰਾਹੀਂ ਭਾਰਤ ਦੀ ਧਰਤੀ ਉਤੇ ਆ ਪਰਤੇ। ਗ਼ਦਰ ਦੇ ਪਰਚਾਰ ਦਾ ਅਸਰ ਏਨਾ ਪਰਚੰਡ ਵੀ ਹੋਇਆ ਕਿ ਸਿੰਘਾਪੁਰ ਦੀ ਰਾਜਪੂਤ ਮੁਸਲਿਮ ਰੈਜਮੈਂਟ ਨੇ ਅੱਠ ਦਿਨ ਸਿੰਘਾਪੁਰ ਉਤੇ ਕਬਜ਼ਾ ਕਰੀ ਰੱਖਿਆ।

'ਯੁਗਾਂਤਰ ਆਸ਼ਰਮ' ਵਿਚ ਤੇ ਵਾਪਸ ਆਉਂਦਿਆਂ ਭਾਰਤ ਵਿਚ ਗ਼ਦਰ ਦੇ ਪ੍ਰੋਗਰਾਮ ਨੂੰ ਉਲੀਕਿਆ ਗਿਆ। ਇਸ ਵਿਚ ਜਨਤਾ ਨੂੰ ਲੜਾਈ ਵਿਚ ਭਰਤੀ ਹੋਣ ਤੋਂ ਵਰਜਣਾ ਸ਼ਾਮਲ ਸੀ। ਪਰ ਇਹ ਵਿਉਂਤਾਂ ਖੁਫ਼ੀਆ ਰਿਪੋਰਟਾਂ ਤੇ ਅੰਗਰੇਜ਼ਾਂ ਵੱਲੋਂ ਕੀਤੀਆਂ ਸਮੂਹਕ ਗਰਿਫਤਾਰੀਆਂ ਨਾਲ ਸਿਰੇ ਨਾ ਚੜ੍ਹ ਸਕੀਆਂ।

ਅੰਗਰੇਜ਼ਾਂ ਦੀ ਗਰਿਫ਼ਤਾਰੀ ਤੋਂ ਬਚੇ ਗ਼ਦਰੀਆਂ ਦੀ ਸਮੱਸਿਆ ਸੀ ਕਿ ਉਹ ਇਕ ਕੇਂਦਰ ਤੇ ਕਿਵੇਂ ਇਕੱਠੇ ਹੋਣ। ਇਹ ਕੰਮ ਕਰਨ ਲਈ ਕਰਤਾਰ ਸਿੰਘ ਸਰਾਭਾ ਤੇ ਨਿਧਾਨ ਸਿੰਘ ਚੁੱਘਾ ਨੇ ਲੁਧਿਆਣੇ ਵਿਚ ਚੱਕਰ ਰੱਖਿਆ। ਜ਼ਿਲਾਵਾਰ ਗ਼ਦਰ ਦੀ ਅਗਵਾਈ ਲਈ ਪ੍ਰਤੀਨਿਧ ਥਾਪੇ ਗਏ। ਗੁਪਤ ਤਰੀਕੇ ਨਾਲ ਭੇਜੇ ਹਥਿਆਰ ਵੀ ਤਲਾਸ਼ੀਆਂ ਦੀ ਸਖ਼ਤੀ ਕਾਰਨ ਦੇਸ਼ ਨਹੀਂ ਸਨ ਪੁੱਜ ਸਕੇ। ਕਰਤਾਰ ਸਿੰਘ ਸਰਾਭਾ ਨੇ ਪੰਜਾਬ ਦੀ ਇਨਕਲਾਬੀ ਅਗਵਾਈ ਦੀ ਥੁੜ ਨੂੰ ਪੂਰਾ ਕਰਨ ਲਈ ਬਨਾਰਸ ਜਾ ਕੇ ਰਾਸ ਬਿਹਾਰੀ ਬੋਸ ਨੂੰ ਪੰਜਾਬ ਲਿਆਂਦਾ। ਪਹਿਲਾਂ ਅੰਮ੍ਰਿਤਸਰ ਅਤੇ ਬਾਅਦ ਵਿਚ ਲਾਹੌਰ ਵਿਚ ਗੁਪਤ ਦਫ਼ਤਰ ਕਾਇਮ ਕੀਤਾ ਗਿਆ। ਬੰਬ ਬਣਾਉਣੇ ਚਾਲੂ ਹੋ ਗਏ, ਜਿਸਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਗਰਾਨੀ ਡਾ. ਮਥਰਾ ਸਿੰਘ ਕਰਦੇ ਸਨ ।

ਪੈਸੇ ਤੇ ਹਥਿਆਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਰਾਭਾ ਪਾਰਟੀ ਨੂੰ ਡਾਕੇ ਵੀ ਮਾਰਨੇ ਪਏ। ਇਕ ਕਾਲਾ ਸਿੰਘ ਲੁਹਾਰ ਫੜ੍ਹਿਆ ਗਿਆ ਤੇ ਪਾਰਟੀ ਨੂੰ ਚੋਖਾ ਸੰਕਟ ਆਇਆ।

12 ਫਰਵਰੀ 1915 ਨੂੰ ਗ਼ਦਰ ਪਾਰਟੀ ਵੱਲੋਂ ਇਤਿਹਾਸਕ ਫ਼ੈਸਲਾ ਹੋਇਆ, ਜਿਸ ਅਨੁਸਾਰ 21 ਫਰਵਰੀ ਦੀ ਰਾਤ ਨੂੰ ਸਭ ਥਾਈਂ ਇਕੋ ਵਾਰ ਗ਼ਦਰ ਕਰਨ ਦਾ ਨਿਰਣਾ ਸੀ। ਸੂਹੀਏ ਕ੍ਰਿਪਾਲ ਸਿੰਘ ਦੀ ਗ਼ਦਾਰੀ ਨਾਲ ਸਾਰੇ ਕੀਤੇ ਕਰਾਏ ਤੇ ਪਾਣੀ ਫਿਰ ਗਿਆ। ਸਰਕਾਰ ਚੌਕੰਨੀ ਹੋ ਗਈ ਅਤੇ ਸ਼ੱਕੀ ਬੰਦੇ ਫੜ੍ਹੇ ਗਏ। ਪਰ ਪਾਰਟੀ ਨੇ ਗ਼ਦਰ ਦਾ ਦਿਨ 19 ਫਰਵਰੀ ਮਿਥ ਦਿੱਤਾ। ਫਿਰੋਜ਼ਪੁਰ ਤੇ ਹੋਰ ਛਾਉਣੀਆਂ ਵਿਚ ਸੈਨਿਕ ਵਿਦਰੋਹ ਲਈ ਤਿਆਰ ਸਨ ਪਰ ਐਨ ਮੌਕੇ ਫਿਰ ਗ਼ਦਾਰ ਦੀ ਗ਼ਦਾਰੀ ਨੇ ਖੇਡ ਵਿਗਾੜ ਦਿੱਤੀ। ਸਭ ਥਾਈਂ ਸੈਨਿਕ ਹਥਿਆਰ ਸੁਟਾ ਲਏ ਗਏ।

ਗ਼ਦਰ ਦੀ ਪਕੜ-ਧਕੜ ਗਰਮ ਜੋਸ਼ੀ ਤੇ ਬਾਰੀਕੀ ਨਾਲ ਸ਼ੁਰੂ ਹੋ ਗਈ। ਸ੍ਰੀ ਰਾਸ ਬਿਹਾਰੀ ਬੋਸ ਨੂੰ ਸਰਾਭੇ ਨੇ ਗੁਪਤ ਅਸਥਾਨ ਤੋਂ ਪੰਜਾਬੀ ਪਹਿਰਾਵਾ ਪਹਿਨਾ ਕੇ ਬਨਾਰਸ ਦੀ ਗੱਡੀ ਬੈਠਾਇਆ। ਕਰਤਾਰ ਸਿੰਘ ਸਰਾਭਾ, ਟੁੰਡੀ ਲਾਟ ਤੇ ਜਗਤ ਸਿੰਘ ਸੁਰ ਸਿੰਘ ਗ੍ਰਿਫਤਾਰੀਆਂ ਤੋਂ ਬਚਣ ਲਈ ਕਾਬਲ ਜਾਣ ਲਈ ਤੁਰੇ। ਪਰ ਦਿਲ ਨਾ ਮੰਨਿਆ। ਜ਼ੇਲ੍ਹਾਂ ਵਿਚ ਗਏ ਸਾਥੀਆਂ ਨੂੰ ਜਥੇਬੰਦ ਕਰ ਕੇ ਮੁੜ ਅਜ਼ਾਦੀ ਸੰਗਰਾਮ ਛੋਹਣ ਦਾ ਪ੍ਰਣ ਲੈ ਕੇ ਉਹ ਵਾਪਸ ਪਰਤ ਪਏ ਅਤੇ 2 ਮਾਰਚ 1915 ਨੂੰ ਜ਼ਿਲਾ ਸਰਗੋਧਾ ਵਿਚ ਉਹ ਫੜੇ ਗਏ। ਇਸ ਪ੍ਰਕਾਰ ਲਗਭਗ ਸਭੇ ਪ੍ਰਮੁੱਖ ਗ਼ਦਰੀ ਫੜ੍ਹ ਲਏ ਗਏ ਜਾਂ ਮਾਰੇ ਗਏ।

## ਬਾਬਾ ਮੁਲਤਾਨ ਜ਼ੇਲ੍ਹ ਵਿਚ

ਉਧਰ ਲੁਧਿਆਣੇ ਦੀ ਪੁੱਛ-ਗਿੱਛ ਤੋਂ ਬਾਅਦ ਬਾਬਾ ਭਕਨਾ ਨੂੰ ਮੁਲਤਾਨ ਜੇਲ੍ਹ ਭੇਜਿਆ ਗਿਆ। ਸਾਹਮਣੇ ਫਾਂਸੀ ਘਰ ਸੀ। ਫਾਂਸੀ ਲਗਦੇ ਲੋਕ ਵੇਖਕੇ ਵੀ ਉਸਦਾ ਦਿਲ ਡੋਲ ਨਾ ਸਕਿਆ। ਕੋਠੀ ਲੱਗਾ ਇਹ ਗ਼ਦਰੀ ਸੂਰਮਾ ਸ਼ੇਰ ਦੀ ਤਰ੍ਹਾਂ ਅਡੋਲ ਰਿਹਾ। ਲਾਲਚ, ਡਰ ਅਤੇ ਪਰਿਵਾਰ ਦੀਆਂ ਦਿਲਜੋਈਆਂ ਵੀ ਉਸਨੂੰ ਆਪਣੇ ਸਿਰੜ ਤੋਂ ਸਰਕਾ ਨਾ ਸਕੀਆਂ। ਗੁਪਤ ਕਮਿਸ਼ਨ ਦੇ ਤਿੰਨ ਮੈਂਬਰਾਂ ਵਿਚੋਂ ਇਕ ਪੰਡਤ ਕਾਂਸ਼ੀ ਰਾਮ ਫ਼ਿਰੋਜ਼ਪੁਰ ਨੇੜੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਭਾਈ ਸੰਤੋਖ ਸਿੰਘ ਅਜੇ ਅਮਰੀਕਾ ਵਿਚ ਸਨ ਤੇ ਬਾਬਾ ਭਕਨਾ ਹੀ ਸਨ, ਜਿਨ੍ਹਾਂ 'ਤੇ ਪੁਲੀਸ ਦਾ ਜ਼ੋਰ ਚੜ੍ਹ ਸਕਦਾ ਸੀ। ਡਿਪਟੀ ਸੁਪਰਡੈਂਟ ਸੁੱਖਾ ਸਿੰਘ ਨੇ ਇਨ੍ਹਾਂ ਨੂੰ ਮੁਖ਼ਬਰ ਬਣਾਉਣ ਦਾ ਸਿਰਤੋੜ ਯਤਨ ਕੀਤਾ ਪਰ ਨਿਸਫ਼ਲ ਰਿਹਾ।

## ਪੰਜਾਬ ਦੀ ਲਕੀਰ

ਇਕ ਦਿਨ ਉਸ ਸਮੇਂ ਦਾ ਗਵਰਨਰ ਉਡਵਾਇਰ ਮੁਲਤਾਨ ਜੇਲ੍ਹ ਦੇ ਮੁਆਇਨੇ ਲਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਇਆ। ਅਮਰੀਕਾ ਤੋਂ ਆਏ ਸਾਰੇ ਗ਼ਦਰੀਆਂ ਨੂੰ ਬੁਲਾ ਕੇ ਤੇ ਇਕ ਕਤਾਰ ਵਿਚ ਖੜ੍ਹੇ ਕਰਵਾ ਕੇ ਬੋਲਿਆ, "ਤੁਹਾਡੇ 'ਚੋਂ ਜੋ ਕਹਿੰਦਾ ਏ ਕਿ ਪੰਜਾਬ ਅਸਾਡਾ ਏ, ਅੱਗੇ ਨਿਕਲ ਆਏ।"

ਸਾਰੇ ਗ਼ਦਰੀ ਇਕ ਇਕ ਕਦਮ ਅਗਾਂਹ ਹੋ ਕੇ ਖਲੋ ਗਏ। ਬਾਬਾ ਸੋਹਣ ਸਿੰਘ ਨੇ ਇਕ ਕਦਮ ਹੋਰ ਅਗੇਰੇ ਪੁੱਟਿਆ ਤੇ ਬੋਲੇ, "ਸਿਰਫ ਪੰਜਾਬ ਈ ਨਹੀਂ, ਪੂਰਾ ਹਿੰਦੁਸਤਾਨ ਸਾਡਾ ਏ।"

ਉਡਵਾਇਰ ਨੂੰ ਬੜਾ ਵਿਹੁ ਚੜ੍ਹਿਆ ਤੇ ਉਹ ਨਾਸੋਂ ਠੂੰਹੇਂ ਸੁੱਟਦਾ ਚਲਿਆ ਗਿਆ।

ਥੋੜ੍ਹੇ ਦਿਨਾਂ ਬਾਅਦ ਬਾਬਾ ਭਕਨਾ ਹੋਰ ਸਾਥੀਆਂ ਸਮੇਤ ਮੁਕੱਦਮੇ ਲਈ ਸੈਂਟਰਲ ਜੇਲ੍ਹ ਲਾਹੌਰ ਤਬਦੀਲ ਕਰ ਦਿੱਤੇ ਗਏ।

## ਅਦਾਲਤ ਕਿ ਬੁੱਚੜਖਾਨਾ

ਦੇਸ਼ ਦਾ ਰਾਜਸੀ ਮਾਹੌਲ ਕਾਫ਼ੀ ਵਿਗੜ ਚੁੱਕਾ ਸੀ। ਗ਼ਦਰ ਪਾਰਟੀ ਦੇ ਸਰਗਰਮ ਆਗੂ ਲਗਭਗ ਫੜੇ ਜਾ ਚੁੱਕੇ ਸਨ ਜਾਂ ਲੁਕ ਛਿਪ ਕੇ ਦਿਨ ਕਟੀ ਕਰ ਰਹੇ ਸਨ ਤੇ ਕੁਝ ਕਾਬਲ ਵੱਲ ਚਲੇ ਗਏ ਸਨ। ਫਿਰ ਵੀ ਅੰਗਰੇਜ਼ ਹਕੂਮਤ ਇਨ੍ਹਾਂ ਵਤਨ-ਪ੍ਰਸਤਾਂ 'ਤੇ ਖੁਲ੍ਹੇਆਮ ਮੁਕੱਦਮੇ ਚਲਾਉਣੋਂ ਬੜਾ ਡਰਦੀ ਸੀ। ਸੋ ਸਾਰੇ ਗ਼ਦਰੀਆਂ ਨੂੰ ਸੈਂਟਰਲ ਜੇਲ੍ਹ ਲਾਹੌਰ ਇਕੱਠੇ ਕੀਤਾ ਗਿਆ ਤੇ ਜੇਲ੍ਹ ਵਿਚ ਹੀ ਸਪੈਸ਼ਲ ਅਦਾਲਤ ਬਣਾ ਕੇ ਮੁਕੱਦਮੇ ਚਾਲੂ ਕੀਤੇ ਗਏ।

ਜੇਲ੍ਹ ਅਧਿਕਾਰੀਆਂ ਦੇ ਭੈੜੇ ਵਤੀਰੇ 'ਤੇ ਸਾਰੇ ਗ਼ਦਰੀ ਬੜੇ ਔਖੇ ਸਨ ਤੇ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ ਪਰ ਪਿੰਜਰੇ ਵਿਚ ਬੰਦ ਸ਼ੇਰਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਇਸੇ ਜੇਲ੍ਹ ਵਿਚ ਗ਼ਦਰ ਦੇ ਗ਼ਦਾਰ, ਅਸਲ 'ਦੋਸ਼ੀਆਂ' ਦੀ ਪੇਸ਼ਗੀ ਪਛਾਣ ਲਈ ਲਿਆਂਦੇ ਜਾਣ ਲੱਗੇ ਤਾਂ ਜੋ ਮੁਕੱਦਮਿਆਂ ਵਿਚ ਮਨ-ਚਾਹੀ ਜਾਨ ਪਾਈ ਜਾ ਸਕੇ। ਜੇਲ੍ਹ ਦੇ ਅੰਦਰ ਤੇ ਬਾਹਰ ਗਵਾਹੀਆਂ ਪੱਕੀਆਂ ਕਰਾਉਣ ਲਈ ਲਾਲਚ, ਡਰਾਵੇ, ਧਮਕੀਆਂ ਤੇ ਤਸ਼ੱਦਦ ਦਾ ਦੌਰ ਚੱਲ ਰਿਹਾ ਸੀ। ਅਜਿਹਾ ਕੁਝ ਅਖੌਤੀ ਅਦਾਲਤ ਦੇ ਕਟਹਿਰੇ ਵਿਚ ਵੀ ਹੁੰਦਾ। ਅਜਿਹੀਆਂ ਗੱਲਾਂ 'ਤੇ ਇਕ ਦਿਨ ਸ੍ਰ: ਜਵਾਲਾ ਸਿੰਘ 'ਨੋ ਜਸਟਿਸ, ਨੋ ਜਸਟਿਸ' ਕਹਿੰਦਾ ਚੀਕ ਉਠਿਆ। ਵਕੀਲ ਨਾਲ ਵੀ ਝੜਪ ਹੋ ਗਈ। ਜੱਜ ਨੇ ਮੌਕੇ ਤੇ ਤੀਹ ਬੈਤਾਂ ਦੀ ਸਜ਼ਾ ਸੁਣਾਈ।

ਭਾਈ ਜਵਾਲਾ ਸਿੰਘ ਨੂੰ ਮਿਲੀ ਇਸ ਸਜ਼ਾ ਨਾਲ ਸਾਰੇ ਗ਼ਦਰੀਆਂ ਦਾ ਕਲੇਜਾ ਵਿੰਨ੍ਹਿਆ ਗਿਆ। ਇਸ ਤੇ ਬਾਬਾ ਸੋਹਣ ਸਿੰਘ ਭਕਨਾ ਨੇ ਰੋਹ ਵਿਚ ਆ ਕੇ ਕਿਹਾ, "ਇਹ ਅਦਾਲਤ ਨਹੀਂ ਬੁੱਚੜਖਾਨਾ ਏ। ਅਸੀਂ ਅੱਜ ਤੋਂ ਇਹਦਾ ਉੱਕਾ ਬਾਈਕਾਟ ਕਰਦੇ ਆਂ! ਕੋਈ ਵਕੀਲ ਸਾਡੇ ਵੱਲੋਂ ਗਵਾਹਾਂ ਉਤੇ ਬਹਿਸ ਨਾ ਕਰੇ।"

ਬਾਬਾ ਗੁੱਜਰ ਸਿੰਘ ਭਕਨਾ ਵੀ ਏਸੇ ਜੇਲ੍ਹ ਵਿਚ ਬੰਦ ਸਨ। ਉਨ੍ਹਾਂ ਦੇ ਪਿੰਡ ਦਾ ਇਕ ਨੰਬਰਦਾਰ ਉਨ੍ਹਾਂ ਦੇ ਹੱਕ ਵਿਚ ਡੱਟਵੀਂ ਸਫ਼ਾਈ ਦੇ ਚੁੱਕਾ ਸੀ। ਪੁਲਿਸ ਨੇ ਉਸਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਰਾ ਕੇ ਫੇਰ ਉਲਟ ਗੁਆਹੀ ਦੁਆਈ ਤੇ ਬਾਬਾ ਜੀ ਨੂੰ ਦੂਜੇ ਮੁਕੱਦਮੇ ਵਿਚ ਫਸਾਇਆ।

ਇਸ ਤੋਂ ਬਾਅਦ ਅੰਗਰੇਜ਼ਾਂ ਦੀ ਮਨ-ਚਾਹੀ ਅਦਾਲਤ ਅਤੇ ਗੁਆਹ ਆਪਣੀ ਆਪਣੀ ਕਾਰਵਾਈ ਕਰਦੇ ਰਹੇ। ਕਰਤਾਰ ਸਿੰਘ ਸਰਾਭਾ ਤੇ ਜਗਤ ਸਿੰਘ ਸੁਰਸਿੰਘ ਵਰਗਿਆਂ ਨੇ ਆਪਣੇ ਕੰਮਾਂ ਦਾ ਖ਼ੁਦ ਇਕਬਾਲ ਕਰ ਲਿਆ। ਅਕਸਰ ਗ਼ਦਰੀਆਂ ਨੇ ਇਹ ਮੰਨਿਆ ਕਿ ਗੁਲਾਮੀ ਦੀ ਗ਼ੈਰਤ ਨੇ ਉਨ੍ਹਾਂ ਨੂੰ ਵਿਦਰੋਹ ਕਰਨ ਲਈ ਮਜ਼ਬੂਰ ਕੀਤਾ ਸੀ।

13 ਸਤੰਬਰ 1915 ਨੂੰ ਮੁਕੱਦਮੇ ਦੇ ਫ਼ੈਸਲੇ ਦਾ ਦਿਨ ਸੀ। ਫ਼ੈਸਲਾ ਸੁਣਨ ਲਈ ਇਕੱਠੇ ਹੋਏ ਇਨਕਲਾਬੀ ਪ੍ਰੇਮ-ਗਲਵਕੜੀਆਂ ਪਾਉਂਦੇ ਤੇ ਕੌਮੀ ਗੀਤ ਗਾਉਂਦੇ ਝੂਮ ਰਹੇ ਸਨ। ਗੀਤਾਂ ਦੇ ਵੱਧ ਰਹੇ ਜੋਸ਼ ਤੋਂ ਘਬਰਾ ਕੇ ਜੇਲ੍ਹ-ਪ੍ਰਬੰਧਕਾਂ ਨੇ ਉਨ੍ਹਾਂ ਨੂੰ ਮੁੜ ਕੋਠੀਆਂ ਵਿਚ ਜਾ ਵਾੜਿਆ ਤੇ ਇਕੱਲੇ ਇਕੱਲੇ ਨੂੰ ਫੈਸਲਾ ਸੁਣਾਉਣ ਲਈ ਕੱਢਿਆ। ਇਸ ਅਨੁਸਾਰ 24 ਨੂੰ ਫਾਂਸੀ, 27 ਨੂੰ ਉਮਰ ਕੈਦ ਤੇ 6 ਨੂੰ ਘੱਟ ਸਮੇਂ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ। ਬਾਬਾ ਸੋਹਣ ਸਿੰਘ ਫ਼ਾਂਸੀ ਸੁਣਾਏ ਜਾਣ ਵਾਲੇ ਸਾਥੀਆਂ ਵਿਚੋਂ ਸਨ।

ਫਾਂਸੀ ਦਾ ਹੁਕਮ ਸੁਣਕੇ ਸਰਾਭੇ ਨੇ "ਥੈਂਕ ਯੂ" ਕਹਿ ਕੇ ਅੰਗਰੇਜ਼ੀ ਇਨਸਾਫ਼ ਦਾ ਮੂੰਹ ਚਿੜ੍ਹਾਇਆ ਅਤੇ ਨਿਧਾਨ ਸਿੰਘ ਚੁੱਘਾ ਬੋਲਿਆ, "ਬਸ ਐਨਾ ਹੀ ਜ਼ੋਰ ਸੀ।'

ਸਪੈਸ਼ਲ ਕੋਰਟ ਦੇ ਫੈਸਲੇ ਵਿਰੁੱਧ ਵਾਇਸਰਾਇ ਕੋਲ ਹੀ ਅਪੀਲ ਹੋ ਸਕਦੀ ਸੀ। ਸਭ ਕੈਦੀਆਂ ਨੂੰ ਰਹਿਮ ਦੀਆਂ ਅਪੀਲਾਂ ਕਰਨ ਲਈ ਕਿਹਾ ਗਿਆ ਪਰ ਅਣਖੀ ਗ਼ਦਰੀਆਂ ਨੇ ਅੰਗਰੇਜ਼ ਦੀ 'ਬੇ-ਇਨਸਾਫੀ, ਅੱਗੇ ਅਪੀਲ ਕਰਨ ਤੋਂ ਨਾਂਹ ਕਰ ਦਿੱਤੀ।

## ਫ਼ਾਂਸੀ ਵਾਲੀ ਰਾਤ

ਮੁਲਾਕਾਤਾਂ ਮੁੱਕ ਗਈਆਂ। ਕੈਦੀਆਂ ਦੇ ਵਜ਼ਨ ਹੋਏ। ਸਵੇਰੇ ਫ਼ਾਂਸੀ ਦੇ ਤਖ਼ਤੇ ਤੇ ਲਟਕਣਾ ਸੀ। ਕਿਸੇ ਨੂੰ ਵੀ ਨੀਂਦ ਨਾ ਪਈ। ਇਕ ਦੂਜੇ ਨੂੰ ਅਵਾਜ਼ਾਂ ਮਾਰ ਮਾਰ, ਕੌਮੀ ਗੀਤ ਅਤੇ ਕਵਿਤਾਵਾਂ ਗਾ ਗਾ ਕੇ 'ਮੌਤ ਦੀ ਮਹਿਫ਼ਿਲ' ਸਜੀ ਰਹੀ। ਦਿਨ ਚੜ੍ਹ ਗਿਆ। ਕੋਠੀਆਂ ਦੇ ਦਰਵਾਜ਼ੇ ਨਾ ਖੁਲ੍ਹੇ। ਅੰਤਮ ਇਸ਼ਨਾਨ ਲਈ ਪਾਣੀ ਨਾ ਆਇਆ। ਕਿਸੇ ਨੇ ਕਾਲੇ ਵਰੰਟ ਆ ਕੇ ਨਾ ਸੁਣਾਏ।

ਕਾਫ਼ੀ ਦਿਨ ਚੜ੍ਹੇ ਡਿਪਟੀ ਜੇਲ੍ਹਰ ਆਇਆ। ਉਸ ਨੇ 24 ਸਾਥੀਆਂ ਵਿਚੋਂ 17 ਦੀ ਫਾਂਸੀ ਟੁੱਟਣ ਬਾਰੇ ਦੱਸਿਆ, ਜੋ ਜਹਾਜ਼ਾਂ ਵਿਚੋਂ ਹੀ ਫੜ੍ਹੇ ਗਏ ਸਨ ਤੇ ਜਿਨ੍ਹਾਂ ਨੇ ਭਾਰਤ ਵਿਚ ਗ਼ਦਰ ਅੰਦੋਲਨ ਵਿਚ ਭਾਗ ਨਹੀਂ ਸੀ ਲਿਆ। ਇਹ ਫ਼ੈਸਲਾ ਪੰਡਿਤ ਨਹਿਰੂ ਤੇ ਹੋਰ ਪ੍ਰਸਿੱਧ ਵਕੀਲਾਂ ਦੇ ਯਤਨਾਂ ਨਾਲ ਵਾਇਸਰਾਇ ਨੂੰ ਮਿਲਣ 'ਤੇ ਹੋਇਆ। ਇਸ ਪ੍ਰਕਾਰ ਬਾਬਾ ਸੋਹਣ ਸਿੰਘ ਉਮਰ ਕੈਦ ਲਈ ਫ਼ਾਂਸੀ ਦੇ ਫੰਦੇ ਤੋਂ ਫ਼ਾਰਗ ਹੋਏ ਅਤੇ ਉਮਰ ਕੈਦ ਵਿਚ ਬਦਲੇ ਗਏ ਬਾਕੀ 16 ਸਾਥੀਆਂ ਨਾਲ ਹੋਰਨਾਂ ਜੇਲ੍ਹਾਂ ਵੱਲ ਤੋਰੇ ਗਏ।

ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਪਾਉਣ ਵਾਲੇ 7 ਗ਼ਦਰੀ ਸਨ; ਕਰਤਾਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਸਰਾਭਾ, (ਉਮਰ ਕਰੀਬ 19 ਸਾਲ) ਭਾਈ ਹਰਨਾਮ ਸਿੰਘ ਸਿਆਲ ਕੋਟ, ਭਾਈ ਬਖ਼ਸ਼ੀਸ਼ ਸਿੰਘ, ਭਾਈ ਸੁਰੈਣ ਸਿੰਘ, (ਤਿੰਨੋ ਗਿਲਵਾਲੀ, ਅੰਮ੍ਰਿਤਸਰ), ਭਾਈ ਜਗਤ ਸਿੰਘ ਸੁਰਸਿੰਘ ਅਤੇ ਸ਼੍ਰੀ ਵਿਸ਼ਨੂੰ ਗਣੇਸ਼ ਪਿੰਗਲੇ (ਪੂਨਾ)

## ਕਾਲੇ ਪਾਣੀ ਦੀ ਜੇਲ੍ਹ

ਜੰਗਲਾਂ, ਮੱਛਰਾਂ ਤੇ 9 ਮਹੀਨੇ ਬਰਸਾਤ ਵਾਲਾ ਅੰਡੇਮਾਨ ਟਾਪੂ ਕਈ ਛੋਟੇ ਛੋਟੇ ਜ਼ਜ਼ੀਰਿਆਂ ਦਾ ਇਕੱਠ ਹੈ, ਜੋ ਖਾੜੀ ਬੰਗਾਲ ਵਿਚ ਆਉਂਦਾ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਪੰਜਾਬੀ ਦੇਸ਼ਭਗਤਾਂ ਦੀਆਂ ਸਰਗਰਮੀਆਂ ਤੋਂ ਘਬਰਾਕੇ ਇਨ੍ਹਾਂ ਨੂੰ ਇਸ ਕਾਲੇ ਪਾਣੀ ਦੀ ਥਾਂ ਭੇਜਣ ਦਾ ਫ਼ੈਸਲਾ ਹੋਇਆ ਸੀ। ਗ਼ਦਰੀ ਕੈਦੀਆਂ ਨੂੰ ਕੋਹਲੂ ਗੇੜਨ ਤੇ ਨਾਰੀਅਲ ਦੇ ਛਿੱਲਕੇ ਕੁੱਟਣ ਦੀਆਂ ਸਖ਼ਤ ਸਜ਼ਾਵਾਂ ਦੇਣੀਆਂ ਸ਼ੁਰੂ ਹੋਈਆਂ, ਜੋ ਰਾਜਸੀ ਕੈਦੀਆਂ ਦੇ ਅਨੁਕੂਲ ਨਹੀਂ ਸਨ। ਰੋਜ਼ਾਨਾ ਦੀ 'ਕੰਮ ਸਜ਼ਾ' ਪੂਰੀ ਨਾ ਹੋਣ ਤੇ ਸਿੱਖ ਗ਼ਦਰੀਆਂ ਵਿਚੋਂ ਪਰਮਾ ਨੰਦ ਵਰਗੇ ਕਮਜ਼ੋਰ ਜਿਹੇ ਹਿੰਦੂ ਨੂੰ ਛੇ ਮਹੀਨੇ ਲਈ ਕੋਠੀ ਬੰਦ, ਡੰਡਾ ਬੇੜੀ, ਘੱਟ ਖ਼ੁਰਾਕ ਤੇ ਵੀਹ ਬੈਂਤਾਂ ਦੀ ਸਜ਼ਾ ਸੁਣਾਈ ਗਈ। ਬੈਂਤ ਵਰ੍ਹੇ ਤਾਂ ਪਰਮਾਨੰਦ ਦੀਆਂ ਲਾਸਾਂ ਵਿਚੋਂ ਲਹੂ ਦੀਆਂ ਧਤੀਰੀਆਂ ਛੁੱਟ ਪਈਆਂ। ਇਸ ਮੌਕੇ ਸਾਰੇ ਕੈਦੀ ਬੇ-ਵੱਸ ਸ਼ੇਰਾਂ ਵਾਂਗ ਪਿੰਜਰਿਆਂ ਵਿਚ ਬੰਦ ਕਰ ਦਿੱਤੇ ਗਏ ਸਨ। ਪਰ ਜਦੋਂ ਰਾਤ ਨੂੰ ਇਕੱਠੇ ਹੋਏ ਤਾਂ ਕੰਮ ਬੰਦ ਕਰਨ ਦਾ ਫੈਸਲਾ ਹੋਇਆ ਤਾਂ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਇਕ ਰੋਸ-ਪੱਤਰ ਨਿਗਰਾਨ ਜੇਲ੍ਹਰ ਤੇ ਕਮਿਸ਼ਨਰ ਅੰਡੇਮਾਨ ਨੂੰ ਭੇਜਿਆ ਗਿਆ।

ਜੇਲ੍ਹਰ ਨੇ ਆਪਣੇ ਵਿਰੁੱਧ ਹੋਈ ਸ਼ਿਕਾਇਤ ਦੇ ਬਦਲੇ ਵਿਚ ਕੈਦੀਆਂ ਵਿਚ ਫੁਟ ਪੁਆਉਣ ਵਰਗੀਆਂ ਕਰਤੂਤਾਂ ਛੋਹੀਆਂ ਅਤੇ ਫਿਰ ਮਿੱਤਰਤਾ ਤੇ ਸਮਝੌਤੇ-ਬਾਜ਼ੀ ਵੱਲ ਉੱਤਰ ਆਇਆ। ਕੈਦੀ ਕੰਮ ਲਈ ਰਾਜ਼ੀ ਹੋ ਗਏ ਪਰ ਮਹੀਨਾ ਲੰਘਣ ਤੇ ਵੀ ਜੇਲ੍ਹਰ ਨੇ ਪਰਮਾਨੰਦ ਦੀ ਸਜ਼ਾ ਬੰਦ ਨਾ ਕੀਤੀ। ਸਿੱਟੇ ਵਜੋਂ ਬਾਬਾ ਜੀ ਅਤੇ ਦੂਜੇ ਗ਼ਦਰੀਆਂ ਨੇ ਪਰਮਾਨੰਦ ਦੀ ਹਮਦਰਦੀ ਵਜੋਂ ਕੰਮ ਕਰਨ ਤੋਂ ਨਾਂਹ ਕਰ ਦਿੱਤੀ। ਹੜਤਾਲ ਬਦਲੇ ਸਭ ਨੂੰ ਪਰਮਾਨੰਦ ਵਾਲੀ ਸਜ਼ਾ ਸ਼ੁਰੂ ਹੋ ਗਈ, ਜੋ ਛੇ ਮਹੀਨੇ ਚਲੀ।

## ਗ਼ਦਰੀ ਭਾਨ ਸਿੰਘ ਨੂੰ ਸਜ਼ਾ

ਇਹ ਬਜ਼ੁਰਗ ਗਰਮ ਸੁਭਾਅ ਦਾ ਮਾਲਕ ਦੇਸ਼ ਭਗਤ ਸੀ। ਇਕ ਦਿਨ 'ਜੇ ਤਉ ਪ੍ਰੇਮ ਖੇਲਣ ਕਾ ਚਾਓ। ਸਿਰ ਧਰ ਤਲੀ ਗਲੀ ਮੇਰੀ ਆਓ' ਗਾ ਰਿਹਾ ਸੀ ਕਿ ਜੇਲ੍ਹਰ ਬੈਰੀ ਨਾਲ ਝੜਪ ਹੋ ਗਈ। ਉਸਨੇ ਨੰਬਰਦਾਰਾਂ ਨੂੰ ਨਾਲ ਲੈ ਕੇ ਭਾਈ ਭਾਨ ਸਿੰਘ ਨੂੰ ਖੂਬ ਕੁਟਾਇਆ ਤੇ ਅਧ-ਮੋਇਆ ਕਰਕੇ ਸੁੱਟਿਆ, ਜੋ ਕੁਝ ਦਿਨ ਬਾਅਦ ਮਰ ਗਿਆ।

ਇਸ ਅਣ-ਮਨੁੱਖੀ ਤਸ਼ੱਦਦ ਕਰਕੇ ਬਾਬਾ ਸੋਹਣ ਸਿੰਘ ਦੀ ਅਗਵਾਈ ਹੇਠ ਸੱਤ ਬੰਗਾਲੀਆਂ ਅਤੇ ਬਹੁਤ ਸਾਰੇ ਗ਼ਦਰੀਆਂ ਨੇ ਕੰਮ ਤੋਂ ਹੜਤਾਲ ਕਰ ਦਿੱਤੀ। ਜੇਲ੍ਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਪਰਡੈਂਟ ਨੇ ਰਾਜਸੀ ਕੈਦੀਆਂ ਤੋਂ ਹੜਤਾਲ ਬਾਰੇ ਰੋਸ ਸੁਣਿਆ ਪਰ ਉਲਟਾ ਛੇ-ਛੇ ਮਹੀਨੇ ਕੋਠੀ ਬੰਦ ਦੀ ਸਜ਼ਾ ਦੇ ਗਿਆ। ਬਾਬਾ ਜੀ ਨੇ ਇਸ ਬੇ-ਇਨਸਾਫ਼ੀ ਵਿਰੁੱਧ ਉਸੇ ਵੇਲੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਅਗਲੇ ਦਿਨ ਇਕ ਹੋਰ ਸਾਥੀ ਪ੍ਰਿਥੀ ਸਿੰਘ ਵੀ ਨਾਲ ਸ਼ਾਮਲ ਹੋ ਗਿਆ। ਕਈ ਦਿਨਾਂ ਦੀ ਭੁੱਖ ਹੜਤਾਲ ਤੇ ਇਨ੍ਹਾਂ ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ। ਜ਼ਬਰੀ ਖਾਣਾ ਦੇਣ ਦੀ ਕੋਸ਼ਿਸ਼ ਕੀਤੀ ਗਈ ਪਰ ਸਫਲਤਾ ਨਾ ਮਿਲੀ।

ਸੈਲੂਲਰ ਜੇਲ੍ਹ ਵਿਚ ਹੋ ਰਹੇ ਇਨ੍ਹਾਂ ਜ਼ੁਲਮਾਂ ਦੀਆਂ ਰਿਪੋਰਟਾਂ ਅਖ਼ਬਾਰਾਂ ਵਿਚ ਛਪ ਗਈਆਂ। ਚੀਫ਼ ਕਮਿਸ਼ਨਰ ਅੰਡੇਮਾਨ ਦੇ ਦਖ਼ਲ ਤੇ ਇਹ ਭੁੱਖ ਹੜਤਾਲ ਛੁਡਵਾਈ ਗਈ ਤੇ ਅੱਗੇ ਤੋਂ ਚੰਗੇ ਵਿਹਾਰ ਦਾ ਯਕੀਨ ਦਿਵਾਇਆ ਗਿਆ।

### ਫਿਰ ਕੰਮ ਦੀ ਹੜਤਾਲ

ਮਾਸਟਰ ਚਤਰ ਸਿੰਘ ਨੂੰ ਲੋਹੇ ਦੇ ਪਿੰਜਰੇ ਵਿਚ ਪਾਇਆਂ ਤਿੰਨ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਸੀ ਤੇ ਉਹ ਘੱਟ ਖ਼ੁਰਾਕ ਤੇ ਮਾੜੀ ਸਿਹਤ ਕਰਕੇ ਮਰਨ ਕਿਨਾਰੇ ਸੀ। ਗੱਲ ਏਨੀ ਸੀ ਕਿ ਉਸਨੇ ਕੈਦੀਆਂ ਦੇ ਤੋਲ ਸਮੇਂ ਜੇਲ੍ਹ ਸੁਪਰਡੈਂਟ ਮੇਜਰ ਮਰੇ ਦੇ ਮੂੰਹ ਤੇ ਇਕ ਜ਼ੋਰ ਦਾ ਥੱਪੜ ਮਾਰਿਆ ਸੀ।

ਬਾਬਾ ਸੋਹਣ ਸਿੰਘ ਨੂੰ ਉਸਦੀ ਹਾਲਤ ਵੇਖ ਕੇ ਬੜਾ ਦੁੱਖ ਹੋਇਆ। ਸਾਥੀਆਂ ਸਮੇਤ ਮੇਜਰ ਮਰੇ ਨੂੰ ਰਹਿਮ ਦੀ ਬੇਨਤੀ ਕੀਤੀ ਪਰ ਉਸਨੇ ਅਣਗੌਲੀ ਕਰ ਦਿੱਤੀ। ਉਸੇ ਦਿਨ ਤੋਂ ਕੰਮ ਬੰਦ ਸ਼ੁਰੂ ਹੋ ਗਿਆ। ਭਾਈ ਬਿਸ਼ਨ ਸਿੰਘ ਵੀ ਉਨ੍ਹਾਂ ਦੇ ਨਾਲ ਸੀ। ਸਿੱਟੇ ਵਜੋਂ ਤਿੰਨ-ਤਿੰਨ ਮਹੀਨੇ ਕੋਠੀ ਬੰਦ ਦੀ ਸਜ਼ਾ ਹੋਈ। ਸਜ਼ਾ ਮੁੱਕਣ ਤੇ ਵੀ ਉਨ੍ਹਾਂ ਨੇ ਕੰਮ ਦੀ ਹੜਤਾਲ ਜਾਰੀ ਰੱਖੀ ਤੇ ਨਵੇਂ ਨਿਗਰਾਨ-ਜੇਲ੍ਹਰ ਮੇਜਰ ਬਾਰਕਰ ਦੇ ਆਉਣ ਉਤੇ ਛੱਡੀ, ਜਿਸਨੇ ਮਾਸਟਰ ਚਤਰ ਸਿੰਘ ਦੀ ਸਜ਼ਾ ਡੰਡੀ-ਬੇੜੀ ਲਾਹ ਕੇ ਨਰਮ ਕਰ ਦਿੱਤੀ ਸੀ।

ਮਿਸਟਰ ਬੈਰੀ ਕੈਦੀਆਂ ਵਿਚ ਆਪਣੀ ਸ਼ਾਖ ਖ਼ਰਾਬ ਹੋਣ ਕਰਕੇ ਬੀਮਾਰੀ ਦੀ ਛੁੱਟੀ ਲੈ ਕੇ ਭਾਰਤ ਮੁੜ ਪਿਆ।

### ਭੁੱਖ ਹੜਤਾਲ

ਮੇਜ਼ਰ ਬਾਰਕਰ ਨੂੰ ਆਇਆਂ ਵੀ ਛੇ ਮਹੀਨੇ ਹੋਣ ਲੱਗੇ ਸਨ। ਬਾਬਾ ਸੋਹਣ ਸਿੰਘ ਨੇ ਉਸ ਨਾਲ ਮਾਸਟਰ ਚਤਰ ਸਿੰਘ ਨੂੰ ਪਿੰਜਰੇ ਵਿਚੋਂ ਕੱਢਣ ਲਈ ਗੱਲਬਾਤ ਕੀਤੀ ਪਰ ਉਸਨੇ ਗੱਲੀਂ ਬਾਤੀਂ ਟਾਲ ਛੱਡਿਆ। ਬਾਬਾ ਜੀ ਨੇ 21 ਜੁਲਾਈ 1920 ਨੂੰ ਇਸ ਬਾਰੇ ਦੋ ਟੁੱਕ ਗੱਲਬਾਤ ਕੀਤੀ। ਮੇਜਰ ਬਾਰਕਰ ਖਿੱਝ ਗਿਆ ਤੇ ਉਸਨੇ ਬਾਬਾ ਜੀ ਨੂੰ ਆਪਣਾ ਫ਼ਿਕਰ ਕਰਨ ਲਈ ਆਖਿਆ। ਜਦ ਉਸ ਕੋਈ ਗੱਲ ਨਾ ਮੰਨੀ ਤਾਂ ਬਾਬਾ ਜੀ ਨੇ ਉਸੇ ਦਿਨ ਤੋਂ ਭੁੱਖ ਹੜਤਾਲ ਕਰਨ ਦਾ ਐਲਾਨ ਕਰ ਦਿੱਤਾ ਤੇ ਕਿਹਾ, 'ਜੇ ਚਤਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਦੀ ਲਾਸ਼ ਬਾਹਰ ਨਿਕਲਣੀ ਏ ਤਾਂ ਮੇਰੀ ਲਾਸ਼ ਵੀ ਉਸਦੇ ਨਾਲ ਨਿਕਲੇਗੀ।'

ਦੋ-ਤਿੰਨ ਹਫਤੇ ਬਾਅਦ ਹਾਲਤ ਖ਼ਰਾਬ ਹੋਣ ਤੇ ਬਾਬਾ ਜੀ ਨੂੰ ਹਸਪਤਾਲ ਭੇਜ ਦਿੱਤਾ ਗਿਆ। ਇਨ੍ਹੀਂ ਦਿਨੀਂ ਇਕ ਸਿੱਖ ਵਾਰਡਰ ਛੁੱਟੀ ਲੈ ਕੇ ਪੰਜਾਬ ਜਾ ਰਿਹਾ ਸੀ। ਭਾਈ ਜਵਾਲਾ ਸਿੰਘ ਦੇ ਸਾਥੀਆਂ ਨੇ ਜੇਲ੍ਹ ਦੇ ਭੈੜੇ ਹਾਲ ਲਿਖ ਕੇ ਪੰਜਾਬ ਦੀਆਂ ਅਖ਼ਬਾਰਾਂ ਵਿਚ ਛਪਣ ਲਈ ਗੁਪਤ ਤਰੀਕੇ ਨਾਲ ਭੇਜੇ, ਜੋ ਬੰਦਰਗਾਹ ਤੇ ਤਲਾਸ਼ੀ ਸਮੇਂ ਪਕੜੇ ਗਏ। ਇਸ ਨਾਲ ਬਾਰਕਰ ਨੂੰ ਹੋਰ ਵੀ ਚਿੜ੍ਹ ਚੜ੍ਹ ਗਈ ਤੇ ਉਸਨੇ ਚਤਰ ਸਿੰਘ ਦੇ ਅੰਦਰੇ ਪਾ ਕੇ ਮਰਨ ਦੀ ਖ਼ਬਰਦਾਰੀ ਕੀਤੀ।

ਭੁੱਖ ਹੜਤਾਲ ਨੂੰ ਦੋ ਮਹੀਨੇ ਹੋਣ ਲਗੇ ਸਨ। ਭਾਈ ਜਵਾਲਾ ਸਿੰਘ ਤੇ ਕੇਸਰ ਸਿੰਘ ਨੇ ਮੇਜਰ ਬਾਰਕਰ ਨੂੰ ਨੋਟਿਸ ਦੇ ਦਿਤਾ ਕਿ ਜੇ ਤੁਸੀਂ ਮਾਸਟਰ ਚਤਰ ਸਿੰਘ ਨੂੰ ਪਿੰਜਰੇ ਤੋਂ ਮੁਕਤ ਨਹੀਂ ਕਰਦੇ ਤਾਂ ਸਾਡੇ ਤੇ ਹੋਰ ਸਾਥੀ ਵੀ ਭੁੱਖ ਹੜਤਾਲ ਤੇ ਬੈਠਣਗੇ। ਬਾਰਕਰ ਇਸ ਚਿਤਾਵਨੀ ਤੋਂ ਘਬਰਾ ਗਿਆ ਤੇ ਉਸਨੇ ਈਨ ਮੰਨ ਲਈ। ਸਖ਼ਤੀਆਂ ਦੇ ਬਾਵਜੂਦ ਜੇਲ੍ਹ ਵਿਚਲੇ ਜ਼ੁਲਮਾਂ ਅਤੇ ਤੰਗੀਆਂ ਦੀ ਦਾਸਤਾਨ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਆਉਂਦੀ ਰਹੀ ਅਤੇ ਅਖਬਾਰਾਂ ਵਿਚ ਛਪਦੀ ਰਹੀ। ਬਾਬਾ ਸੋਹਣ ਸਿੰਘ ਭਕਨਾ ਅਨੁਸਾਰ ਭਾਰਤ ਸਰਕਾਰ ਨੇ ਇਕ ਪੜਤਾਲੀਆ ਕਮਿਸ਼ਨ ਸੈਲੂਲਰ ਅੰਡੇਮਾਨ ਜੇਲ੍ਹ ਭੇਜਿਆ। ਮੇਜਰ ਬਾਰਕਰ ਨੇ ਇਸਦੀ ਆਮਦ ਵਾਲੇ ਦਿਨ ਰਾਜਸੀ ਕੈਦੀਆਂ ਨੂੰ ਜੇਲ੍ਹ ਨੂੰ ਦੀ ਉਪਰਲੀ ਮੰਜ਼ਲ ਵਿਚ ਤਾੜ ਦਿੱਤਾ। ਕੈਦੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਰੌਲਾ ਮਚਾ ਦਿੱਤਾ ਤੇ ਕਮਿਸ਼ਨ ਨੂੰ ਆਪਣੀਆਂ ਸ਼ਿਕਾਇਤਾਂ, ਮੰਗਾਂ ਤੇ ਤਕਲੀਫਾਂ ਦਾ ਲਿਖਤੀ-ਚਿੱਠਾ ਤਿਆਰ ਕਰਕੇ ਦਿੱਤਾ।

## ਬੱਚਿਆਂ ਦੇ ਉਸਤਾਦ

ਇਸ ਤੋਂ ਬਾਅਦ ਮਿਸਟਰ ਮਿਲਹਰ ਜੇਲ੍ਹਰ ਬਣ ਕੇ ਆਇਆ। ਉਹ ਬੜਾ ਹਮਦਰਦ, ਮਿੱਠ-ਬੋਲਾ, ਸਾਊ ਤੇ ਸੁਘੜ ਜੇਲ੍ਹਰ ਸੀ। ਉਸਨੇ ਆਉਂਦਿਆਂ ਹੀ ਸਭ ਕੈਦੀਆਂ ਨਾਲ ਪਿਆਰ ਤੇ ਮੋਹ ਪਾ ਲਿਆ। ਬੈਰੀ ਦੇ ਬੁੱਚੜਖਾਨੇ ਨੂੰ ਉਸਨੇ ਘਰ ਪ੍ਰਤੀਤ ਕਰਵਾ ਦਿੱਤਾ। ਕੈਦੀਆਂ ਦੇ ਸਿਆਣੇ ਆਗੂ ਚੁਣ ਕੇ ਵੱਖ ਵੱਖ ਕਮੇਟੀਆਂ ਬਣਾ ਦਿੱਤੀਆਂ ਤੇ ਸਾਰਾ ਪ੍ਰਬੰਧ ਉਨ੍ਹਾਂ ਨੂੰ ਸੌਂਪ ਦਿੱਤਾ। ਬਾਬਾ ਸੋਹਣ ਸਿੰਘ ਵਿਹਲੇ ਸਮੇਂ ਵਿਚ ਜੇਲ੍ਹ ਸਟਾਫ ਦੇ ਬੱਚਿਆਂ ਨੂੰ ਪੜ੍ਹਾਉਣ ਲੱਗ ਪਏ।

ਏਨੇ ਵਿਚ ਪੜਤਾਲੀਆ ਕਮਿਸ਼ਨ, ਨੇ ਸੈਲੂਲਰ ਸੈਂਟਰਲ ਜੇਲ੍ਹ ਨੂੰ ਤੋੜਨ ਦਾ ਸੁਝਾਅ ਦੇ ਦਿੱਤਾ ਅਤੇ ਖਾਸ ਕਰਕੇ ਰਾਜਸੀ ਕੈਦੀਆਂ ਨੂੰ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਭੇਜਣਾ ਸ਼ੁਰੂ ਹੋ ਗਿਆ।

## ਕਾਲੇ ਪਾਣੀ ਤੋਂ ਮਦਰਾਸ ਜੇਲ੍ਹ

ਅੰਡੇਮਾਨ ਸੈਲੂਲਰ ਜੇਲ੍ਹ ਖਤਮ ਹੋ ਗਈ। ਬਹੁਤ ਸਾਰੇ ਪੰਜਾਬੀ ਰਾਜਸੀ ਕੈਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਦਰਾਸ ਦੀਆਂ ਜੇਲ੍ਹਾਂ ਵਿਚ ਭੇਜੇ ਗਏ। ਬਾਬਾ ਸੋਹਣ ਸਿੰਘ ਭਕਨਾ ਆਪਣੇ ਤਿੰਨ-ਚਾਰ ਸਾਥੀਆਂ ਸਮੇਤ ਕੋਇੰਬਟੂਰ ਜੇਲ੍ਹ ਵਿਚ ਬਦਲ ਗਏ। ਇਥੇ ਦਾਲ-ਭਾਤ ਹੀ ਖਾਣ ਨੂੰ ਮਿਲਦਾ ਸੀ। ਪੰਜਾਬੀ ਰਾਜਸੀ ਕੈਦੀਆਂ ਨੇ ਦਾਲ-ਰੋਟੀ ਦੇ ਪ੍ਰਬੰਧ ਕਰਨ ਲਈ ਮੰਗ ਕੀਤੀ ਤਾਂ ਚਾਰਾਂ ਨੂੰ ਸੁੱਕਾ ਰਾਸ਼ਨ ਮਨਜ਼ੂਰ ਹੋ ਗਿਆ।

1919 ਦਾ ਸਾਲ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਅਤੇ ਭਾਰਤੀਆਂ ਦੇ ਪ੍ਰਚੰਡ ਰੋਹ ਦਾ ਸਾਲ ਸੀ। ਦੇਸ਼ ਭਰ ਵਿਚ ਉਠੀ ਮੁਸਲਮਾਨਾਂ ਦੀ ਖਿਲਾਫ਼ਤ ਲਹਿਰ, ਸੁਦੇਸੀ ਪ੍ਰਚਾਰ, ਨਾ-ਮਿਲਵਰਤਣ ਤੇ ਸ਼ਾਂਤਮਈ-ਅੰਦੋਲਨ ਕੌਮੀ ਸੰਘਰਸ਼ ਦੇ ਖ਼ਾਸ ਅੰਗ ਬਣੇ। ਇਸ ਸਮੇਂ ਬਹਾਦਰ ਮੋਪਲੇ ਵੀ ਅੰਗਰੇਜ਼ਾਂ ਨਾਲ ਸਿੱਧੀ ਟੱਕਰ ਲੈਣ ਲਈ ਨਿੱਤਰ ਆਏ। ਅੰਗਰੇਜ਼-ਸ਼ਾਹੀ ਦੀਆਂ ਸਖ਼ਤੀਆਂ ਤੇ ਜ਼ੁਲਮ ਵੀ ਅਥਾਹ ਹੋਏ। ਪੰਜ-ਸੱਤ ਮੋਪਲੇ ਰੋਜ਼ਾਨਾ ਫਾਂਸੀ ਲਗਦੇ। ਇਨ੍ਹਾਂ ਮੋਪਲਿਆਂ ਦੀ ਗਿਣਤੀ ਜੇਲ੍ਹ ਵਿਚ ਦਿਨੋ ਦਿਨ ਵਧਦੀ ਗਈ ਤੇ ਚਾਵਲ-ਭਾਤ ਦੀ ਖ਼ੁਰਾਕ ਘਟਦੀ ਘਟਦੀ ਚੌਲਾਂ ਦੀ ਪਿੱਛ ਤਕ ਰਹਿ ਗਈ। ਮੋਪਲੇ-ਬੱਚਿਆਂ ਦਾ ਦੁੱਖ ਬਾਬਾ ਜੀ ਨਾ ਜ਼ਰਿਆ ਗਿਆ। ਉਨ੍ਹਾਂ ਨੇ ਬੱਚਿਆਂ ਦੀ ਖੁਰਾਕ ਲਈ ਅਧਿਕਾਰੀਆਂ ਅੱਗੇ ਤਰਲੇ ਲਏ ਪਰ ਕੋਈ ਪੇਸ਼ ਨਾ ਗਈ।

## ਭੁੱਖੇ ਬੱਚਿਆਂ ਲਈ ਰੋਟੀ ਦੀ ਚੋਰੀ

ਮੋਪਲੇ-ਬੱਚਿਆਂ ਦੀ ਭੁੱਖ ਗ਼ਦਰੀ ਦੇਸ਼-ਭਗਤਾਂ ਕੋਲੋਂ ਵੇਖੀ ਨਹੀਂ ਸੀ ਜਾਂਦੀ। ਉਨ੍ਹਾਂ ਚਾਰੇ ਸਾਥੀਆਂ ਨੇ ਆਪ ਘੱਟ ਤੋਂ ਘੱਟ ਖਾਣ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਚੋਰੀ ਰਾਸ਼ਨ ਦੇਣ ਦੀ ਸਲਾਹ ਬਣਾਈ। ਸਰਦਾਰ ਜਵਾਲਾ ਸਿੰਘ, ਜੋ ਲੰਗਰ ਦੀ ਸੇਵਾ ਕਰਦਾ ਸੀ, ਨੇ ਕਈ ਦਿਨ ਚੋਰੀ ਰਾਸ਼ਨ ਪਹੁੰਚਾਇਆ। ਇਸ ਦੋਸ਼ ਵਿਚ ਪਤਾ ਲਗਣ ਤੇ ਉਸਨੂੰ 30 ਬੈਂਤਾਂ ਦੀ ਸਜ਼ਾ ਹੋਈ।

ਬਾਕੀ ਤਿੰਨੋ ਸਾਥੀਆਂ ਨੇ ਰੋਸ ਵਜੋਂ ਕੰਮ ਦੀ ਹੜਤਾਲ ਕਰ ਦਿੱਤੀ। ਜਦ ਜੇਲ੍ਹ ਅਧਿਕਾਰੀਆਂ ਨੇ ਇਨ੍ਹਾਂ ਚਾਰਾਂ ਨੂੰ ਕੋਠੀ ਬੰਦ ਕਰ ਦਿਤਾ ਤਾਂ ਇਨ੍ਹਾਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਆਖ਼ਰ ਇੰਸਪੈਕਟਰ ਜਨਰਲ ਜੇਲ੍ਹ ਦੇ ਹੁਕਮ ਦੁਆਰਾ ਬਾਬਾ ਸੋਹਣ ਸਿੰਘ ਤੇ ਹਰੀ ਸਿੰਘ ਕੱਕੜ ਨੂੰ ਯਰਵਾਦਾ ਜੇਲ੍ਹ ਭੇਜ ਦਿੱਤਾ।

## ਯਰਵਾਦਾ ਜੇਲ੍ਹ

ਯਰਵਾਦਾ ਜੇਲ੍ਹ ਆਉਂਦਿਆਂ ਹੀ ਪੱਗੜੀ ਤੇ ਕਛਹਿਰਾ ਪਾਉਣ ਲਈ ਮੋਰਚਾ ਲਾਉਣਾ ਪਿਆ। ਸਿੱਖ ਕੈਦੀਆਂ ਨੂੰ ਇਹ ਵਸਤਰ ਪਹਿਨਣ ਦੀ ਖੁੱਲ੍ਹ ਸੀ ਪਰ ਜੇਲ੍ਹ ਅਧਿਕਾਰੀਆਂ ਨੇ ਇਨ੍ਹਾਂ ਕੈਦੀਆਂ ਦੀ ਇਕ ਨਾ ਮੰਨੀ। ਗਾਰਦ ਮੰਗਵਾ ਕੇ ਦੋਹਾਂ ਸਿੱਖ ਕੈਦੀਆਂ ਦੇ ਕੱਪੜੇ ਜ਼ਬਰੀ ਲੁਹਾ ਲਏ ਗਏ। ਟੋਪੀ ਤੇ ਹੋਰ ਕੱਪੜੇ ਪਾਉਣੇ ਇਨ੍ਹਾਂ ਕਿਸੇ ਹੀਲੇ ਪ੍ਰਵਾਨ ਨਾ ਕੀਤੇ ਤੇ ਕੰਬਲਾਂ ਦੀ ਬੁਕਲ ਮਾਰ ਕੇ ਭੁੱਖ ਹੜਤਾਲ ਕਰ ਦਿੱਤੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਦਿਨਾਂ ਬਾਅਦ ਕੁਝ ਹੋਰ ਸਿੱਖ ਅਤੇ ਹਿੰਦੂ ਗ਼ਦਰੀ ਹੋਰ ਜੇਲ੍ਹਾਂ ਵਿਚੋਂ ਬਦਲ ਕੇ ਇਥੇ ਲਿਆਂਦੇ ਗਏ। ਜੇਲ੍ਹ ਵਾਲਿਆਂ ਨੇ ਫਿਰ ਆਮ ਕੈਦੀਆਂ ਵਾਲੇ ਕੱਪੜੇ ਪਵਾਉਣ ਦੀ ਜ਼ਿੱਦ ਕੀਤੀ। ਸਭ ਭੁੱਖ ਹੜਤਾਲ ਤੇ ਬੈਠ ਗਏ। ਭਾਈ ਪਰਮਾ ਨੰਦ ਤੇ ਪੰਡਤ ਹਿਰਦੇ ਰਾਮ ਨੇ ਸਿੱਖ-ਸਾਥੀਆਂ ਦੇ ਇਵੇਂ ਨਾ ਕਰਨ ਲਈ ਪਰੇਰਨ ਤੇ ਵੀ ਉਨ੍ਹਾਂ ਦੇ ਹੱਕ ਵਿਚ ਭੁੱਖ ਹੜਤਾਲ ਜਾਰੀ ਰੱਖੀ। ਹਾਲਾਂ ਕਿ ਉਹ ਟੋਪੀ ਆਦਿ ਪਹਿਨ ਸਕਦੇ ਸਨ। ਇਸ ਤੇ ਸਭ ਹੜਤਾਲੀ ਕੈਦੀਆਂ ਨੂੰ ਜਾਲੀ ਵਾਲੀ ਕੋਠੜੀਆਂ ਵਿਚ ਪਾਣੀ ਦੀ ਮਟਕੀ ਦੇ ਆਸਰੇ ਬੰਦ ਕਰ ਦਿੱਤਾ ਗਿਆ। ਮਹਾਤਮਾ ਗਾਂਧੀ ਵੀ ਉਸੇ ਸਮੇਂ ਸਤਿਆ-ਗ੍ਰਹਿਈਆਂ ਨਾਲ ਉਸੇ ਜੇਲ੍ਹ ਵਿਚ ਆਏ ਪਰ ਉਨ੍ਹਾਂ ਨੇ ਇਸ ਭੁੱਖ ਹੜਤਾਲ ਨੂੰ ਧਾਰਮਿਕ ਮਾਮਲਾ ਕਹਿਕੇ ਕਿਸੇ ਕਿਸਮ ਦਾ ਸਹਿਯੋਗ ਦੇਣ ਤੋਂ ਨਾਂਹ ਕਰ ਦਿੱਤੀ।

ਕਿਸੇ ਤਰ੍ਹਾਂ ਯਰਵਾਦਾ ਜੇਲ੍ਹ ਦਾ ਇਹ ਧਾਰਮਿਕ ਮਾਮਲਾ ਸ਼ਰੋਮਣੀ ਕਮੇਟੀ ਦੇ ਦਫ਼ਤਰ ਵਿਚ ਪਹੁੰਚ ਗਿਆ ਅਤੇ ਪੰਜਾਬ ਦੇ ਗਵਰਨਰ ਦਾ ਧਿਆਨ ਦੁਆਉਣ ਤੇ ਹੱਲ ਹੋ ਗਿਆ। ਪੂਰੇ ਇਕ ਮਹੀਨੇ ਬਾਅਦ ਹੜਤਾਲ ਟੁੱਟੀ ਤੇ ਸਾਰੇ ਸਿੱਖ ਕੈਦੀਆਂ ਨੂੰ ਪਗੜੀਆਂ ਤੇ ਕਛਹਿਰੇ ਪਾਉਣ ਦੀ ਆਗਿਆ ਹੋਈ।

ਇਨ੍ਹਾਂ ਦੇਸ਼ ਭਗਤਾਂ ਦੀਆਂ ਮੁੱਢਲੀਆਂ ਅੜੀਆਂ ਤੇ ਜਿੱਤਾਂ ਕਾਰਨ ਬਾਬਾ ਸੋਹਣ ਸਿੰਘ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਨੂੰ ਛੱਡ ਕੇ ਬਾਕੀ ਸਾਰੇ ਗ਼ਦਰੀ ਕੈਦੀਆਂ ਨੂੰ ਹੋਰਨਾਂ ਜੇਲ੍ਹਾਂ ਵਿਚ ਵੰਡ ਦਿਤਾ ਗਿਆ।

ਸੈਲੂਲਰ ਜੇਲ੍ਹ ਦਾ ਕੱਟੜ ਜੇਲ੍ਹ ਸੁਪਰਡੈਂਟ ਮੇਜਰ ਮਰੇ ਇਸ ਸਮੇਂ ਬੰਬਈ ਪ੍ਰਾਂਤ ਦੀ ਜੇਲ੍ਹਾਂ ਦਾ ਇੰਸਪੈਕਟਰ ਸੀ। ਉਹ ਦੋ ਵਾਰ ਯਰਵਾਦਾ ਜੇਲ੍ਹ ਵਿਚ ਆਇਆ। ਉਸਦਾ ਸੁਭਾਅ ਪਹਿਲਾਂ ਨਾਲੋਂ ਬੜਾ ਬਦਲਿਆ ਹੋਇਆ ਸੀ। ਉਸਨੇ ਦੋਹਾਂ ਗ਼ਦਰੀਆਂ ਨੂੰ ਸਿਹਤ-ਤੰਦਰੁਸਤੀ ਲਈ ਪੰਜਾਬ ਭਿਜਵਾ ਦੇਣ ਦਾ ਵਾਇਦਾ ਕੀਤਾ।

## ਸੈਂਟਰਲ ਜੇਲ੍ਹ ਲਾਹੌਰ ਵਿਚ

1927 ਦੇ ਅੰਤ ਵਿਚ ਦੋਹਾਂ ਸਾਥੀ ਕੈਦੀਆਂ ਨੂੰ ਸੈਂਟਰਲ ਜੇਲ੍ਹ ਲਾਹੌਰ ਬਦਲ ਦਿੱਤਾ ਗਿਆ। ਚਿਰਾਂ ਦੇ ਵਿਛੜੇ ਗ਼ਦਰੀ ਸਾਥੀ ਮੁੜ ਮਿਲੇ ਅਤੇ ਕਰਤਾਰ ਸਿੰਘ ਸਰਾਭੇ ਸਣੇ ਦੂਜੇ ਗਦਰੀਆਂ ਦੀਆਂ ਸ਼ਹੀਦੀਆਂ ਯਾਦ ਆਈਆਂ। ਜੇਲ੍ਹ ਵਿਚ ਬੜਾ ਊਚ-ਨੀਚ ਦਾ ਮਾਹੌਲ ਸੀ। ਇਥੋਂ ਤਕ ਕਿ ਰੋਟੀ ਖਾਣ ਲਈ ਲੰਗਰ ਵਿਚ ਪੰਗਤਾਂ ਅੱਡ ਅੱਡ ਲਗਦੀਆਂ ਸਨ। ਬਾਬਾ ਜੀ ਨੂੰ ਯੁਗਾਂਤਰ-ਆਸ਼ਰਮ ਦੇ ਸਾਂਝੇ ਲੰਗਰ ਦੀ ਯਾਦ ਆਈ। ਵਿਤਕਰਾ ਕਿਸੇ ਕਿਸਮ ਦਾ ਵੀ ਗ਼ਦਰ ਪਾਰਟੀ ਦਾ ਅਸੂਲ ਨਹੀਂ ਸੀ। ਉਹ ਤਾਂ ਸਮਾਜ ਵਿਚ ਹਰ ਕਿਸੇ ਨੂੰ ਬਰਾਬਰੀ ਦੇ ਸੁੱਖ ਤੇ ਦਰਜਾ ਦੇਣਾ ਚਾਹੁੰਦੀ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਰਕੇ ਬਾਬਾ ਜੀ ਨੂੰ ਵਿਤਕਰੇ ਦੀ ਇਹ ਗੱਲ, ਬੜੀ ਅਜੀਬ ਲਗੀ । ਕਿਉਂਕਿ ਪੰਜਾਬ ਦੀ ਇਸ ਧਰਤੀ ਤੇ ਗੁਰੂਆਂ ਨੇ ਸਾਂਝੇ ਲੰਗਰ ਤੇ ਵੰਡ-ਛਕਣ ਦੀ ਮਰਿਆਦਾ ਤੋਰੀ ਸੀ, ਉਨ੍ਹਾਂ ਆਪਣੇ ਮਨੋਭਾਵ ਆਪਣੇ ਕੈਦੀ ਸਾਥੀਆਂ ਨੂੰ ਦੱਸੇ । ਜਦ ਉਹ ਸਾਂਝੇ ਤੇ ਮਿਲਵੇਂ ਲੰਗਰ ਲਈ ਕਾਮਯਾਬ ਨਾ ਹੋ ਸਕੇ ਤਾਂ ਉਨ੍ਹਾਂ ਰੋਸ ਵਜੋਂ ਭੁੱਖ ਹੜਤਾਲ ਕਰ ਦਿੱਤੀ । ਪੰਦਰਾਂ ਕੁ ਦਿਨਾਂ ਬਾਅਦ ਨੀਵੀਆਂ ਜਾਤੀਆਂ ਨੂੰ ਵੀ ਬਰਾਬਰੀ ਦੇ ਹੱਕ ਮਿਲੇ ਤੇ ਬਾਬਾ ਜੀ ਨੇ ਆਪਣੀ ਭੁੱਖ-ਹੜਤਾਲ ਖੁਸ਼ੀ ਖੁਸ਼ੀ ਛੱਡ ਦਿੱਤੀ ।

## ਭਗਤ ਸਿੰਘ ਨਾਲ ਮਿਲਾਪ

ਪ੍ਰਸਿੱਧ ਦੇਸ਼ ਭਗਤ ਸਰਦਾਰ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਲਿਆਂਦਾ ਗਿਆ । ਇਥੇ ਉਸ 'ਤੇ ਮੁਕੱਦਮਾ ਚਲਾਇਆ ਜਾਣਾ ਸੀ । ਉਸਨੇ 15 ਜੂਨ 1929 ਤੋਂ ਰਾਜਸੀ ਕੈਦੀਆਂ ਵਰਗੇ ਵਿਹਾਰ ਤੇ ਚੰਗੀ ਖੁਰਾਕ ਪ੍ਰਾਪਤ ਕਰਨ ਲਈ ਭੁੱਖ ਹੜਤਾਲ ਕੀਤੀ ਹੋਈ ਸੀ । ਬਾਬਾ ਜੀ ਤੀਜੇ ਚੌਥੇ ਦਿਨ ਮਿਲਦੇ ਗਿਲਦੇ ਰਹਿੰਦੇ ਸਨ ਤੇ ਦੇਸ਼ ਦੀ ਹਾਲਤ ਬਾਰੇ ਵਿਚਾਰਾਂ ਕਰਦੇ ਰਹਿੰਦੇ ਸਨ ।

ਬਾਬਾ ਜੀ ਨੇ ਇਕ ਦਿਨ ਉਸ ਨੂੰ ਜਵਾਨ ਤੇ ਪੜ੍ਹੇ ਲਿਖੇ ਹੋ ਕੇ ਇਨਕਲਾਬੀ ਕੰਮਾਂ ਵਿਚ ਪੈ ਜਾਣ ਦਾ ਕਾਰਨ ਪੁੱਛਿਆ । ਭਗਤ ਸਿੰਘ ਨੇ ਹੱਸਦਿਆਂ ਹੋਇਆਂ ਕਿਹਾ, "ਸਾਰਾ ਕਸੂਰਾ ਤੁਹਾਡਾ ਏ ਬਾਬਾ ਜੀ' । ਜੇ ਕਰਤਾਰ ਸਿੰਘ ਸਰਾਭਾ ਵਰਗੇ ਫਾਂਸੀ ਨਾ ਲਗਦੇ ਤੇ ਤੁਹਾਡੇ ਵਰਗੇ ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਹੱਡ ਨਾ ਰੋਲਦੇ ਤਾਂ ਮੈਂ ਇਧਰ ਨਾ ਆਉਂਦਾ ।"

ਦੋ ਕੁ ਹਫ਼ਤੇ ਬਾਬਾ ਜੀ ਚੁੱਪ ਰਹਿਕੇ ਨੌਜਵਾਨਾਂ ਦੀ ਭੁੱਖ ਹੜਤਾਲ ਦਾ ਰੰਗ ਵੇਖਦੇ ਰਹੇ । ਜਤਿੰਦਰ ਨਾਥ ਦਾਸ ਦੀ ਹਾਲਤ ਗੰਭੀਰ ਹੋਣ ਲੱਗੀ ਤਾਂ ਆਪ ਤੋਂ ਵੀ ਨਾ ਰਿਹਾ ਗਿਆ । ਉਨ੍ਹਾਂ ਨੇ ਹਮਦਰਦੀ ਵਜੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਭਗਤ ਸਿੰਘ ਨੇ ਬੜਾ ਸਮਝਾਇਆ, "ਤੁਸੀਂ ਕਈ ਜੇਲ੍ਹਾਂ ਦਾ ਨਰਕ ਭੋਗਿਆ ਏ। ਭੁੱਖ ਹੜਤਾਲਾਂ ਕਰਕੇ ਤੁਹਾਡੀ ਸਿਹਤ ਕਮਜ਼ੋਰ ਹੋ ਚੁੱਕੀ ਏ ਤੇ ਉਧਰੋਂ ਬਿਰਧ ਅਵਸਥਾ ਏ—ਤੁਸੀਂ ਹੜਤਾਲ ਨਾ ਕਰੋ ।" ਪਰ ਬਾਬਾ ਜੀ ਇਕ ਨਾ ਮੰਨੇ ਤੇ ਉਨ੍ਹਾਂ ਦੇ ਹੱਕ ਵਿਚ ਡਟੇ ਰਹੇ । ਆਖ਼ਰ ਸਰਕਾਰ ਨੇ ਮੰਗਾਂ ਮੰਨ ਲਈਆਂ ਤੇ ਭੁੱਖ ਹੜਤਾਲ ਤੋੜ ਦਿੱਤੀ ਗਈ ।

## ਉਮਰ ਕੈਦ ਤੋਂ ਵਾਧੂ ਕੈਦ

ਬਾਬਾ ਜੀ ਨੂੰ ਉਮਰ ਕੈਦ ਹੋਈ ਸੀ, ਜੋ ਕਟ ਕਟਾ ਕੇ ਸਾਰੀ ਚੌਦਾਂ ਸਾਲ ਬਣਦੀ ਸੀ ਪਰ ਉਨ੍ਹਾਂ ਨੂੰ ਜੇਲ੍ਹਾਂ ਵਿਚ ਰੁਲਦਿਆਂ 15 ਤੋਂ ਵੱਧ ਸਾਲਾਂ ਦਾ ਸਮਾਂ ਹੋ ਗਿਆ ਸੀ। ਕਈ ਵਾਰ ਉਨ੍ਹਾਂ ਨੇ ਆਪਣੀ ਰਿਹਾਈ ਦੀ ਮੰਗ ਕੀਤੀ, ਚਿੱਠੀਆਂ ਲਿਖੀਆਂ ਪਰ ਕੋਈ ਅਸਰ ਨਾ ਹੋਇਆ । ਅਪ੍ਰੈਲ 1930 ਵਿਚ ਉਨ੍ਹਾਂ ਨੇ ਰਿਹਾਈ ਤਕ ਭੁੱਖ ਹੜਤਾਲ ਕਰਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਫੈਸਲਾ ਕਰ ਲਿਆ ਤੇ ਚਿੱਠੀ ਸਰਕਾਰ ਨੂੰ ਲਿਖ ਦਿੱਤੀ ।

## ਭੁੱਖ ਹੜਤਾਲ

ਜੇਲ੍ਹ ਅਧਿਕਾਰੀਆਂ ਨੇ ਆਪ ਨੂੰ ਭੁੱਖ ਹੜਤਾਲ ਛੱਡ ਦੇਣ ਲਈ ਪ੍ਰੇਰਿਆ ਪਰ ਉਹ ਆਪਣੇ ਹੱਠ ਤੇ ਅੜੇ ਰਹੇ। ਕਰਦਿਆਂ ਕਰਦਿਆਂ ਦੋ ਮਹੀਨੇ ਲੰਘ ਗਏ । ਬਾਬਾ ਜੀ ਦੀ ਹਾਲਤ ਖ਼ਰਾਬ ਹੁੰਦੀ ਗਈ। ਜੇਲ੍ਹ ਅਧਿਕਾਰੀਆਂ ਦੀਆਂ ਜ਼ਬਰੀ ਖ਼ੁਰਾਕ ਦੇਣ ਦੀਆਂ ਕੋਸ਼ਿਸ਼ਾਂ ਵੀ ਬੇਕਾਰ ਹੋਈਆਂ । ਆਖ਼ਰ ਮਿਊ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ।

ਥੋੜੇ ਦਿਨਾਂ ਬਾਅਦ ਸੁਪਰਡੈਂਟ ਜੇਲ੍ਹ ਨੇ ਸ਼ਰਤਾਂ ਵਾਲੀ ਰਿਹਾਈ ਦੇ ਕਾਗਜ਼ ਆਪਦੇ ਸਾਹਮਣੇ ਕਰਦਿਆਂ ਕਿਹਾ, "ਤੁਹਾਨੂੰ ਹੋਰ ਕੋਈ ਬੰਦਿਸ਼ ਨਹੀਂ, ਬਸ ਕਿਸੇ ਰਾਜਸੀ ਕੰਮਾਂ ਵਿਚ ਹਿੱਸਾ ਨਾ ਲੈਣ ਦੀ ਸ਼ਰਤ ਮੰਨਣੀ ਪਵੇਗੀ।"

ਬਾਬਾ ਜੀ ਨੇ ਇਸ ਜ਼ਲੀਲ ਕਰਨ ਵਾਲੀ ਰਿਹਾਈ ਪ੍ਰਵਾਨ ਨਾ ਕੀਤੀ ਤੇ ਆਖ਼ਰ 90 ਦਿਨਾਂ ਦੀ ਭੁੱਖ ਹੜਤਾਲ ਬਾਅਦ ਜੁਲਾਈ 1930 ਨੂੰ ਸੋਲਾਂ ਸਾਲ ਜੇਲ੍ਹ ਕੱਟ ਕੇ ਬਿਨਾਂ ਸ਼ਰਤ ਰਿਹਾ ਹੋਏ।

## ਲਾਹੌਰ ਤੋਂ ਪਿੰਡ ਤਕ ਸਵਾਗਤ

90 ਦਿਨ ਦੀ ਭੁੱਖ ਦਾ ਮਾਰਿਆ ਸਰੀਰ ਪਿੰਜਰ ਹੋ ਚੁੱਕਾ ਸੀ। ਬੈਠਣਾ ਉਠਣਾ ਛੱਡ ਕੇ ਬੋਲਣ ਦੀ ਤਾਕਤ ਵੀ ਨਿਢਾਲ ਹੋ ਚੁੱਕੀ ਸੀ। ਮਿਊ ਹਸਪਤਾਲ ਤੋਂ ਸਿੱਧਾ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਉਤੇ ਲਿਜਾਇਆ ਗਿਆ । ਸੰਤ ਵਿਸਾਖਾ ਸਿੰਘ ਤੇ ਹੋਰ ਸਾਥੀ ਨਾਲ ਸਨ । ਅਗਲੇ ਦਿਨ ਗੁਰਦੁਆਰੇ ਡੇਹਰਾ ਸਾਹਿਬ ਦੇ ਦੀਵਾਨ ਵਿਚ ਆਪ ਨੂੰ ਦਸਤਾਰ ਤੇ ਸਿਰੋਪਾ ਭੇਟ ਕੀਤਾ ਗਿਆ।

ਕੁਝ ਦਿਨ ਅਰਾਮ ਕਰਨ ਤੋਂ ਬਾਅਦ ਆਪ ਅੰਮ੍ਰਿਤਸਰ ਆਏ। ਕਾਂਗਰਸ, ਨੌਜਵਾਨ ਸਭਾ, ਅਕਾਲੀ ਦਲ ਆਦਿ ਸੰਸਥਾਵਾਂ ਨੇ ਆਪ ਦਾ ਨਿੱਘਾ ਸਵਾਗਤ ਕੀਤਾ। ਬਾਬਾ ਜੀ ਦੇ ਮਾਣ ਵਿਚ ਜਲਸੇ ਹੋਏ, ਜਲੂਸ ਨਿਕਲੇ। ਮਾਣ ਪੱਤਰ ਅਤੇ ਸਿਰੋਪੇ ਭੇਟ ਹੋਏ। ਆਪ ਸਾਢੇ ਇਕੀ ਸਾਲਾਂ ਬਾਅਦ ਪਿੰਡ ਪਰਤ ਰਹੇ ਸਨ। ਦੋਵੇਂ ਮਾਤਾ ਪ੍ਰਲੋਕ ਗਮਨ ਕਰ ਗਈਆਂ ਸਨ ਤੇ ਘਰ ਵਿਚ ਇਕੱਲੀ ਪਤਨੀ ਸੀ। ਸਾਰੇ ਪਿੰਡ ਨੇ ਆਪਦੇ ਆਉਣ ਤੇ ਆਪ ਦਾ ਸਵਾਗਤ ਕੀਤਾ ਅਗਲੇ ਦਿਨ ਇਲਾਕੇ ਵਲੋਂ ਇਕ ਭਾਰੇ ਇਕੱਠ ਹੋਇਆ, ਜਿਸ ਵਿਚ ਬਾਬਾ ਜੀ ਦੀ ਦੇਸ਼-ਭਗਤੀ ਤੇ ਕੁਰਬਾਨੀ ਦੀ ਪ੍ਰਸੰਸਾ ਕੀਤੀ ਗਈ।

## ਕੁੜੀਆਂ ਦਾ ਸਕੂਲ

ਲੰਮੀ ਭੁੱਖ ਹੜਤਾਲ ਤੋਂ ਬਾਅਦ 2 ਮਹੀਨੇ ਆਪਨੇ ਪਿੰਡ ਰਹਿ ਕੇ ਆਰਾਮ ਕੀਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਦੇਸ਼ ਦੀ ਰਾਜਸੀ ਹਾਲਤ ਨੂੰ ਵਾਚਿਆ। ਪਿੰਡ ਵਿਚ ਡਿਸਟ੍ਰਿਕਟ ਬੋਰਡ ਦਾ ਸਕੂਲ ਕੇਵਲ ਮੁੰਡਿਆਂ ਲਈ ਸੀ। ਬਾਬਾ ਜੀ ਕੁੜੀਆਂ ਦੀ ਪੜ੍ਹਾਈ ਨੂੰ ਬੜਾ ਅਹਿਮ ਸਮਝਦੇ ਸਨ। ਉਨ੍ਹਾਂ ਨੇ ਪਿੰਡ ਵਿਚ ਕੁੜੀਆਂ ਦਾ ਸਕੂਲ ਖੋਲ੍ਹਣ ਦੀ ਗੱਲ ਤੋਰੀ। ਪੁਰਾਣੇ ਖ਼ਿਆਲ ਦੇ ਲੋਕਾਂ ਨੇ ਇਸ ਦਲੀਲ ਵਿਚ ਰੋੜੇ ਅਟਕਾਏ ਪਰ ਆਪਣੀ ਸਿਆਣਪ ਸਦਕਾ ਉਨ੍ਹਾਂ ਪਿੰਡ ਵਿਚ ਸਕੂਲ ਖੋਲ੍ਹਣ ਲਈ ਮਨਾ ਹੀ ਲਿਆ। ਕੋਲ ਤਾਂ ਉਨ੍ਹਾਂ ਦੇ ਫੁੱਟੀ ਕੌਡੀ ਵੀ ਨਹੀਂ ਸੀ। ਉਨ੍ਹਾਂ ਆਪਣੀ ਪਿੰਡ ਵਾਲੀ ਹਵੇਲੀ ਸਕੂਲ ਦੇ ਨਾਂ ਦੇ ਦਿੱਤੀ। ਅੱਧੀ ਹਵੇਲੀ ਨੂੰ ਵੇਚ ਕੇ ਕੁਝ ਰਕਮ ਵੱਟੀ ਅਤੇ ਕੁਝ ਉਗਰਾਹੀ ਕੀਤੀ ਗਈ। ਸਕੂਲ ਨੂੰ ਚਲਾਉਣ ਲਈ ਪਿੰਡ ਦੇ ਸਿਆਣੇ ਬੰਦਿਆਂ ਦੀ ਇਕ ਕਮੇਟੀ ਬਣਾਈ ਗਈ ਤੇ ਸਕੂਲ ਚਾਲੂ ਹੋ ਗਿਆ।

ਸਿਹਤ ਠੀਕ ਹੋਣ ਤੇ ਆਪ ਫਿਰ ਦੇਸ਼ ਕੌਮ ਦੀ ਸੇਵਾ ਅਤੇ ਕੁਰਬਾਨੀ ਲਈ ਠਿਲ੍ਹ ਪਏ। ਆਪਨੇ ਕਾਂਗਰਸ ਦੇ ਕੌਮੀ ਪ੍ਰੋਗਰਾਮ ਵਿਚ ਜੱਟ ਕੇ ਹਿੱਸਾ ਲਿਆ। ਥਾਂ ਥਾਂ ਜਾ ਕੇ ਭਾਸ਼ਨ ਦਿੱਤੇ। ਕੌਮੀ ਭਾਵਨਾ ਨੂੰ ਉਭਾਰਿਆ ਤੇ ਕਾਂਗਰਸ ਦੀ ਸ਼ਕਤੀ ਨੂੰ ਮਜ਼ਬੂਤ ਕੀਤਾ। ਕੁਰਬਾਨੀ ਦੇ ਪੁਤਲੇ ਹੋਣ ਕਾਰਨ ਆਪ ਦੇ ਭਾਸ਼ਨਾਂ ਦਾ ਪ੍ਰਭਾਵ ਲੋਕਾਂ ਨੂੰ ਦੇਸ਼-ਪ੍ਰੇਮ ਲਈ ਲਾਸਾਨੀ ਚਿਣਗ ਲਾਉਂਦਾ। ਸੁਘੜਤਾ ਤੇ ਕੁਰਬਾਨੀ ਸਦਕਾ ਆਪ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਾਰਜਕਾਰੀ ਮੈਂਬਰ ਬਣਾਇਆ ਗਿਆ।

ਬਾਬਾ ਜੀ ਨਜਵਾਨਾਂ ਨੂੰ ਹੀ ਦੇਸ਼ ਦੀ ਆਜ਼ਾਦੀ ਤੇ ਇਨਕਲਾਬ ਦਾ ਸਰੋਤ ਮੰਨਦੇ ਸਨ। ਇਸ ਕਰਕੇ ਕਾਪਨੇ ਪੜ੍ਹੇ ਲਿਖੇ ਵਰਗ ਨਾਲ ਮੇਲ-ਜੋਲ ਰੱਖਣ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਾਹਮਣੇ ਇਕ ਖੁੱਲ੍ਹਾ ਮਕਾਨ ਖਰੀਦ ਲਿਆ ਅਤੇ ਉਥੇ ਡੇਅਰੀ (ਦੁਧ ਦਹੀਂ) ਦਾ ਕੰਮ ਸ਼ੁਰੂ ਕਰਵਾ ਦਿਤਾ।

ਨੌਜਵਾਨਾਂ ਨੂੰ ਬਾਹਰਲੇ ਦੇਸ਼ਾਂ ਦੀ ਤਰੱਕੀ ਤੇ ਖੁਸ਼ਹਾਲੀ ਦਾ ਹਾਲ ਦੱਸਣ ਤੇ ਦੇਸ਼ ਭਗਤੀ ਦੇ ਰਸਤੇ ਪਾਉਣ ਲਈ ਸਿੱਖਿਆ ਦੇਣ ਲਈ ਇਹ ਇਕ ਕੌਮੀ-ਕਾਲਜ ਸੀ। ਬਾਬਾ ਜੀ ਨੇ ਦੋ ਸਿੱਖ ਨੌਜਵਾਨਾਂ ਨੂੰ ਆਪਣੇ ਯਤਨਾਂ ਨਾਲ ਰੂਸ ਵਿਚ ਪੜ੍ਹਨ ਲਈ ਭੇਜਿਆ। ਅੰਗਰੇਜ਼ ਸਰਕਾਰ ਨੂੰ ਦੇਸ਼ ਭਗਤੀ ਦੇ ਇਸ ਛੋਟੇ ਅੱਡੇ ਤੋਂ ਵੱਡਾ ਅੱਡਾ ਬਣਨ ਦਾ ਡਰ ਲੱਗ ਰਿਹਾ ਸੀ। ਉਸਨੇ ਬਾਬਾ ਜੀ ਦੀ ਇਕ ਪੁਰਾਣੀ ਤਕਰੀਰ ਦਾ ਵਹਾਨਾ ਬਣਾ ਲਿਆ ਅਤੇ ਗਰਿਫ਼ਤਾਰ ਕਰ ਲਿਆ। ਗਰਿਫ਼ਤਾਰੀ ਉਪਰੰਤ ਕੋਈ ਤਿੰਨ ਮਹੀਨੇ ਤਕ ਬਾਬਾ ਜੀ ਜੇਲ੍ਹ ਵਿਚ ਰਹੇ।

## ਕਿਰਤੀ ਕਿਸਾਨ ਆਸ਼ਰਮ

ਸੁਤੰਤਰਤਾ ਸੰਗਰਾਮ ਚਲ ਰਿਹਾ ਸੀ। ਅਣਗਿਣਤ ਗ਼ਦਰੀ ਤੇ ਹੋਰ ਦੇਸ਼-ਭਗਤ ਜੇਲ੍ਹਾਂ ਵਿਚ ਰੁਲ ਰਹੇ ਸਨ। ਉਸਰ ਕੈਦ ਦੇ ਨਾਲ ਕਈਆਂ ਦੀਆਂ ਜਾਇਦਾਦਾਂ ਵੀ ਜ਼ਬਤ ਹੋ ਚੁੱਕੀਆਂ ਸਨ। ਉਨ੍ਹਾਂ ਦੇ ਪਰਿਵਾਰ ਭੁੱਖੇ ਮਰ ਰਹੇ ਸਨ। ਬੱਚਿਆਂ ਦੀ ਵਿਦਿਆ ਤੇ ਪਾਲਣ ਪੋਸਣ ਦਾ ਕੋਈ ਪ੍ਰਬੰਧ ਨਹੀਂ ਸੀ। ਸੰਤ ਵਸਾਖਾ ਸਿੰਘ ਵਰਗੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਸ਼-ਭਗਤ ਗਦਰੀਆਂ ਨੇ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਬਣਾ ਕੇ ਦੇਸ਼ ਪ੍ਰਦੇਸ ਵਿਚੋਂ ਉਗਰਾਹੀਆਂ ਕੀਤੀਆਂ ਤੇ ਉਨ੍ਹਾਂ ਦੀ ਸਹਾਇਤਾ ਕੀਤੀ। ਇਸੇ ਕਮੇਟੀ ਅਧੀਨ ਬਾਬਾ ਜੀ ਨੇ ਜੇਲ੍ਹਾਂ ਵਿਚ ਰੁਲਦੇ ਦੇਸ਼ਭਗਤਾਂ ਦੇ ਬੱਚਿਆਂ ਨੂੰ ਆਪਣੇ ਕੋਲ ਲੈ ਆਂਦਾ। ਇਨ੍ਹਾਂ ਵਿਚ ਸੱਤ ਲੜਕੇ ਤੇ 5 ਲੜਕੀਆਂ ਸਨ। ਇਨ੍ਹਾਂ ਸਾਰਿਆਂ ਦੀ ਵਿਦਿਆ ਤੇ ਸਾਂਭ ਸੰਭਾਲ ਦੀ ਜ਼ਿੰਮੇਂਵਾਰੀ ਬਾਬਾ ਜੀ ਨੇ ਲੈ ਲਈ! ਇਸ ਆਸ਼ਰਮ ਨੂੰ ਉਨ੍ਹਾਂ ਕਿਰਤੀ-ਕਿਸਾਨ ਆਸ਼ਰਮ ਦਾ ਨਾਂ ਦਿੱਤਾ। ਰਿਹਾਇਸ਼ ਲਈ ਕੱਚੀਆਂ ਛੰਨਾਂ ਪਾ ਕੇ 17 ਵਿਘੇ ਭੋਂ ਵਿਚ ਖੇਤੀ-ਫਾਰਮ ਬਣਾਇਆ। ਪਾਠਸ਼ਾਲਾ ਵਿਚ ਪੜ੍ਹਨ ਤੋਂ ਬਾਅਦ ਕੁੜੀਆਂ ਲੰਗਰ ਦਾ ਕੰਮ ਸਾਂਭ ਲੈਂਦੀਆਂ ਅਤੇ ਲੜਕੇ ਬਾਬਾ ਜੀ ਦੇਖ-ਰੇਖ ਵਿਚ ਖੇਤੀ-ਬਾੜੀ ਤੇ ਬਾਗਬਾਨੀ ਦੇ ਕੰਮੀ ਜੁੱਟ ਪੈਂਦੇ।

ਪੜ੍ਹਾਈ ਲਿਖਾਈ ਦਾ ਕੰਮ ਬਾਬਾ ਜੀ ਆਪ ਹੀ ਕਰਵਾ ਲੈਂਦੇ ਅਤੇ ਖੇਤੀ-ਬਾੜੀ ਦੀ ਸਿਖਲਾਈ ਪਿੰਡ ਦੇ ਸਿਆਣੇ ਕਿਸਾਨਾਂ ਤੋਂ ਲੈ ਲਈ ਜਾਂਦੀ। ਪਿੰਡ ਦਾ ਇਕ ਜੁਲਾਹਾ ਕੱਪੜਾ ਉਣਨਾ ਸਿਖਾ ਜਾਂਦਾ ਅਤੇ ਖਾਣ ਵਾਸਤੇ ਅੰਨ ਸਬਜ਼ੀਆਂ ਆਪਣੀ ਖੇਤੀ ਤੋਂ ਤਿਆਰ ਹੋ ਜਾਂਦੀਆਂ।

## ਯਾਦਗਾਰੀ ਕਸੂਰੀ ਖ਼ਰਬੂਜੇ

ਗਰਮੀਆਂ ਦਾ ਮੌਸਮ ਸ਼ੁਰੂ ਹੋਣ ਵਾਲਾ ਸੀ। ਖੇਤੀ ਫਾਰਮ ਦੀ ਚਾਰ ਵਿਘੇ ਜ਼ਮੀਨ ਨੂੰ ਖੂਬ ਵਾਹਿਆ ਬਣਾਇਆ ਗਿਆ ਅਤੇ ਉਹਦੇ ਵਿਚ ਕਸੂਰੀ ਖਰਬੂਜੇ ਬੀਜ ਦਿਤੇ। ਆਸ਼ਰਮ ਦੇ ਖੇਤਾਂ ਵਿਚ ਪਾਣੀ ਦਾ ਆਪਣਾ ਕੋਈ ਪ੍ਰਬੰਧ ਨਹੀਂ ਸੀ। ਇਹ ਪਾਣੀ ਲਾਗਲੇ ਖੇਤਾਂ ਵਿਚਲੇ ਖੂਹਾਂ ਤੋਂ ਲਿਆਉਣਾ ਪੈਂਦਾ ਸੀ ਅਤੇ ਇਕ ਜੋਗ (ਬਲਦਾਂ ਦਾ ਜੋੜੀ) ਨਾਲ ਕੰਮ ਨਹੀਂ ਸੀ ਸਰਦਾ। ਇਸ ਮੁਸ਼ਕਲ ਦੇ ਹੱਲ ਵਾਸਤੇ ਬਾਬਾ ਜੀ ਨੇ 120 ਰੁਪਿਆਂ ਦੀ ਇਕ ਊਠਣੀ ਖਰੀਦ ਲਈ। ਬਾਬਾ ਜੀ ਤੇ ਬਾਲ ਕਿਸਾਨਾਂ ਦੀ ਮਿਹਨਤ ਰੰਗ ਲਿਆਈ ਅਤੇ ਇਸ ਪੈਲੀ ਵਿਚ ਸ਼ਹਿਦ ਵਰਗੇ ਮਿੱਠੇ ਤੇ ਭਰਵੇਂ ਖਰਬੂਜੇ ਲੱਗੇ। ਇਹ ਖਰਬੂਜੇ ਪਿੰਡ ਦੇ ਵਾਸੀਆਂ ਨੇ ਬੜੇ ਸਲਾਹੇ। ਬਾਬਾ ਜੀ ਨੇ ਆਪਣੀ ਸਿਖਿਆ ਤੇ ਅਗਵਾਈ ਨਾਲ ਬੱਚਿਆਂ ਨੂੰ ਮਿਲ ਕੇ ਕੰਮ ਕਰਨ ਤੇ ਵੰਡ ਕੇ ਖਾਣ ਦੀ ਸੁਚੱਜੀ ਆਦਤ ਪਾ ਦਿਤੀ ਸੀ ਕਿ ਕਦੇ ਕੋਈ ਕੰਮਚੋਰ ਨਾ ਹੁੰਦਾ ਤੇ ਨਾ ਹੀ ਕੋਈ ਖਾਣ ਪੀਣ ਦੀ ਚੋਰੀ ਕਰਦਾ।

## ਖ਼ਰਬੂਜਿਆਂ ਤੋਂ ਖੂਹ

ਬਾਬਾ ਜੀ ਦੇ ਮਿੱਠੇ ਖਰਬੂਜਿਆਂ ਦੀ ਸ਼ੋਭਾ ਕਈ ਪਾਸੇ ਪਸਰ ਗਈ। ਇਕ ਦਿਨ ਖੇਤੀ ਬਾੜੀ ਇੰਸਪੈਕਟਰ ਉਨ੍ਹਾਂ ਦੇ ਆਸ਼ਰਮ ਵਿਚ ਆਇਆ ਅਤੇ ਮਿੱਠੇ ਖਰਬੂਜਿਆਂ ਦਾ ਆਨੰਦ ਮਾਣਕੇ ਬੜਾ ਖੁਸ਼ ਹੋਇਆ। ਜਾਂਦਾ ਹੋਇਆ ਉਹ ਇਨ੍ਹਾਂ ਕਸੂਰੀ ਖਰਬੂਜਿਆਂ ਦੇ ਬੀਜ ਲੈ ਗਿਆ। ਬਾਬਾ ਜੀ ਇਹ ਖਰਬੂਜੇ ਵੇਚਣੇ ਨਹੀਂ ਸਨ ਚਾਹੁੰਦੇ। ਉਨ੍ਹਾਂ ਨੇ ਇਹ ਆਸ਼ਰਮ ਵਿਚ ਵੰਡ ਕੇ ਖਾਣ ਤੇ ਲੋਕਾਂ ਨੂੰ ਖੁਆਉਣ ਲਈ ਲਾਏ ਹੋਏ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦਿਨ ਬਾਬਾ ਜੀ ਨੇ ਪਿੰਡ ਵਿਚ ਢੰਡੋਰਾ ਫਿਰਵਾ ਦਿਤਾ ਕਿ ਪਿੰਡ ਵਾਸੀ ਕਿਰਤੀ ਕਿਸਾਨ ਆਸ਼ਰਮ ਵਾਲਿਆਂ ਲਈ ਖੂਹ ਪੁੱਟਣ ਵਿਚ ਮਦਦ ਕਰਨ ਤੇ ਆਸ਼ਰਮ ਵਾਲੇ ਖਰਬੂਜਿਆਂ ਨਾਲ ਸੇਵਾ ਕਰਨਗੇ। ਪਿੰਡ ਦੀਆਂ ਵਹੀਰਾਂ ਆਸ਼ਰਮ ਵਿਚ ਪੁੱਜ ਗਈਆਂ। ਕੁਝ ਹੀ ਦਿਨਾਂ ਵਿਚ ਖੂਹ ਪੁੱਟਿਆ ਗਿਆ ਤੇ ਪਾਣੀ ਦੀ ਕਿੱਲਤ ਮੁੱਕ ਗਈ।

## ਕਮਾਦ ਦੀ ਭਰਪੂਰ ਫਸਲ

ਇਕ ਪੈਲੀ ਚੰਗੀ ਤਰ੍ਹਾਂ ਵਾਹ ਕੇ ਕਮਾਦ ਲਾਉਣ ਲਈ ਤਿਆਰ ਕੀਤੀ ਜਾ ਰਹੀ ਸੀ। ਬੀਜਣ ਲਈ ਲਿਆਂਦਾ ਕਮਾਦ ਚਾਰ ਪੰਜ ਦਿਨ ਤੋਂ ਜ਼ਮੀਨ ਥੱਲੇ ਦੱਬਿਆ ਪਿਆ ਸੀ। ਜਦੋਂ ਪੋਰੀਆਂ ਕੱਟਣ ਲਈ ਬਾਹਰ ਕੱਢਿਆ ਤਾਂ ਉਹ ਭੜਾਸ ਮਾਰਨ ਲੱਗ ਪਿਆ। ਲੋਕਾਂ ਨੇ ਖ਼ਰਾਬ ਹੋਇਆ ਕਮਾਦ ਨਾ ਲਾਉਣ ਦੀ ਸਲਾਹ ਦਿੱਤੀ ਕਿਉਂਕਿ ਉਨ੍ਹਾਂ ਗੰਨਿਆਂ ਦੇ ਫੁੱਟਣ ਦੀ ਬਹੁਤੀ ਆਸ ਨਹੀਂ ਸੀ ਪਰ ਬਾਬਾ ਜੀ ਨੇ ਲਵਾ ਦਿੱਤਾ। ਕੁਝ ਦਿਨਾਂ ਬਾਅਦ ਪਾਣੀ ਲਾਇਆ ਤਾਂ ਕਮਾਦ ਬੜਾ ਸੋਹਣਾ ਤੇ ਸੰਘਣਾ ਉੱਗਿਆ। ਕੁਦਰਤ ਦੀ ਇਸ ਖੇਡ ਨੂੰ ਪਿੰਡ ਦੇ ਲੋਕ ਬਾਬਾ ਜੀ ਦੀ ਕਰਾਮਾਤ ਕਹਿ ਰਹੇ ਸਨ ਪਰ ਉਨ੍ਹਾਂ ਨੇ ਇਸ ਨੂੰ ਬੱਚਿਆਂ ਦੀ ਮਿਹਨਤ ਦਾ ਫਲ ਕਹਿ ਕੇ ਵਡਿਆਇਆ।

ਸਚਾਈ ਅਤੇ ਮਿਹਨਤ ਨੂੰ ਪਿਆਰਨ ਵਾਲੀ ਸਿੱਖਿਆ ਮੁਤਾਬਕ ਆਸ਼ਰਮ ਦੇ ਬਾਲ ਕਦੇ ਵੀ ਚੋਰੀ ਨਹੀਂ ਸਨ ਕਰਦੇ। ਸਾਰਾ ਕਮਾਦ ਬੜਾ ਸੁਥਰਾ ਰਹਿੰਦਾ ਤੇ ਕਦੇ ਕੋਈ ਛਿੱਲੜ ਤਕ ਵੀ ਨਾ ਦਿੱਸਦੀ। ਬੱਚੇ ਬਾਬਾ ਜੀ ਦੇ ਕਹੇ ਅਨੁਸਾਰ ਵੰਡਵੇਂ ਗੰਨੇ ਤੋੜਦੇ ਤੇ ਇਕੱਠੇ ਬੈਠ ਕੇ ਚੂਪਦੇ।

## ਆੜੂਆਂ ਦਾ ਬਾਗ

ਫਿਰ ਬਾਬਾ ਜੀ ਨੇ ਬੱਚਿਆਂ ਦੇ ਮਿਲਵਰਤਨ ਨਾਲ ਟੋਏ ਪੁਟਵਾਏ ਅਤੇ ਸੰਤਰੇ ਆੜੂ ਤੇ ਅਮਰੂਦਾਂ ਦਾ ਇਕ ਬਾਗ਼ ਲਗਵਾਇਆ। ਕੁਝ ਸਮੇਂ ਬਾਅਦ ਆੜੂਆਂ ਦੇ ਇਕ ਬੂਟੇ ਨੂੰ ਬੜੇ ਫੁੱਲ ਪਏ। ਰੁੱਤ ਬਦਲਣ ਨਾਲ ਸਾਰੇ ਫੁੱਲ ਤੇ ਝੜ ਗਏ ਤੇ ਇਕੋ ਆੜੂ ਲੱਗਾ। ਬੱਚਿਆਂ ਨੇ ਬਾਬਾ ਜੀ ਨੂੰ ਦੱਸਿਆ ਤਾਂ ਉਹ ਇਸ ਆੜੂ ਨੂੰ ਵੇਖ ਕੇ ਬੜੇ ਖ਼ੁਸ਼ ਹੋਏ ਅਤੇ ਜਾਨਵਰਾਂ ਤੋਂ ਬਚਾਉਣ ਲਈ ਉਸ 'ਤੇ ਇਕ ਲੀਰ ਬੰਨ੍ਹ ਦਿੱਤੀ। ਜਦ ਉਹ ਪੱਕ ਗਿਆ ਤਾਂ ਸਾਰਿਆਂ ਨੇ ਪ੍ਰਸ਼ਾਦ ਵਾਂਗ ਵੰਡ ਵੰਡ ਕੇ ਖਾਧਾ।

ਬਾਬਾ ਜੀ ਦੀ ਇਨਕਲਾਬੀ ਸੋਚ ਦੇ ਪ੍ਰਚਾਰ ਅਤੇ ਕਿਰਤ-ਕਿਸਾਨ ਆਸ਼ਰਮ ਦੀ ਤਰੱਕੀ ਨੂੰ ਸਰਕਾਰ ਬਰਦਾਸ਼ਤ ਨਾ ਕਰ ਸਕੀ। ਪੰਜਾਬ ਦੀ ਸੀ. ਆਈ. ਡੀ. ਦੀਆਂ ਰਿਪੋਰਟਾਂ 'ਤੇ ਬਾਬਾ ਜੀ ਨੂੰ ਫਿਰ ਜੇਲ੍ਹ ਜਾਣਾ ਪਿਆ। ਆਸ਼ਰਮ ਖ਼ੁਰਦ-ਬੁਰਦ ਹੋ ਗਿਆ ਤੇ ਦੇਸ਼-ਭਗਤ ਬੱਚੇ ਇਕ ਤਰ੍ਹਾਂ ਨਾਲ ਮੁੜ ਯਤੀਮ ਹੋ ਕੇ ਖਿੰਡ ਪੁੰਡ ਗਏ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਪੰਜਾਬ ਕਿਸਾਨ ਸਭਾ ਦੇ ਪ੍ਰਧਾਨ

ਮਹਾਤਮਾ ਗਾਂਧੀ ਦੀ ਰਾਜਨੀਤਕ ਵਿਚਾਰਧਾਰਾ ਨਾਲ ਆਪ ਸ਼ੁਰੂ ਤੋਂ ਹੀ ਸਹਿਮਤ ਨਹੀਂ ਸਨ। ਕਾਂਗਰਸ ਵਿਚ ਜਿਨ੍ਹਾਂ ਚਿਰ ਰਹੇ ਦੇਸ਼ ਭਗਤੀ, ਕੁਰਬਾਨੀ ਤੇ ਸੁਤੰਤਰਤਾ ਦੀ ਭਾਵਨਾ ਨਾਲ ਹੀ ਸਰਗਰਮ ਹੋ ਕੇ ਵਿਚਰੇ ਤੇ ਆਪਨੇ 'ਗਰਮ ਭਾਸ਼ਨਾਂ' ਕਾਰਨ ਦੋ ਵਾਰ 6-6 ਮਹੀਨੇ ਦੀ ਜੇਲ੍ਹ ਵੀ ਭੁਗਤ ਆਏ। ਇਸ ਸਮੇਂ ਵਿਚ ਇਕ ਦੋ ਵਾਰ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲਣ ਦਾ ਮੌਕਾ ਵੀ ਆਪ ਨੂੰ ਮਿਲਿਆ।

1933 ਵਿਚ ਸਰਦਾਰ ਜਵਾਲਾ ਸਿੰਘ ਰਿਹਾ ਹੋ ਕੇ ਆਏ ਤਾਂ ਪੰਜਾਬ ਵਿਚ ਕਿਰਤੀ ਕਿਸਾਨ ਲਹਿਰ ਨੂੰ ਨਵਾਂ ਜੋਸ਼ ਮਿਲਿਆ। ਕੁਰਬਾਨੀ ਤੇ ਕਿਸਾਨ-ਮਜ਼ਦੂਰ ਹਮਦਰਦੀ ਦੇ ਫਲਸਰੂਪ ਬਾਬਾ ਭਕਨਾ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਚੁਣੇ ਗਏ। ਕਿਸਾਨਾਂ ਤੇ ਮਜ਼ਦੂਰਾਂ ਨੂੰ ਜਥੇਬੰਦਕ ਤੌਰ ਤੇ ਤਕੜਾ ਕਰਨ ਅਤੇ ਸੰਘਰਸ਼ ਕਰਨ ਲਈ ਆਪ ਨੇ ਅਹਿੰਸਾਵਾਦੀ ਕਾਂਗਰਸ ਨੂੰ ਛੱਡ ਦਿੱਤਾ ਅਤੇ ਥਾਂ ਥਾਂ ਤੇ ਕਿਸਾਨ ਮੁਜ਼ਾਹਰਿਆਂ ਤੇ ਧਰਨਿਆਂ ਵਿਚ ਹਿੱਸਾ ਲਿਆ। ਏਨਾ ਹੀ ਨਹੀਂ, ਅੰਮ੍ਰਿਤਸਰ ਵਿਚ ਇਕ ਜਲੂਸ ਦੀ ਅਗਵਾਈ ਕਰਦਿਆਂ ਆਪਨੇ ਬੁੱਢੇ ਸਰੀਰ 'ਤੇ ਪੁਲਿਸ ਦੀਆਂ ਡਾਂਗਾਂ ਵੀ ਖਾਧੀਆਂ।

## ਸ਼ਰੋਮਣੀ ਕਮੇਟੀ ਦੇ ਚੋਣ ਸਾਲਸ

7744

ਮੋਰਚਿਆਂ ਅਤੇ ਗਰਿਫ਼ਤਾਰੀਆਂ ਦੇ ਸੰਘਰਸ਼ ਨਾਲ ਸਿੱਖ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਿਲ ਗਏ ਸਨ ਅਤੇ ਇਸ ਕਮੇਟੀ ਦੀ ਚੋਣ ਲਈ 1935 ਵਿਚ ਚੋਣਾਂ ਹੋਣੀਆਂ ਸਨ। ਮਾਸਟਰ ਤਾਰਾ ਸਿੰਘ ਤੇ ਗਿਆਨੀ ਸ਼ੇਰ ਸਿੰਘ ਗਰੁਪ ਇਸ ਚੋਣ ਵਿਚ ਇਕ ਦੂਸਰੇ ਵਿਰੁੱਧ ਡਟੇ ਹੋਏ ਸਨ। ਦੋਹਾਂ ਧਿਰਾਂ ਨੇ ਸਮਝੌਤੇ ਦਾ ਸਾਂਝਾ ਸਾਲਸ ਸੰਤ ਵਿਸਾਖਾ ਸਿੰਘ ਨੂੰ ਚੁਣਿਆ ਪਰ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਬਾਬਾ ਸੋਹਣ ਸਿੰਘ ਭਕਨਾ ਨੂੰ ਸੌਂਪ ਦਿੱਤੀ। ਬਾਬਾ ਜੀ ਨੇ ਦੋਹਾਂ ਧਿਰਾਂ ਦੀਆਂ ਸੁਣ ਕੇ ਸਮਝੌਤੇ ਦਾ ਸਾਂਝਾ ਰਾਹ ਲੱਭ ਲਿਆ ਤੇ ਚੋਣਾਂ ਵਿਚ ਚੰਗੇ ਆਦਮੀਆਂ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ।


## ਪ੍ਰਧਾਨ ਸਰਵ ਭਾਰਤੀ ਕਿਸਾਨ ਸਭਾ

1939 ਵਿਚ ਦੂਜੀ ਸੰਸਾਰ ਜੰਗ ਸ਼ੁਰੂ ਹੋ ਗਈ। ਲੜਾਈ ਸ਼ੁਰੂ ਹੁੰਦਿਆਂ ਹੀ ਅੰਗਰੇਜ਼ ਸਰਕਾਰ ਨੇ ਇਨਕਲਾਬੀ ਆਗੂਆਂ ਨੂੰ ਗਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਸਵਾਮੀ ਸ਼ਰਧਾ ਨੰਦ (ਬਿਹਾਰ) ਨੂੰ ਗਰਿਫਤਾਰ ਕਰ ਲਿਆ ਗਿਆ, ਜੋ ਉਸ ਵੇਲੇ ਭਾਰਤੀ ਕਿਸਾਨ ਸਭਾ ਦੇ ਪ੍ਰਧਾਨ ਸਨ। ਉਨ੍ਹਾਂ ਦੀ ਥਾਂ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਚੁਣ ਲਿਆ ਗਿਆ। ਬਾਬਾ ਜੀ ਨੇ ਆਪਣੀਆਂ ਸੇਵਾਵਾਂ ਸਭਾ ਲਈ ਅਰਪਤ ਕਰ ਦਿੱਤੀਆਂ ਅਤੇ ਉਹ ਪੰਜਾਬੋਂ ਬਾਹਰ ਚਲੇ ਗਏ। ਕੁਝ ਦਿਨਾਂ ਬਾਅਦ




CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



ਬਾਬਾ ਸੋਹਣ ਸਿੰਘ ਭਕਨਾ



ਬਾਬਾ ਗੁੱਜਰ ਸਿੰਘ ਭਕਨਾ



CC-0. In Public Domain. Gurukul Kangri Collection, Haridwar

ਬਾਬਾ ਸੋਹਣ ਸਿੰਘ ਭਕਨਾ, ਗ਼ਦਰ ਪਾਰਟੀ ਦੀ ਯਾਦਗਾਰ ਸਾਹਮਣੇ

Digitized by Arya Samaj Foundation Chennai and eGangotri

# ਸੂਰਾ ਜਦੋਂ ਰਵਾਨਾ ਹੋਇਆ...




ਬਾਬਾ ਭਕਨਾ 22 ਦਸੰਬਰ 1968 ਨੂੰ ਅੰਤਮ ਸੰਸਕਾਰ ਸਮੇਂ ਆਪਣੇ ਹੱਥੀਂ ਬਣਾਈ ਗ਼ਦਰ ਪਾਰਟੀ ਦੀ ਯਾਦਗਾਰ ਸਾਹਮਣੇ ਆਪਣੇ ਸਹਿਯੋਗੀਆਂ ਅਤੇ ਸ਼ਰਧਾਲੂਆਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri




ਸ਼ਹੀਦ ਭਗਤ ਸਿੰਘ



ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ




ਭਾਈ ਹਰਨਾਮ ਸਿੰਘ ਕਾਹਰੀ ਸਾਹਰੀ



ਸ਼ਹੀਦ ਜਗਤ ਸਿੰਘ ਸੁਰਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri




ਬਾਬਾ ਸੋਹਣ ਸਿੰਘ ਭਕਨਾ
(1913) ਅਮਰੀਕਾ ਵਿਚ



ਬਾਬਾ ਭਕਨਾ ਬਜ਼ੁਰਗ
ਅਵਸਥਾ ਵਿਚ



ਪੰਡਤ ਕਾਸ਼ੀ ਰਾਮ



ਬਾਬਾ ਹਰਨਾਮ ਸਿੰਘ ਟੁੰਡੀਲਾਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਬਨਾਰਸ ਵਿਚ 'ਚੰਗਿਆੜੀ' ਅਖ਼ਬਾਰ ਦੇ ਦਫ਼ਤਰ ਵਿਚੋਂ ਆਪ ਨੂੰ ਗਰਿਫ਼ਤਾਰ ਕਰ ਲਿਆ ਗਿਆ। ਭਾਰਤੀ ਰੱਖਿਆ ਕਾਨੂੰਨ ਅਧੀਨ ਇਹ ਲਗਭਗ ਤਿੰਨ ਸਾਲ ਦਿਉਲਾਲੀ ਕੈਂਪ ਵਿਚ ਨਜ਼ਰਬੰਦ ਰਹੇ ਅਤੇ ਇਸ ਨਜ਼ਰਬੰਦੀ ਵੇਲੇ ਆਪ ਨੂੰ ਵੱਖ ਵੱਖ ਰਾਜਸੀ ਕੈਦੀਆਂ ਨਾਲ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਚੰਗਾ ਮੌਕਾ ਮਿਲਿਆ।

## ਬੀਬੀਆਂ ਦਾ ਕੀਰਤਨੀ ਜਥਾ

ਇਹ ਗੱਲ 1937-38 ਦੀ ਹੈ; ਜਦੋਂ ਬਾਬਾ ਜੀ ਨੇ ਪਿੰਡ ਵਿਚ ਚਲ ਰਹੇ ਕੁੜੀਆਂ ਦੇ ਸਕੂਲ ਵਿਚ ਬੀਬੀਆਂ ਦਾ ਕੀਰਤਨੀ ਜਥਾ ਬਣਵਾਇਆ। ਇਸਦੇ ਮੋਹਰੀ ਇਸੇ ਸਕੂਲ ਦੇ ਪ੍ਰਥਮ ਅਧਿਆਪਕਾ ਸ੍ਰੀਮਤੀ ਗੁਰਦੀਸ਼ ਕੌਰ (ਸੁਪਤਨੀ ਮਾਸਟਰ ਗੁਰਦਿਆਲ ਸਿੰਘ ਭਕਨਾ) ਸਨ।

ਇਸ ਜਥੇ ਨੂੰ ਬਾਬਾ ਈਸ਼ਰ ਸਿੰਘ ਤਰਨ ਤਾਰਨ ਵਾਲਿਆਂ ਨੇ ਆਪਣੀ ਅਗਵਾਈ ਦੇ ਕੇ ਨਿਪੁੰਨ ਕੀਤਾ। ਬਾਬਾ ਜੀ ਦੀਆਂ ਆਪਣੀਆਂ ਦੋ ਧੀਆਂ ਵੀ ਇਸ ਜਥੇ ਵਿਚ ਸ਼ਾਮਲ ਹੋਈਆਂ। ਇਸ ਜਥੇ ਨੂੰ ਸਥਾਨਕ ਧੀਆਂ-ਭੈਣਾਂ ਦੇ ਆਨੰਦ-ਕਾਰਜ ਸਮੇਂ ਨਿੱਘੇ ਮਾਣ-ਸਤਿਕਾਰ ਨਾਲ ਬੁਲਾਇਆ ਜਾਂਦਾ ਸੀ। ਇਸ ਨੇ ਰਸਮ ਨੂੰ ਰਸ-ਭਿੰਨਾ ਅਤੇ ਮਨਮੋਹਕ ਬਣਾਉਣ ਵਿਚ ਸਹਾਇਤਾ ਕੀਤੀ। ਕੁੜੀਆਂ ਨੂੰ ਪੜ੍ਹਾਉਣ ਦੀ ਮੁਹਿੰਮ ਨੂੰ ਹੱਲਾ-ਸ਼ੇਰੀ ਮਿਲੀ ਅਤੇ ਦਾਜ ਵਿਰੋਧੀ ਭਾਵਨਾ ਨੂੰ ਵੀ ਬਲ ਮਿਲਿਆ। ਏਨਾ ਹੀ ਨਹੀਂ, ਇਸ ਨਾਲ ਸਹੁਰੇ ਤੁਰਦੀ ਕੰਨਿਆ ਨੂੰ ਜਜ਼ਬਾਤੀ ਅਤੇ ਕਰੁਣਾਮਈ ਸਿਖਿਆ ਦੀ ਥਾਂ ਸਦਾਚਾਰਕ ਅਤੇ ਨੈਤਿਕ ਵਾਤਾਵਰਣ ਮਿਲਣਾ ਨਸੀਬ ਹੋਇਆ।

ਇਸ ਕੀਰਤਨੀ ਜਥੇ ਦੀ ਇਕ ਕੈਮਰਾ ਤਸਵੀਰ ਇਸਦੇ ਇਤਿਹਾਸ ਦੀ ਪੈੜ ਉਭਾਰਦੀ ਹੈ। ਸ੍ਰੀਮਤੀ ਗੁਰਦੀਸ਼ ਕੌਰ ਦੱਸਦੇ ਹਨ-

> "ਬਾਬਾ ਸੋਹਣ ਸਿੰਘ ਭਕਨਾ ਨੇ ਇਸ ਫੋਟੋ ਥੱਲੇ ਜਥੇ ਦੇ ਮੈਂਬਰਾਂ ਦੇ ਨਾਂ ਲਿਖਣ ਜਾਂ ਛਾਪਣ ਦੀ ਆਗਿਆ ਨਾ ਦਿੱਤੀ। ਕਾਰਨ ਪੁੱਛਣ 'ਤੇ ਕਹਿਣ ਲੱਗੇ ਕਿ ਕਾਹਲ ਨਾ ਕਰੋ। ਸਮਾਜ ਦੀ ਨਬਜ਼ ਨੂੰ ਪਛਾਣ ਕੇ ਤੁਰੋ। ਇਸ ਤੋਂ ਏਨਾ ਅਗਾਂਹ ਨਾ ਤੁਰੋ ਕਿ ਤੁਹਾਡੇ ਮਗਰ ਹੀ ਨਾ ਲੱਗੇ।

## ਮੌਕੇ ਸਿਰ ਰਿਹਾਈ

ਦੂਜੇ ਸੰਸਾਰ ਯੁੱਧ ਦਾ ਉਲਾਰ ਅੰਗਰੇਜ਼ਾਂ ਤੋਂ ਹਟ ਕੇ ਰੂਸ ਵੱਲ ਹੋ ਚੁੱਕਾ ਸੀ ਤੇ ਅੰਗਰੇਜ਼ ਆਪਣੇ ਸਾਂਝੇ ਦੁਸ਼ਮਣ ਨੂੰ ਕਮਜ਼ੋਰ ਕਰਨ ਲਈ ਰੂਸ ਦਾ ਸਾਥ ਦੇ ਰਹੇ ਸਨ। ਇਸ ਸਮੇਂ ਰੂਸ ਪੱਖੀ ਮਹੌਲ ਤੇ ਸਮਾਜਵਾਦੀ ਵਿਚਾਰਧਾਰਾ ਨੂੰ ਰਾਜਸੀ ਪੱਖੋਂ ਉਤਸ਼ਾਹ ਮਿਲ ਰਿਹਾ ਸੀ। 1943 ਵਿਚ ਬਾਬਾ ਜੀ ਨੂੰ ਪੰਜਾਬ ਦੀ ਲਾਹੌਰ ਜ਼ੇਲ੍ਹ ਵਿਚ ਬਦਲ ਦਿਤਾ ਗਿਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਸਮੇਂ ਭਕਨੇ ਵਿਚ ਸਰਬ ਭਾਰਤੀ ਕਿਸਾਨ ਸਭਾ ਦੀ ਕਾਨਫਰੰਸ ਕੀਤੀ ਜਾ ਰਹੀ ਸੀ। ਮੌਕੇ ਦੀ ਨਜ਼ਾਕਤ ਸਮਝਦਿਆਂ ਅਤੇ ਕਿਸਾਨ ਆਗੂਆਂ ਦੇ ਰੋਹ ਨੂੰ ਭਾਂਪਦਿਆਂ ਅੰਗਰੇਜ਼ ਸਰਕਾਰ ਨੇ ਐਨ ਮੌਕੇ ਤੇ ਬਾਬਾ ਜੀ ਨੂੰ ਰਿਹਾਅ ਕਰ ਦਿੱਤਾ। ਬਾਬਾ ਜੀ ਨੂੰ 'ਜੀ ਆਇਆਂ ਨੂੰ' ਕਹਿਣ ਅਤੇ ਰੇਲਵੇ ਸਟੇਸ਼ਨ ਖਾਸੇ ਤੋਂ ਭਕਨੇ ਤਕ ਲਿਜਾਣ ਲਈ ਇਕ ਵੱਡਾ ਜਲੂਸ ਤਿਆਰ ਖੜਾ ਸੀ ਅਤੇ ਭਕਨੇ ਦੇ ਮੰਦਰ ਨੇੜੇ ਕਿਸਾਨ ਸਭਾ ਦੀ ਬੇਮਿਸਾਲ ਕਾਨਫਰੰਸ ਹੋਈ।

## ਜਲ੍ਹਿਆਂ ਵਾਲੇ ਵਿਚ ਭੁੱਖ ਹੜਤਾਲ

ਬਾਬਾ ਜੀ ਜੇਲ੍ਹੋਂ ਆ ਕੇ ਕਿਰਤੀ-ਕਿਸਾਨ ਲਹਿਰ ਦੇ ਕੰਮਾਂ ਵਿਚ ਦਿਨ-ਰਾਤ ਜੁੱਟੇ ਹੋਏ ਸਨ ਕਿ ਅੰਗਰੇਜ਼ਾਂ ਨੇ ਰਾਜਸੀ ਕੈਦੀਆਂ ਨੂੰ ਮੁੜ ਕਾਲੇ ਪਾਣੀ ਭੇਜਣ ਦਾ ਫ਼ੈਸਲਾ ਕਰ ਲਿਆ। ਇਹ ਜੇਲ੍ਹ, ਗ਼ਦਰੀ ਦੇਸ਼ਭਗਤਾਂ ਨੇ ਆਪਣੇ ਤਨ, ਮਨ ਤੇ ਅਣਗਿਣਤ ਤਸੀਹੇ ਝੱਲ ਕੇ, ਜਾਨਾਂ ਦੇ ਕੇ ਤੇ ਭੁੱਖ ਹੜਤਾਲਾਂ ਕਰਕੇ ਤੁੜਵਾਈ ਸੀ। ਉਹ ਆਪਣੇ ਜਿਉਂਦੇ ਜੀਅ ਅਜਿਹੇ ਨਰਕ ਦੀ ਮੁੜ ਸਥਾਪਨਾ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ ? ਆਪ ਨੇ ਜਲਸਿਆਂ, ਜਨਤਕ ਭਾਸ਼ਨਾਂ ਤੇ ਅਖ਼ਬਾਰਾਂ ਵਿਚ ਇਸ ਗੱਲ ਦੀ ਜ਼ੋਰਦਾਰ ਨਿਖੇਧੀ ਕੀਤੀ। ਜਲ੍ਹਿਆਂ ਵਾਲੇ ਬਾਗ਼ ਵਿਚ ਇਕ ਜਨਤਕ-ਜਲਸਾ ਕੀਤਾ ਗਿਆ। ਆਪ ਵੱਲੋਂ ਕਾਲੇ-ਪਾਣੀ ਦੀ ਜੇਲ ਤੁੜਾਉਣ ਲਈ ਉਥੋਂ ਦੀ ਸਟੇਜ ਉਤੇ ਹੀ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਰੱਖ ਦਿੱਤੀ ਗਈ। ਅਖ਼ਬਾਰਾਂ ਦੇ ਚਰਚੇ ਅਤੇ ਬਾਬਾ ਸੋਹਣ ਸਿੰਘ ਭਕਨਾ ਦਾ ਪੁਰਾਣਾ ਦ੍ਰਿੜ ਵਿਸ਼ਵਾਸ ਅੰਗਰੇਜ਼ਾਂ ਨੂੰ ਈਨ ਮੰਨਵਾ ਕੇ ਹੀ ਹਟਿਆ। ਲਗਭਗ 15 ਦਿਨ ਦੀ ਭੁੱਖ ਹੜਤਾਲ ਹੋ ਚੁੱਕੀ ਸੀ ਕਿ ਅੰਗਰੇਜ਼-ਸ਼ਾਹੀ ਨੇ ਅੰਡੇਮਾਨ ਦੀ ਜੇਲ੍ਹ ਤੋੜਨ ਦਾ ਫ਼ੈਸਲਾ ਕਰ ਦਿੱਤਾ।

## ਵੰਡ ਦੇ ਫਸਾਦ

ਅਗਸਤ 1947 ਨੂੰ ਹਿੰਦ-ਪਾਕ ਦੀ ਵੰਡ ਹੋ ਗਈ। ਫਿਰਕੂ ਝਗੜੇ ਖੜੇ ਹੋ ਗਏ। ਬਾਬਾ ਜੀ ਇਹਨੀਂ ਦਿਨੀਂ ਆਪਣੇ ਪਿੰਡ ਵਿਚ ਹੀ ਸਨ। ਉਨ੍ਹਾਂ ਨੂੰ ਇਸ ਫਿਰਕੂ ਅੱਗ ਦੇ ਵਧਣ ਦਾ ਬੜਾ ਦੁੱਖ ਹੋਇਆ। ਉਹ ਲਾਗਲੇ ਪਿੰਡਾਂ ਵਿਚ ਘੁੰਮੇ ਤੇ ਸਿਆਣੇ ਆਦਮੀਆਂ ਦੀਆਂ ਕਮੇਟੀਆਂ ਬਣਾਈਆਂ ਤਾਂ ਜੋ ਫਿਰਕੂ ਅੱਗ ਰੋਕੀ ਜਾ ਸਕੇ ਤੇ ਇਧਰੋਂ ਪਾਕਿਸਤਾਨ ਜਾਣ ਵ ਲੇ ਮੁਸਲਮਾਨ-ਭਰਾਵਾਂ ਨੂੰ ਸੁੱਖੀ-ਸਾਂਦੀ ਆਪਣੇ ਟਿਕਾਣੇ ਭੇਜਿਆ ਜਾ ਸਕੇ। ਮੁਸਲਮਾਨਾਂ ਨੂੰ ਬਚਾਉਣ ਤੇ ਇਧਰ ਹੀ ਰੱਖਣ ਦੀ ਵਿਉਂਤ ਨੇ ਬਾਬਾ ਜੀ ਨੂੰ ਆਪਣਾ ਦੁਸ਼ਮਣ ਆਪ ਬਣਾ ਦਿੱਤਾ। ਕਈ ਧਮਕੀਆਂ ਤੇ ਨਸੀਹਤਾਂ ਮਿਲੀਆਂ ਪਰ ਆਪ ਪਿੰਡ-ਪਿੰਡ ਵਿਚ ਇਹ ਅਮਨ-ਸੁਨੇਹਾ ਦੇਣੋਂ ਨਾ ਟਲੇ। ਆਪ ਗ਼ਦਰ ਲਹਿਰ ਦੀ ਸਾਂਝੀਵਾਲਤਾ, ਜਲ੍ਹਿਆਂ ਵਾਲੇ ਬਾਗ਼ ਵਿਚ ਡੁਲ੍ਹੇ ਸਾਂਝੇ ਲਹੂ ਅਤੇ ਮਹਾਤਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਂਧੀ ਦੀ ਅਹਿੰਸਾ ਦਾ ਵਾਸਤਾ ਪਾਉਂਦੇ ਖੂਨ-ਖਰਾਬੇ ਨੂੰ ਰੋਕਦੇ ਫਿਰਦੇ।

ਵੰਡ ਦੇ ਸਮੇਂ ਦੌਰਾਨ ਬਾਬਾ ਜੀ ਨੇ ਹਿੰਦੂ-ਸਿੱਖ ਤੇ ਮੁਸਲਮਾਨਾਂ ਦੇ ਭਲੇ ਲਈ ਇਲਾਕੇ ਦੀ ਇਕ ਸਾਂਝੀ ਕਮੇਟੀ ਵੀ ਬਣਾਈ, ਜਿਸ ਵਿਚ ਆਪ ਸਰਵ-ਸੰਮਤੀ ਨਾਲ ਪ੍ਰਧਾਨ ਚੁਣ ਲਏ ਗਏ। ਜਥੇਦਾਰ ਈਸ਼ਰ ਸਿੰਘ ਮਝੈਲ, ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਤ ਸਨ, ਭਕਨੇ ਪਿੰਡ ਆਏ। ਉਨ੍ਹਾਂ ਨੇ ਬੜਾ ਜਜ਼ਬਾਤੀ ਭਾਸ਼ਨ ਦਿੱਤਾ ਅਤੇ ਵੰਗਾਰ ਸੁੱਟੀ, "ਭਕਨਾ ਵਾਸੀਓ, ਸਰਹੱਦ ਬਣਾਉਣ ਦਾ ਜ਼ਿੰਮਾ ਤੁਹਾਡੇ ਸਿਰ ਐ! ਭਾਵੇਂ ਰਾਵੀ ਬਣਾ ਲਓ, ਚਾਹੇ ਬਿਆਸ ਬਣਾ ਲਓ!"

## ਜ਼ੁਲਮ ਦਾ ਕਹਿਰ

ਬਾਬਾ ਜੀ, ਕਾਮਰੇਡ ਪਿਆਰਾ ਸਿੰਘ ਅਤੇ ਮਾਸਟਰ ਗੁਰਦਿਆਲ ਸਿੰਘ ਨੇ ਇਸ ਗੱਲ ਦੀ ਵਿਰੋਧਤਾ ਕੀਤੀ ਅਤੇ ਪਿੰਡ ਦਾ ਅਮਨ-ਅਮਾਨ ਕਾਇਮ ਰੱਖਣ ਨੂੰ ਤਰਜੀਹ ਦਿੱਤੀ। ਭਾਵਕ ਹੋਏ ਇਕੱਠ ਨੇ ਤ੍ਰਿਗੜੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਅਤੇ ਇਨ੍ਹਾਂ ਨੂੰ ਸੋਧਣ ਦੀ ਸਕੀਮ ਵੀ ਬਣਾਈ।

ਖਤਰੇ ਨੂੰ ਭਾਂਪਦਿਆਂ ਬਾਬਾ ਸੋਹਣ ਸਿੰਘ ਭਕਨਾ ਨੂੰ ਵੀ ਬਾਹਰਲੇ ਡੇਰੇ ਤੋਂ ਪਿੰਡ ਵਾਲੇ ਘਰ ਆਉਣ ਲਈ ਮਜ਼ਬੂਰ ਹੋਣਾ ਪਿਆ। ਅਗਲੇ ਦਿਨ ਪਿੰਡ ਵਿਚ ਮੁਸਲਮਾਨ ਆ ਕੇ ਉਨ੍ਹਾਂ ਨੂੰ ਮਿਲੇ। ਬਾਬਾ ਜੀ ਨੇ ਦੁੱਖੀ ਮਨ ਨਾਲ ਉਨ੍ਹਾਂ ਨੂੰ ਕਿਹਾ, "ਮਹੌਲ ਤੁਹਾਡੇ ਹੱਕ ਵਿਚ ਨਹੀਂ। ਹੁਣ ਮੈਂ ਤੁਹਾਨੂੰ ਕਿਸੇ ਕਿਸਮ ਦਾ ਭਰੋਸਾ ਨਹੀਂ ਦੇ ਸਕਦਾ। ਮੇਰੇ ਖ਼ਿਆਲ ਵਿਚ ਹੁਣ ਜਾਣ ਵਿਚ ਹੀ ਭਲਾ ਏ।"

ਕੁਝ ਲੋਕ ਚਲੇ ਗਏ ਤੇ ਕੁਝ ਨੇ ਟਿਕੇ ਰਹਿਣ ਦਾ ਨਿਸ਼ਚਾ ਕੀਤਾ। ਫਿਰਕੂ ਜਨੂੰਨ ਨੇ ਜੋ ਭਾਣਾ ਵਰਤਾਇਆ, ਉਸਨੂੰ ਕੌਣ ਨਹੀਂ ਜਾਣਦਾ? ਭਲੇਪੁਰਸ਼ਾਂ ਦੀਆਂ ਅਰਜ਼ੋਈਆਂ ਅਤੇ ਦਿਲਜੋਈਆਂ ਨੇ ਜ਼ੁਲਮ ਦਾ ਕਹਿਰ ਫੇਰ ਵੀ ਜਿੰਨਾ ਥੰਮਿਆ ਗਿਆ, ਥੰਮੀ ਰੱਖਿਆ।

## ਆਪਣੀ ਸਰਕਾਰ ਦੀ ਕੈਦ

ਆਜ਼ਾਦੀ ਮਿਲ ਗਈ ਪਰ ਦੇਸ਼ਭਗਤਾਂ ਲਈ ਮਨ-ਚਾਹੀ ਖੁਸ਼ਹਾਲੀ ਤੇ ਲੋਕ-ਕਲਿਆਣ ਦਾ ਰਾਜ ਨਾ ਆਇਆ। ਬਾਬਾ ਜੀ ਦੀ ਸਮਾਜਵਾਦੀ ਵਿਚਾਰਧਾਰਾ ਵੀ ਉਬਾਲੇ ਖਾਣ ਲੱਗੀ ਸੀ। 1948 ਦੇ ਸ਼ੁਰੂ ਮਾਰਚ ਵਿਚ ਆਪ ਆਪਣੇ ਕਿਰਤੀ ਕਿਸਾਨ ਆਸ਼ਰਮ ਵਿਚ ਬੈਠੇ ਸਨ ਕਿ ਬਿਨਾਂ ਕੋਈ ਦੋਸ਼ ਦੱਸਣ ਦੇ ਆਪਨੂੰ ਫੜ੍ਹ ਲਿਆ ਗਿਆ ਤੇ ਯੋਲ ਕੈਂਪ ਦੀ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ। ਏਸੇ ਸਮੇਂ ਕੁਝ ਹੋਰ ਕੌਮਨਿਸਟਆ ਗੂ ਵੀ ਮਤ-ਭੇਦਾਂ ਕਾਰਨ ਫੜ੍ਹ ਲਏ ਗਏ ਸਨ। ਜੇਲ੍ਹ ਵਿਚਲੀ ਹਾਲਤ ਅੰਗਰੇਜ਼ਾਂ ਦੀਆਂ ਜੇਲ੍ਹਾਂ ਤੋਂ ਵੀ ਮਾੜੀ ਸੀ ਅਤੇ ਵਤੀਰਾ ਬੜਾ ਘਟੀਆ ਸੀ। ਬਾਬਾ ਜੀ ਨੇ ਉਥੇ ਪੁੱਜਦਿਆਂ ਹੀ ਭੁੱਖ ਹੜਤਾਲ ਕਰ ਦਿੱਤੀ। ਅਠੱਤਰ ਸਾਲਾਂ ਦਾ ਬਿਰਧ ਦੇਸ਼ਭਗਤ ਦੋ ਤਿੰਨ ਹਫ਼ਤੇ ਤੋਂ ਭੁੱਖ ਹੜਤਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਖੀ ਬੈਠਾ ਸੀ ਪਰ ਪੰਜਾਬ ਸਰਕਾਰ ਨੂੰ ਕੋਈ ਚਿੰਤਾ ਨਹੀਂ ਸੀ। ਬਾਬਾ ਜੀ ਦੇ ਪੁਰਾਣੇ ਸਾਥੀ ਸੰਤ ਵਿਸਾਖਾ ਸਿੰਘ, ਪੰਡਤ ਜਵਾਹਰ ਲਾਲ ਨੂੰ ਮਿਲੇ 'ਤੇ ਉਨ੍ਹਾਂ ਨੇ ਦੇਸ਼ ਭਗਤੀ ਬਦਲੇ ਜੇਲ੍ਹੀਂ ਸੁੱਟਣ ਵਾਲੀ ਕੌਮੀ ਸਰਕਾਰ ਦੇ ਪੱਛੜੇ ਉਧੇੜੇ। ਇਸ ਤੋਂ ਦੋ ਤਿੰਨ ਦਿਨ ਬਾਅਦ ਹੀ ਬਾਬਾ ਜੀ ਤੇ ਉਨ੍ਹਾਂ ਦੇ ਦੋ ਹੋਰ ਸਾਥੀਆਂ ਨੂੰ ਜੇਲ੍ਹੋਂ ਰਿਹਾਅ ਕਰ ਦਿੱਤਾ ਗਿਆ।

## ਕੌਮੀ ਹਕੂਮਤ ਦੀ ਮੋਹਰ ਛਾਪ

ਲਗਭਗ ਮਹੀਨੇ ਦੀ ਭੁੱਖ ਹੜਤਾਲ ਨੇ ਬਿਰਧ ਦੇਸ਼ਭਗਤ ਦੀ ਸਿਹਤ ਉਤੇ ਬੜਾ ਮਾਰੂ ਅਸਰ ਕੀਤਾ। ਆਪਣੀ ਹਕੂਮਤ ਵਲੋਂ ਮਿਲੀ ਸਜ਼ਾ ਦੀ ਮਾਨਸਿਕ ਪੀੜ ਨੇ ਵੀ ਇਸ ਵਿਚ ਆਪਣਾ ਹਿੱਸਾ ਪਾਇਆ ਤੇ ਉਨ੍ਹਾਂ ਦੀ ਕਮਰ ਝੁਕ ਗਈ। ਸਮਾਂ ਪਾ ਕੇ ਠੀਕ ਹੋਣ ਦੀ ਥਾਂ ਇਹ ਏਨੀ ਟੇਡੀ ਹੋਈ ਕਿ ਹੁੰਦੀ ਹੁੰਦੀ ਕਮਾਨ ਹੋ ਗਈ। ਜਦ ਵੀ ਕੋਈ ਉਨ੍ਹਾਂ ਨੂੰ ਆਪ ਦੇ ਭੱਬ ਬਾਰੇ ਪੁੱਛਦਾ ਤਾਂ ਆਪ ਦਿਲ-ਵਿੰਨ੍ਹਵੇਂ ਹਾਸੇ ਵਿਚ ਉਤਰ ਦਿੰਦੇ, "ਇਹ ਆਪਣੀ ਕੌਮੀ ਹਕੂਮਤ ਦੀ ਮੇਰੀ ਪਿੱਠ 'ਤੇ ਮੋਹਰ ਛਾਪ ਏ।"

## ਜਨਤਾ ਸਕੂਲ ਦੀ ਸਥਾਪਨਾ

ਯੋਲ ਕੈਂਪ ਦੀ ਕੈਦ ਤੋਂ ਬਾਅਦ ਆਪ ਮੁੜ ਭਕਨੇ ਆ ਗਏ ਅਤੇ ਪਿੰਡ ਤੇ ਇਲਾਕੇ ਦੀਆਂ ਲੋੜਾਂ ਨੂੰ ਸਾਹਮਣੇ ਰੱਖ ਕੇ ਪਿੰਡ ਵਿਚ ਜਨਤਾ ਹਾਈ ਸਕੂਲ ਖੋਲ੍ਹਿਆ। ਪਿੰਡ ਵਾਲਾ ਮਕਾਨ ਤੇ ਕੁਝ ਜ਼ਮੀਨ ਵੇਚਕੇ 7000 ਰੁਪਏ ਦਾਨ ਦਿਤੇ। ਅਤੇ ਪਿੰਡ ਤੋਂ ਬਾਹਰ ਸਕੂਲ ਦੀ ਨਵੀਂ ਇਮਾਰਤ ਦਾ ਪ੍ਰੋਗਰਾਮ ਬਣਿਆ। ਸਕੂਲ ਦੀ ਇਮਾਰਤ, ਮੈਦਾਨ ਤੇ ਬਾਗਬਾਨੀ ਲਈ ਸਾਰੀ ਜ਼ਮੀਨ ਬਾਬਾ ਜੀ ਨੇ ਦਿੱਤੀ! ਬਾਬਾ ਗੁੱਜਰ ਸਿੰਘ ਭਕਨਾ ਮਲਾਇਆ ਤੋਂ ਉਗਰਾਹੀ ਕਰਕੇ ਲਿਆਏ। ਕੁਝ ਇਲਾਕੇ ਨੇ ਕੀਤੀ। ਕੁਲ 80-90 ਹਜ਼ਾਰ ਲੱਗਕੇ ਸਕੂਲ ਦੀ ਨਵੀਂ ਤੇ ਸੋਹਣੀ ਇਮਾਰਤ ਤਿਆਰ ਹੋ ਗਈ। ਬਾਬਾ ਸੋਹਣ ਸਿੰਘ ਭਕਨਾ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ। ਇਹ ਸਕੂਲ ਲੋਕਾਂ ਦੇ ਗਿਆਨ ਦਾ ਦੀਪਕ ਸੀ, ਜਿਸਨੇ ਦੂਰ ਦੂਰ ਤਕ ਆਪਣਾ ਨੂਰ ਵੰਡਿਆ। ਪਰ ਇਸ ਦੀਪ ਨੂੰ ਜਗਾਈ ਰੱਖਣ ਲਈ ਬਾਬਾ ਜੀ ਨੇ ਕਈ ਜਫ਼ਰ-ਜਾਲੇ। ਸਕੂਲ ਦੇ ਇਤਿਹਾਸ ਤੇ ਵਿਕਾਸ ਦੀ ਇਕ ਵੱਖਰੀ ਕਹਾਣੀ ਹੈ। ਉਧਰ ਭਕਨਾ ਖੁਰਦ ਵਿਚ ਲੜਕੀਆਂ ਦਾ ਮਿਡਲ ਸਕੂਲ ਵੀ ਬਰਾਬਰ ਚਲ ਰਿਹਾ ਸੀ। ਆਰਥਿਕ ਤੰਗੀ ਕਾਰਨ ਲੜਕੇ-ਲੜਕੀਆਂ ਦੇ ਇਹ ਦੋਵੇਂ ਸਕੂਲ ਪੰਜਾਬ ਸਰਕਾਰ ਨੂੰ ਸੌਂਪ ਦਿੱਤੇ ਗਏ।

## ਦੇਸ਼ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ

ਸਤੰਬਰ 1955 ਵਿਚ ਸੰਤ ਵਿਸਾਖਾ ਸਿੰਘ ਵਰਗੇ ਗਦਰੀਆਂ ਦੇ ਉੱਦਮ ਨਾਲ 'ਦੇਸ਼ਭਗਤ ਯਾਦਗਾਰ ਕਮੇਟੀ' ਕਾਇਮ ਹੋਈ। ਬਾਬਾ ਸੋਹਣ ਸਿੰਘ ਭਕਨਾ ਇਸ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਧਾਨ ਬਣਾਏ ਗਏ। ਇਸ ਕਮੇਟੀ ਦਾ ਮੰਤਵ ਦੇਸ਼ਭਗਤਾਂ ਦੀ ਯਾਦਗਾਰ ਕਾਇਮ ਕਰਨੀ ਤੇ ਗ਼ਦਰ ਪਾਰਟੀ ਦਾ ਸੰਪੂਰਨ ਇਤਿਹਾਸ ਲਿਖਣਾ ਸੀ। ਜਲੰਧਰ ਸ਼ਹਿਰ ਵਿਚ ਜੀ. ਟੀ. ਰੋਡ ਉਤੇ ਉਸਾਰਿਆ ਗਿਆ ਦੇਸ਼ਭਗਤ ਯਾਦਗਾਰ ਹਾਲ, ਗੈਲਰੀ ਤੇ ਪੁਸਤਕਾਲਾ ਮੁਕੰਮਲ ਹੋ ਚੁੱਕਾ ਹੈ। ਇਹ ਸੰਸਥਾ ਹੁਣ ਵੱਖ ਵੱਖ ਜਥੇਬੰਦੀਆਂ ਦੀਆਂ ਰੈਲੀਆਂ, ਸਮਾਰੋਹਾਂ ਤੇ ਜਲਸਿਆਂ ਦੀ ਸ਼ਾਨ ਬਣਦੀ ਹੈ। ਹੁਣ ਤਕ ਗ਼ਦਰ ਪਾਰਟੀ ਦਾ ਇਤਿਹਾਸ ਵੀ ਮੁਕੰਮਲ ਹੋ ਚੁੱਕਾ ਹੈ। ਬਾਬਾ ਜੀ ਨੇ ਇਸ ਯਾਦਗਾਰ ਲਈ ਕੋਈ 10 ਏਕੜ ਜ਼ਮੀਨ ਲਾਈ।

## ਵਿਧਾਨ ਸਭਾ ਦੇ ਉਮੀਦਵਾਰ

ਪਹਿਲੀ ਪੰਜਾਬ ਵਿਧਾਨ ਸਭਾ ਦੀ ਚੋਣ ਦੀ ਗੱਲ ਹੈ। ਕੌਮਨਿਸਟ ਪਾਰਟੀ ਨੇ ਸਰਬ-ਸੰਮਤੀ ਨਾਲ ਆਪ ਜੀ ਨੂੰ ਪਾਰਟੀ ਟਿਕਟ ਦੇ ਕੇ ਚੋਣ ਲੜਨ ਲਈ ਖੜ੍ਹਾ ਕਰ ਦਿਤਾ। ਬਾਬਾ ਜੀ ਨੇ ਬਿਰਧ ਅਵਸਥਾ ਅਤੇ ਰਾਜਨੀਤੀ ਤੋਂ ਪਰ੍ਹਾਂ ਰਹਿਣ ਦਾ ਵਾਸਤਾ ਪਾ ਕੇ ਪਾਰਟੀ ਫ਼ੈਸਲਾ ਬਦਲਣ ਲਈ ਜ਼ੋਰ ਪਾਇਆ ਪਰ ਓੜਕ ਉਨ੍ਹਾਂ ਨੂੰ ਰਾਜਨੀਤੀ ਦੇ ਮੈਦਾਨ ਵਿਚ ਕੁੱਦਣਾ ਪਿਆ।

ਚੋਣ-ਪ੍ਰਚਾਰ ਵਿਚ ਵੀ ਬਾਬਾ ਜੀ ਨੇ ਸਾਦੀ ਅਤੇ ਸੁਥਰੀ ਰਾਜਨੀਤੀ ਦਾ ਰਾਹ ਚੁਣਿਆ। ਟਾਂਗੇ 'ਤੇ ਲਾਊਡ ਸਪੀਕਰ ਲਾ ਕੇ ਕੁਝ ਸਾਥੀਆਂ ਨਾਲ ਪਿੰਡ ਪਿੰਡ ਗਏ ਅਤੇ ਲੋਕਾਂ ਨੂੰ ਅਸਲ ਸਮਾਜਵਾਦ ਬਾਰੇ ਵਾਕਫ਼ੀ ਦਿਤੀ। ਮੋਟਰਾਂ-ਕਾਰਾਂ, ਧੂੰਆਂਧਾਰ ਪ੍ਰਚਾਰ ਅਤੇ ਇਲਜ਼ਾਮ-ਬਾਜੀ ਦੇ ਪੈਂਤੜਿਆਂ ਤੋਂ ਕੋਹਾਂ ਦੂਰ ਰਹੇ ਅਤੇ ਪਾਰਟੀ ਵੱਲੋਂ ਦਿਤਾ 14000 ਰੁਪਿਆ ਵੀ ਵਾਪਸ ਮੋੜ ਦਿਤਾ।

ਕੌਮਨਿਸਟ ਪਾਰਟੀ ਅਤੇ ਇਲਾਕੇ ਦੇ ਲੋਕ ਤਾਂ ਸਮਝਦੇ ਸਨ ਕਿ ਬਾਬਾ ਜੀ ਦੀ ਮਹਾਨ ਦੇਸ਼ਭਗਤੀ ਦਾ ਮਾਣ ਕਰਦਿਆਂ ਕੋਈ ਉਮੀਦਵਾਰ ਚੋਣ ਵਿਚ ਨਹੀਂ ਖਲੋਵੇਗਾ ਅਤੇ ਕੋਈ ਹੋਰ ਰਾਜਸੀ ਪਾਰਟੀ ਵੀ ਇਵੇਂ ਕਰਕੇ ਉਨ੍ਹਾਂ ਦਾ ਸਤਿਕਾਰ ਕਰੇਗੀ ਪਰ ਕਾਂਗਰਸ ਪਾਰਟੀ ਨੇ ਇਨ੍ਹਾਂ ਚੋਣਾਂ ਵਿਚ ਆਪਣਾ ਉਮੀਦਵਾਰ ਹੀ ਖੜਾ ਨਹੀਂ ਕੀਤਾ ਸਗੋਂ ਅਜੋਕੀ ਰਾਜਨੀਤੀ ਦਾ ਹਰੇਕ ਹਥਕੰਡਾ ਵਰਤਿਆ। ਬਾਬਾ ਜੀ ਇਸ ਚੋਣ ਵਿਚ ਹਾਰ ਗਏ ਅਤੇ ਉਨ੍ਹਾਂ ਨੇ ਰਾਜਨੀਤੀ ਤੋਂ ਤੋਬਾ ਕਰ ਲਈ।

## ਨਹਿਰੂ ਨਾਲ ਦੇਸ਼-ਭਗਤ ਮਿਲਣੀ

1960 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸਨ। ਉਨ੍ਹਾਂ ਪੁਰਾਣੇ ਦੇਸ਼ਭਗਤਾਂ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਬਾਬਾ ਸੋਹਣ ਸਿੰਘ ਤੇ ਹੋਰ ਗ਼ਦਰੀ ਦੇਸ਼ ਭਗਤ ਵੀ ਉਥੇ ਸੱਦੇ ਗਏ। ਬਾਬਾ ਭਕਨਾ ਸਟੇਜ ਦੇ ਦੇ ਸਾਹਮਣੇ ਪੰਡਾਲ ਵਿਚ ਲੱਗੀਆਂ ਕੁਰਸੀਆਂ ਦੀ ਥਾਂ ਘਾਹ-ਬਗੀਚੇ 'ਤੇ ਬੈਠ ਗਏ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹਿਰੂ ਜੀ ਸਟੇਜ ਤੋਂ ਉੱਠ ਕੇ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨੂੰ ਆਦਰ ਸਹਿਤ ਕੁਰਸੀ 'ਤੇ ਬਿਰਾਜਮਾਨ ਹੋਣ ਲਈ ਪਰੇਰਿਆ। ਬਾਬਾ ਜੀ ਨੇ ਪੰਡਿਤ ਜੀ ਨੂੰ ਕਿਹਾ, "ਅਸੀਂ ਸਾਰੇ ਭਾਰਤ ਨੂੰ ਆਨੰਦ ਭਵਨ ਵੇਖਣਾ ਚਾਹੁੰਨੇ ਆਂ। ਸ਼ਹੀਦਾਂ ਦੇ ਖ਼ੂਨ ਦੀ ਕਦਰ ਹੋਣੀ ਚਾਹੀਦੀ ਏ ਕਿਉਂਕਿ ਉਨ੍ਹਾਂ ਦੀ ਕੁਰਬਾਨੀ ਤੋਂ ਬਗ਼ੈਰ, ਬਗ਼ੈਰ ਲਹੂ ਵਹਾਇਆਂ ਇਹ ਆਜ਼ਾਦੀ ਨਹੀਂ ਸੀ ਮਿਲ ਸਕਦੀ।"

## ਜਨਤਾ ਵਿਚ ਜੀਣ ਦਾ ਚਾਅ

ਬਾਬਾ ਜੀ ਨੇ ਆਪਣੇ ਅੰਤਲੇ ਸਾਲ ਆਮ ਵਾਂਗ ਸਾਧਾਰਨ ਕੱਪੜਿਆਂ ਤੇ ਸਾਧਾਰਨ ਮਕਾਨ ਵਿਚ ਬਤੀਤ ਕੀਤੇ। ਉਹ ਪਿੰਡ ਤੋਂ ਬਾਹਰਵਾਰ ਆਪਣੇ ਹੱਥੀਂ ਸਥਾਪਤ ਸਕੂਲ ਦੇ ਨੇੜੇ ਆਪਣੀਆਂ ਪੈਲੀਆਂ ਵਿਚ ਇਕ ਸਾਧੂ ਵਾਂਗ ਰਹਿੰਦੇ ਸਨ, ਜਿਨ੍ਹਾਂ ਦਾ ਕਾਰਜ ਜਨਤਾ ਲਈ ਸ਼ੁਭ ਕਰਨਾ ਤੇ ਸ਼ੁਭ ਸੋਚਣਾ ਸੀ।

ਸ: ਪਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਸਨ। ਇਕ ਵਾਰ ਉਹ ਬਾਬਾ ਜੀ ਦੇ ਆਸ਼ਰਮ ਵਿਚ ਮਿਲਣ ਆਏ ਅਤੇ ਉਨ੍ਹਾਂ ਦੀ ਸਾਦੀ ਤੇ ਇਕੱਲ ਭਰੀ ਜ਼ਿੰਦਗੀ ਨੂੰ ਮਹਿਸੂਸ ਕਰਦਿਆਂ ਬੋਲੇ, "ਬਾਬਾ ਜੀ, ਤੁਸੀਂ ਦੇਸ਼ ਲਈ ਬੜਾ ਕੁਝ ਕੀਤਾ ਏ। ਤੁਹਾਨੂੰ ਸ਼ਿਮਲੇ ਵਿਚ ਆਲੀਸ਼ਾਨ ਕੋਠੀ ਅਲਾਟ ਹੋਏਗੀ। ਸਾਰੀਆਂ ਸਹੂਲਤਾਂ ਹੋਣਗੀਆਂ। ਬੇਨਤੀ ਮੰਨ ਲਵੋ ਤੇ ਮੇਰੇ ਨਾਲ ਚੱਲੋ।" ਬਾਬਾ ਜੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਖ਼ਿਮਾ ਮੰਗਦਿਆਂ ਕਿਹਾ, "ਕੈਰੋਂ ਸਾਹਿਬ, ਮੈਂ ਜਿਨ੍ਹਾਂ ਲੋਕਾਂ ਵਿਚ ਜੰਮਿਆਂ-ਪਲਿਆਂ, ਉਨ੍ਹਾਂ ਵਿਚ ਹੀ ਰਹਿਣਾ ਚਾਹੁੰਨਾ। ਮੈਨੂੰ ਉਨ੍ਹਾਂ ਤੋਂ ਅੱਡ ਨਾ ਕਰੋ।"

## ਜਨਤਾ ਵਾਰਡ ਨੂੰ ਪਹਿਲ

1968 ਦੀਆਂ ਸਰਦੀਆਂ ਵਿਚ ਕਰਤਾਰ ਸਿੰਘ ਸਰਾਭੇ ਦੀ ਬਰਸੀ ਤੇ ਨਿਗੂਣੀ ਹਾਜ਼ਰੀ ਦੇ ਮਾਨਸਿਕ ਦੁੱਖ ਅਤੇ ਥੋੜੀ ਜਿਹੀ ਠੰਡ ਨਾਲ ਹੀ ਉਨ੍ਹਾਂ ਨੂੰ ਨਮੂਨੀਆਂ ਹੋ ਗਿਆ। ਇਲਾਜ ਕੀਤਾ ਗਿਆ ਤਾਂ ਕੁਝ ਸਮਾਂ ਬਾਅਦ ਫਿਰ ਬਿਮਾਰ ਹੋ ਗਏ। ਬਿਰਧ ਅਵਸਥਾ ਤੇ ਬਿਮਾਰੀ ਦੀ ਹਾਲਤ ਕਾਰਨ ਸਿਹਤ ਡਾਹਢੀ ਕਮਜ਼ੋਰ ਹੋ ਗਈ। ਕਾਮਰੇਡ ਸਤਪਾਲ ਡਾਂਗ ਨੇ ਪੰਜਾਬ ਸਰਕਾਰ ਨੂੰ ਇਸ ਬਾਰੇ ਝੰਜੋੜਿਆ। ਬਾਬਾ ਜੀ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਚ ਦਾਖ਼ਲ ਕਰਕੇ ਸਪੈਸ਼ਲ ਵਾਰਡ ਵਿਚ ਰੱਖਣ ਦੇ ਵੀ ਹੁਕਮ ਹੋਏ। ਪਰ ਇਸ ਅਸਲ ਲੋਕ-ਦਰਦੀ ਨੇ ਸਪੈਸ਼ਲ ਵਾਰਡ ਵਿਚ ਜਾਣਾ ਸਵੀਕਾਰ ਨਾ ਕੀਤਾ ਅਤੇ ਆਪਣੀ ਕੰਬਦੀ ਆਵਾਜ਼ ਵਿਚ ਬੋਲੇ, "ਮੈਂ ਆਪਣਾ ਇਲਾਜ ਉਥੇ ਈ ਕਰਾਵਾਂਗਾ, ਜਿਥੇ ਮੇਰੇ ਦੇਸ਼ ਦੀ ਜਨਤਾ ਦਾ ਇਲਾਜ ਹੁੰਦਾ ਏ।"

ਮਰਨ ਤਕ ਉਹ ਆਪਣੀ ਸਾਂਝ ਜਨਤਾ ਨਾਲੋਂ ਟੁੱਟਣ ਨਹੀਂ ਸਨ ਦੇਣਾ ਚਾਹੁੰਦੇ। ਮਰਨ ਵੇਲੇ ਜਿਥੇ ਆਮ ਵਿਅਕਤੀ ਦੀ ਇੱਛਾ ਆਪਾ ਬਚਾਉਣ ਦੀ ਹੁੰਦੀ ਹੈ, ਉਥੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਜੀ ਅੰਤਲੇ ਸਾਹਾਂ ਅਤੇ ਹੋਸ਼-ਹਵਾਸ ਕਾਇਮ ਰਹਿਣ ਤਕ ਆਪਣੇ ਦੇਸ਼ ਅਤੇ ਇਸਦੀ ਵਿਚਾਰੀ ਜਨਤਾ ਬਾਰੇ ਸੋਚਦੇ ਰਹੇ।

ਅਸਲ ਵਿਚ ਕੌਮਨਿਸਟ ਪਾਰਟੀਆਂ ਦਾ ਦੁਫੇੜ ਉਨ੍ਹਾਂ ਦੇ ਦਿਲ 'ਤੇ ਡੂੰਘਾ ਸੱਲ ਬਣ ਕੇ ਬਹਿ ਗਿਆ ਸੀ। ਇਸ ਪਾਰਟੀ ਨੂੰ ਉਹ ਆਪਣੇ ਸੁਪਨਿਆਂ ਦੇ ਸਾਕਾਰ ਕਰਨ ਦੀ ਆਸ ਸਮਝਦੇ ਸਨ। ਆਖ਼ਰੀ ਸਾਹਵਾਂ ਤਕ ਵੀ ਉਹ ਪਾਰਟੀ ਦੇ ਦੋਵੇਂ ਧੜਿਆਂ ਦੇ ਇਕ ਹੋ ਜਾਣ ਲਈ ਤਰਸਦੇ ਰਹੇ। ਉਹ ਕਹਿੰਦੇ ਰਹੇ, "ਜੇਕਰ ਦੋਵੇਂ ਪਾਰਟੀਆਂ ਇਕ ਹੋ ਜਾਣ ਦਾ ਫ਼ੈਸਲਾ ਕਰ ਲੈਣ ਤਾਂ ਮੈਂ ਹੁਣ ਵੀ ਮੌਤ ਦੇ ਮੂੰਹੋਂ ਬਚ ਸਕਦਾਂ।"

## ਦੁੱਧ ਪੀਣੋਂ ਇਨਕਾਰ

ਮਰਨ ਸਮੇਂ ਤਕ ਉਨ੍ਹਾਂ ਦੀ ਸੁਰਤੀ ਜਨਤਾ ਤੇ ਦੇਸ਼ ਵਲ ਰਹੀ। ਉਹ ਰਹਿੰਦੇ ਪਲਾਂ ਤਕ ਜਨ-ਸਿਮਰਣ ਨੂੰ ਸਮਰਪਤ ਰਹੇ। ਡਾਕਟਰਾਂ ਵੱਲੋਂ ਉਨ੍ਹਾਂ ਨੂੰ ਦੁੱਧ ਪੀਣ ਦੀ ਹਦਾਇਤ ਕੀਤੀ ਗਈ ਤਾਂ ਉਨ੍ਹਾਂ ਨੇ ਇਸ ਗੱਲ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਇਹ ਕਹਿੰਦਿਆਂ ਉਨ੍ਹਾਂ ਦੇ ਅੱਥਰੂ ਪਰਲ ਪਰਲ ਵਹਿ ਤੁਰੇ, "ਮੇਰੇ ਲੋਕ ਦੁੱਧ ਦੇ ਕਤਰੇ ਕਤਰੇ ਨੂੰ ਤਰਸਦੇ ਨੇ। ਮੈਂ ਦੁੱਧ ਨਹੀਂ ਪੀਣਾ।...ਮੈਂ ਹੋਰ ਜੀ ਕੇ ਵੀ ਕੀ ਲੈਣਾ ਏ ? ਆਪਣੀ ਭੁੱਖੀ-ਤਿਹਾਈ ਜਨਤਾ ਦਾ ਦੁੱਖ ਹੋਰ ਨਹੀਂ ਝੱਲਿਆ ਜਾਂਦਾ।"

## ਜਨਤਾ ਵਿਚ ਮਰਨ

ਜਨਤਾ ਦੇ ਗ਼ਮ ਵਿਚ ਘੁਲ ਰਿਹਾ ਬਿਰਧ ਸੰਗਰਾਮੀਆਂ ਅੱਧ-ਮੀਟੀਆਂ ਅੱਖਾਂ ਨਾਲ, ਸੁਪਨਾ ਅਪੂਰਣ ਰਹਿਣ ਦੀ ਚੀਸ ਵਟਦਾ ਪੱਥਰ ਦੀ ਮੂਰਤ ਹੋ ਗਿਆ। 20 ਦਸੰਬਰ ਦੀ ਅੱਧੀ ਰਾਤ ਤੋਂ ਬਾਅਦ, ਅਗਲੇ ਦਿਨ ਦੇ ਪ੍ਰਵੇਸ਼-ਪਲਾਂ ਵਿਚ (ਪੌਣੇ ਇਕ ਵਜੇ) ਉਸਦੀ ਰੂਹ ਪਰਮ-ਜੋਤ ਵਿਚ ਜਾ ਰਲੀ। ਰੇਡੀਓ, ਅਖ਼ਬਾਰਾਂ ਅਤੇ ਬਾਬਾ ਜੀ ਦੇ ਸ਼ਰਧਾਲੂ-ਜਗਤ ਵਿਚ ਸੋਗ ਛਾ ਗਿਆ। ਜੀਉਂਦੇ ਬਾਬੇ ਦੀ ਹੋਂਦ ਭਾਵੇਂ ਕਿਸੇ ਨੇ ਬਹੁਤੀ ਨਹੀਂ ਸੀ ਗੌਲੀ ਪਰ ਉਸਦੇ ਜਾਣ ਨਾਲ ਹਰੇਕ ਦੇਸ਼-ਪ੍ਰੇਮੀ ਦੀਆਂ ਅੱਖਾਂ ਸਿੰਮ ਪਈਆਂ।

ਬਾਬਾ ਆਪਣਾ ਕੌਲ ਪੁਗਾ ਗਿਆ। ਉਸਦੀ ਆਪਣੀ ਜਨਤਾ ਵਿਚ ਮਰਨ ਦੀ ਇੱਛਾ ਪੂਰਨ ਹੋ ਗਈ। 21 ਦਸੰਬਰ ਨੂੰ ਉਸਦੀ ਮ੍ਰਿਤਕ ਦੇਹ ਟਰਾਲੀ ਵਿਚ ਧਰ ਕੇ ਭਕਨੇ ਪਿੰਡ ਨੂੰ ਤੋਰੀ ਗਈ। ਉਸਦੇ ਪਿੱਛੇ ਬਾਬਾ ਜੀ ਦੇ ਪ੍ਰਸੰਸਕਾਂ ਦਾ ਸੋਗੀ ਕਾਫ਼ਲਾ ਤੁਰਿਆ ਆਇਆ। ਜੀ. ਟੀ. ਰੋਡ ਦੇ ਦੋਹੀਂ ਪਾਸੀਂ ਲੋਕ ਅੱਖਾਂ ਭਰੀ ਖਲੋਤੇ ਸਨ। ਸਾਰਾ ਪਿੰਡ ਤੇ ਇਲਾਕਾ ਹੰਝੂਆਂ ਦੇ ਵਹਿਣ ਵਾਂਗ ਘਰਾਂ 'ਚੋਂ ਉਮਡ ਆਇਆ। ਬਾਬਾ ਜੀ ਦੀ ਦੇਹ, ਉਨ੍ਹਾਂ ਦੇ ਹੀ ਹੱਥੀਂ ਬਣਾਈ ਗਈ ਗ਼ਦਰ ਪਾਰਟੀ ਦੀ ਯਾਦਗਾਰ ਵਿਚ ਰਖ ਦਿੱਤੀ ਗਈ। ਲੋਕ ਅਤੇ ਨੇਤਾ-ਗਣ ਦੂਰੋਂ ਨੇੜਿਓਂ ਬਾਬਾ ਜੀ ਦੇ ਦਰਸ਼ਨ ਨੂੰ ਆਉਂਦੇ ਰਹੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗਲੇ ਦਿਨ, 22 ਦਸੰਬਰ ਨੂੰ ਇਲਾਕੇ ਦੇ ਲੋਕ, ਰਾਜਸੀ ਪਾਰਟੀਆਂ ਦੇ ਆਗੂ ਅਤੇ ਬਾਬਾ ਜੀ ਦੇ ਸਾਥੀ ਉਨ੍ਹਾਂ ਨੂੰ ਅੰਤਮ ਸ਼ਰਧਾਂਜਲੀ ਦੇਣ ਲਈ ਜੁੜੇ। ਜਨਤਾ ਸਕੂਲ ਦੀ ਵਿਸ਼ਾਲ ਘਾਹ-ਗਰਾਊਂਡ ਦੀ ਸਟੇਜ 'ਤੇ ਬਾਬਾ ਜੀ ਦੀ ਦੇਹ ਰਖੀ ਹੋਈ ਸੀ। ਸੋਗ ਸਭਾ ਵਿਚ ਤਕੜੀ ਹਾਜ਼ਰੀ ਸੀ।

ਉਨ੍ਹਾਂ ਦੇ ਕਹੇ ਅਨੁਸਾਰ, ਉਨ੍ਹਾਂ ਦਾ ਅੰਤਮ ਅਗਨ-ਸੰਸਕਾਰ ਗ਼ਦਰ ਪਾਰਟੀ ਦੀ ਯਾਦਗਾਰ ਅੱਗੇ ਕੀਤਾ ਗਿਆ ਅਤੇ ਉਨ੍ਹਾਂ ਦੇ ਫੁੱਲ ਵੀ ਵਸੀਅਤ ਮੁਤਾਬਕ ਉਸੇ ਥਾਂ ਦੱਬ ਦਿੱਤੇ ਗਏ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜੀਵਨ ਰਿਸ਼ਮਾਂ

ਕਾਮਰੇਡ ਸੋਹਨ ਸਿੰਘ ਜੋਸ਼ ਨੇ ਆਪਣੀ ਪੁਸਤਕ 'ਬਾਬਾ ਸੋਹਨ ਸਿੰਘ ਭਕਨਾ' ਵਿਚ ਬਾਬਾ ਜੀ ਦੀ ਬਹੁ-ਪੱਖੀ ਸਖਸ਼ੀਅਤ ਨੂੰ ਬੜੇ ਸੰਖੇਪ ਅਤੇ ਭਾਵਪੂਰਤ ਸ਼ਬਦਾਂ ਵਿਚ ਕੁਝ ਏਦਾਂ ਪੇਸ਼ ਕੀਤਾ ਹੈ :—

"ਪਕੇਰੀ ਉਮਰ ਵਿਚ ਜਵਾਨਾਂ ਵਾਲਾ ਹੁਲਾਸ ਅਤੇ ਉਤਸ਼ਾਹ, ਬੋਲਚਾਲ ਵਿਚ ਠਰ੍ਹਮਾ, ਲਚਕ ਤੇ ਸਿਆਣਪ, ਨਿੱਗਰ ਦਲੀਲ, ਨਿੱਜੀ ਤੇ ਸੁਤੰਤਰ ਸੋਚ, ਪਰਬਤ ਜਿਹਾ ਫੌਲਾਦੀ ਜਿਗਰ, ਸਾਦਾ ਦੇਸੀ ਪਹਿਰਾਵਾ ਅਤੇ ਬਿਨਾ ਕਿਸੇ ਉਚੇਚ ਦੇ ਬੱਧੀ ਚਿੱਟੀ ਪੱਗ, ਮਿਲਣ ਵਾਲੇ ਦਾ ਵਿਸ਼ਵਾਸ ਜਿੱਤ ਲੈਂਦੇ ਸਨ।"

ਬਾਬਾ ਭਕਨਾ ਬੇਸ਼ਕ ਗੁਜ਼ਾਰੇ ਜੋਗਾ ਪੜ੍ਹੇ ਹੋਏ ਸਨ ਪਰ ਦੇਸ਼ਭਗਤੀ ਅਤੇ ਕੁਰਬਾਨੀ ਦੀ ਕੁਠਾਲੀ ਵਿਚ ਇਵੇਂ ਕੁੰਦਨ ਹੋਏ ਕਿ ਉਨ੍ਹਾਂ ਦੇ ਸ਼ਬਦਾਂ ਅਤੇ ਅਮਲਾਂ ਵਿਚੋਂ ਜੀਵਨ ਦੀ ਅਟੱਲ ਸਚਾਈ ਅਤੇ ਦਿੱਬ ਦ੍ਰਿਸ਼ਟੀ ਦੇ ਦਰਸ਼ਨ ਹੁੰਦੇ ਸਨ। ਕੁਝ ਸੱਜਣਾਂ ਅਤੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਨੇੜੇ ਆਉਣ ਦਾ ਸੁਭਾਗ ਮਿਲਿਆ ਅਤੇ ਕੁਝ ਇਕ ਨਾਲ ਬਿਤਾਏ ਕੁਝ ਪਲ ਹੀ ਉਨ੍ਹਾਂ ਦੀ ਚੁੰਬਕੀ ਸਖ਼ਸ਼ੀਅਤ ਦਾ ਝਲਕਾਰਾ ਹੋ ਨਿਬੜੇ।

## ਜੀਵਨ ਦਾ ਮੁੱਲਅੰਕਣ

ਪ੍ਰੋ: ਮਲਵਿੰਦਰਜੀਤ ਸਿੰਘ ਅਤੇ ਉਨ੍ਹਾਂ ਦੇ ਕੁਝ ਹੋਰ ਸਾਥੀ ਬਾਬਾ ਜੀ ਕੋਲ ਅਕਸਰ ਭਕਨੇ ਆਇਆ ਕਰਦੇ ਸਨ। ਇਕ ਵਾਰ ਉਨ੍ਹਾਂ ਬੇਨਤੀ ਕੀਤੀ ਕਿ ਬਾਬਾ ਜੀ ਆਪਣੀ ਜੀਵਨ ਕਥਾ ਲਿਖਣ, ਜਿਸ ਤੋਂ ਆਉਣ ਵਾਲੀ ਨਸਲ ਨੂੰ ਦੇਸ਼-ਭਗਤੀ ਦੀ ਅਗਵਾਈ ਮਿਲ ਸਕੇ।

ਬਾਬਾ ਜੀ ਨੇ ਆਪਣੇ ਜੀਵਨ ਅਤੇ ਦੇਸ਼ ਸੇਵਾ ਨੂੰ ਤੁੱਛ ਗਿਣਦਿਆਂ ਆਪਣਾ ਜੀਵਨ ਲਿਖਣ ਤੋਂ ਨਾਂਹ ਕਰ ਦਿੱਤੀ। ਜਦ ਨੌਜਵਾਨਾਂ ਨੇ ਬਹੁਤੀ ਜ਼ਿੱਦ ਕੀਤੀ ਤਾਂ ਕਹਿਣ ਲੱਗੇ, "ਮੌਤ ਤੋਂ ਪਹਿਲਾਂ ਕਿਸੇ ਦੇ ਜੀਵਨ ਦਾ ਮੁੱਲ-ਅੰਕਣ ਸੰਭਵ ਨਹੀਂ। ਜ਼ਿੰਦਗੀ ਦੇ ਅੰਤਿਮ ਛਿਣਾਂ ਤਕ ਕੀਤੀ ਕੋਈ ਗ਼ਲਤੀ ਅਤੇ ਕਲੰਕ ਸਾਰੇ ਜ਼ੀਵਨ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਲ-ਅੰਕਣ ਲਈ ਦਾਗ਼ਦਾਰ ਹੋ ਸਕਦਾ ਏ।"

ਬਾਬਾ ਜੀ ਦੇ ਇਹ ਸ਼ਬਦ ਉਨ੍ਹਾਂ ਦੇ ਮਹਾਨ ਚਿੰਤਕ ਹੋਣ ਦਾ ਪ੍ਰਮਾਣ ਹਨ। ਵੱਖਰੀ ਗੱਲ ਹੈ ਕਿ ਨੌਜਵਾਨਾਂ ਦੀਆਂ ਦਲੀਲਾਂ, ਜ਼ਿੱਦ ਅਤੇ ਪਿਆਰ ਅੱਗੇ ਬਾਬਾ ਜੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਨੇ 'ਜੀਵਨ ਸੰਗ੍ਰਾਮ' ਨਾਂ ਦੀ ਆਤਮ-ਕਥਾ ਅਤੇ ਕੁਝ ਹੋਰ ਲਿਖਤਾਂ ਦੀ ਰਚਨਾ ਕੀਤੀ ਅਤੇ ਸਭੇ ਲਿਖਤਾਂ ਵਿਚ ਉਨ੍ਹਾਂ ਦੀ ਸ਼ਖ਼ਸ਼ੀਅਤ ਦੇ ਨਕਸ਼ ਝਲਕਾਂ ਮਾਰਦੇ ਹਨ।

ਉਨ੍ਹਾਂ ਨਾਲ ਬਿਤਾਏ ਕੁਝ ਇਕ ਪਲ ਅਤੇ ਅਭੁੱਲ ਯਾਦਾਂ, ਉਨ੍ਹਾਂ ਦੇ ਸੰਗੀਆਂ ਅਤੇ ਸ਼ਰਧਾਲੂਆਂ ਦੇ ਸੀਨਿਆਂ ਵਿਚ ਸਾਂਭੀਆਂ ਪਈਆਂ ਹਨ। ਇਨ੍ਹਾਂ ਨਿੱਕੀਆਂ ਨਿੱਕੀਆਂ ਯਾਦਾਂ ਵਿਚ ਬਾਬਾ ਜੀ ਦੇ ਵਿਅਕਤੀਤਵ ਦਾ ਪ੍ਰਭਾਵ ਗੁੱਝਾ ਪਿਆ ਹੈ। ਛੋਟੀ ਜਿਹੀ ਘਟਨਾ ਦਰਸਾ ਜਾਂਦੀ ਹੈ ਕਿ ਉਹ ਕਿੰਨੇ ਮਹਾਨ ਸਨ। ਪੇਸ਼ ਹਨ ਇਨ੍ਹਾਂ ਘਟਨਾਵਾਂ ਅਤੇ ਯਾਦਾਂ ਦੀ ਪਟਾਰੀ ਦੀਆਂ ਕੁਝ ਹੋਰ ਦਿਲਚਸਪ ਵੰਨਗੀਆਂ :—

## ਗੁਲਾਮੀ ਦੀ ਚੀਸ

ਇਹ ਗੱਲ ਉਦੋਂ ਦੀ ਹੈ, ਜਦੋਂ ਬਾਬਾ ਸੋਹਣ ਸਿੰਘ ਭਕਨਾ ਅਮਰੀਕਾ ਦੀ ਕਿਸੇ ਫੈਕਟਰੀ ਵਿਚ ਨੌਕਰੀ ਕਰਦੇ ਹੁੰਦੇ ਸਨ। ਬਾਬਾ ਜੀ ਨੇ ਭਕਨੇ ਵਿਚ ਆਪਣੇ ਕੋਲ ਬੈਠੇ ਸ਼ਰਧਾਲੂਆਂ ਨੂੰ ਦੱਸਿਆ :—

"ਵੇਲੇ ਕੁਵੇਲੇ ਅਸੀਂ ਅਮਰੀਕਨ ਬੱਚਿਆਂ ਨਾਲ ਪਿਆਰ-ਮੁਹੱਬਤ ਦੀਆਂ ਗੱਲਾਂ ਕਰਿਆ ਕਰਦੇ ਸਾਂ। ਉਨ੍ਹਾਂ ਨੂੰ ਵੀ ਸਾਡੇ ਵਿਚ ਦਿਲਚਸਪੀ ਹੁੰਦੀ ਪਰ ਉਨ੍ਹਾਂ ਦੇ ਮਾਪੇ ਜਦ ਹੀ ਵੇਖਦੇ, ਕਿਸੇ ਨਾ ਕਿਸੇ ਬਹਾਨੇ ਆਵਾਜ਼ ਮਾਰ ਲੈਂਦੇ ਅਤੇ ਬੱਚੇ ਚੱਲੇ ਜਾਂਦੇ। ਸਾਨੂੰ ਬੜਾ ਮਹਿਸੂਸ ਹੁੰਦਾ। ਸਾਡੇ ਮੋਹ-ਚਾਅ ਦੇ ਬਦਲੇ ਉਨ੍ਹਾਂ ਦਾ ਵਿਹਾਰ ਕਿੰਨਾ ਰੁੱਖਾ ਤੇ ਕਠੋਰ ਸੀ। ਅਸੀਂ ਇਕ ਦਿਨ ਇਹੋ ਗੱਲ ਉਨ੍ਹਾਂ ਦੇ ਮਾਪਿਆਂ ਨੂੰ ਕਹੀ।

"ਤੁਸੀਂ ਲੋਕ ਚਿਰਾਂ ਤੋਂ ਗ਼ੁਲਾਮ ਓ। ਅਸੀਂ ਲੋਕ ਨਹੀਂ ਚਾਹੁੰਦੇ ਕਿ ਸਾਡੇ ਬੱਚਿਆਂ 'ਤੇ ਉਸ ਗ਼ੁਲਾਮੀ ਦਾ ਪ੍ਰਭਾਵ ਜਾਂ ਝਲਕ ਕਿਸੇ ਰੂਪ ਵਿਚ ਪਵੇ। ਬੁਰਾ ਨਾ ਮੰਨਣਾ, ਏਸੇ ਲਈ ਚਾਹੁੰਦੇ ਆਂ ਕਿ ਉਹ ਤੁਹਾਡੇ ਸਾਥ ਤੋਂ ਜ਼ਰਾ ਪਰੇਡੇ ਰਹਿਣ।"

ਅਮਰੀਕਨ ਮਾਪਿਆਂ ਨੇ ਗੱਲਾਂ ਗੱਲਾਂ ਵਿਚ ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਇਹ ਕੁਝ ਕਹਿ ਦਿੱਤਾ।

ਇਸ ਘਟਨਾ ਨੇ ਬਾਬਾ ਜੀ ਅਤੇ ਹੋਰਨਾਂ ਸਾਥੀਆਂ ਦੇ ਮਨ 'ਤੇ ਬੜਾ ਅਸਰ ਕੀਤਾ ਅਤੇ ਗੁਲਾਮੀ ਦੀ ਇਹ ਚੋਭ, ਗ਼ਦਰ ਪਾਰਟੀ ਦੀ ਚੀਸ ਦੇ ਰੂਪ ਵਿਚ ਪ੍ਰਗਟ ਹੋਈ।

## ਇੱਜ਼ਤ ਭਰੀ ਪੀੜ

ਅਮਰੀਕੀ ਪ੍ਰਧਾਨ ਵਿਲਸਨ ਦੀ ਤਕਰੀਰ ਹੋ ਰਹੀ ਸੀ। ਲਾਊਡ ਸਪੀਕਰ ਉਦੋਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਸਨ ਹੁੰਦੇ ਅਤੇ ਬਾਬਾ ਜੀ ਵੀ ਹੋਰਨਾਂ ਸਮੇਤ ਭਾਸ਼ਨ ਸੁਣਨ ਗਏ ਹੋਏ ਸਨ। ਪ੍ਰਧਾਨ ਵਿਲਸਨ ਬਹੁਤ ਹੌਲੀ ਹੌਲੀ ਬੋਲ ਰਹੇ ਸਨ ਅਤੇ ਸਾਰਿਆਂ ਨੂੰ ਆਵਾਜ਼ ਠੀਕ ਤਰ੍ਹਾਂ ਨਹੀਂ ਸੀ ਸੁਣ ਰਹੀ। ਬਾਬਾ ਜੀ ਨੇ ਸਿਰ ਇਕ ਪਾਸੇ ਕਰਕੇ ਸੁਣਨ ਦਾ ਯਤਨ ਕੀਤਾ ਤਾਂ ਉਨ੍ਹਾਂ ਦੀ ਪੱਗ ਇਕ ਅਮਰੀਕਰਨ ਔਰਤ ਦੇ ਟੋਪ (ਹੈਟ) ਨੂੰ ਛੂਹ ਗਈ।

ਦੂਰ ਖੜੇ ਇਕ ਸਿਪਾਹੀ ਨੇ ਬਾਬਾ ਜੀ ਨੂੰ ਉਂਗਲ ਨਾਲ ਇਸ਼ਾਰਾ ਕਰਕੇ ਇਸ ਬਾਰੇ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਇਸ਼ਾਰੇ ਨੂੰ ਵੀ ਬਾਬਾ ਜੀ ਨੇ ਨਹੀਂ ਸੀ ਵੇਖਿਆ। ਉਸ ਅਮਰੀਕਨ ਔਰਤ ਨੇ ਸਿਪਾਹੀ ਦਾ ਇਹ ਇਸ਼ਾਰਾ ਵੇਖ ਲਿਆ ਅਤੇ ਟੁੱਟ ਕੇ ਉਸਨੂੰ ਜਾ ਪਈ। ਸਿਪਾਹੀ, ਔਰਤ ਤੋਂ ਮੁਆਫ਼ੀ ਮੰਗ ਰਿਹਾ ਸੀ ਪਰ ਉਹ ਉਸਨੂੰ ਛੱਡ ਨਹੀਂ ਸੀ ਰਹੀ।

ਅਮਰੀਕਨ ਔਰਤ ਕਹਿ ਰਹੀ ਸੀ, "ਤੂੰ ਜੋ ਉਂਗਲ ਨਾਲ ਇਸ਼ਾਰਾ ਕੀਤਾ ਏ, ਇਸ ਨਾਲ ਇਨ੍ਹਾਂ ਦੀ ਨਿਰਾਦਰੀ ਹੋਈ ਏ। ਗੁਲਾਮ ਦੇਸ਼ ਤੋਂ ਆਏ ਨੇ ਤਾਂ ਕੀ ਹੋਇਆ, ਉਹ ਵੀ ਸਾਡੇ ਜਿਹੇ ਇਨਸਾਨ ਨੇ ਅਤੇ ਇਨਸਾਨਾਂ ਨੂੰ ਇਕੋ ਜਿਹੇ ਹੱਕ-ਹਕੂਕ ਹਾਸਲ ਹੁੰਦੇ ਨੇ।"

ਅਤੇ ਆਖ਼ਰ ਉਸਨੇ, ਉਸ ਪੁਲਸੀਏ ਕੋਲੋਂ ਬਾਬਾ ਜੀ ਤੋਂ ਮੁਆਫ਼ੀ ਮੰਗਾ ਕੇ ਛੱਡਿਆ। ਇਸ ਇੱਜ਼ਤ ਭਰੀ ਪੀੜ ਨਾਲ ਬਾਬਾ ਜੀ ਦੀਆਂ ਅੱਖਾਂ ਸਿੰਮ ਪਈਆਂ ਅਤੇ ਉਨ੍ਹਾਂ ਨੂੰ ਦੇਸ਼ ਦੀ ਗੁਲਾਮੀ ਦਾ ਅਹਿਸਾਸ ਹੋਰ ਤਿੱਖਾ ਹੋਇਆ।

## ਕਲਾ ਦੀ ਕੀਮਤ

ਬਾਬਾ ਜੀ ਨੇ ਪੰਜਾਬੋਂ ਇਕਹਿਰੀ ਬੂਟੀ ਦੀਆਂ ਕੁਝ ਫੁਲਕਾਰੀਆਂ ਅਮਰੀਕਾ ਤੋਂ ਮੰਗਵਾਈਆਂ ਅਤੇ ਇਕ ਅਮਰੀਕਨ ਕਲੱਬ ਦੇ ਪ੍ਰਬੰਧਕ ਨੂੰ ਭੇਂਟ ਕੀਤੀਆਂ। ਉਸਨੇ ਇਹ ਅਦੁੱਤੀ ਸੁਗਾਤ ਵਜੋਂ ਚੁੰਮ ਚੁੰਮ ਸੀਨੇ ਲਾਈਆਂ ਅਤੇ ਬਾਬਾ ਜੀ ਦਾ ਧੰਨਵਾਦ ਕੀਤਾ।

ਤਨਖ਼ਾਹ ਵਾਲੇ ਦਿਨ ਬਾਬਾ ਜੀ ਤਨਖ਼ਾਹ ਲੈਣ ਗਏ। ਅਮਰੀਕਨ ਨੇ ਤਨਖ਼ਾਹ ਸਮੇਤ ਹਰੇਕ ਫੁਲਕਾਰੀ ਬਦਲੇ 75 ਰੁਪਏ ਵਾਧੂ ਦਿੱਤੇ, ਜਿਸਦੀ ਮੂਲ ਖਰੀਦ-ਕੀਮਤ ਮਸਾਂ ਬਾਰਾਂ ਆਨੇ ਸੀ। ਤੁੱਛ ਜਿਹੀਆਂ ਚੀਜ਼ਾਂ ਦੀ ਏਨੀ ਕਦਰ-ਕੀਮਤ ਨਾਲ ਬਾਬਾ ਜੀ ਡਾਢੇ ਪ੍ਰਸੰਨ ਹੋਏ। ਅਮਰੀਕਨ ਅਜੇ ਵੀ ਕਹੀ ਜਾ ਰਿਹਾ ਸੀ, "ਸੋਹਣ ਸਿੰਘ, ਕਲਾ ਦੀ ਕੋਈ ਕੀਮਤ ਨਹੀਂ ਦਿੱਤੀ ਜਾ ਸਕਦੀ।"

## ਬੀਬੀ ਵੀਰਾਂ ਦੀ ਸ਼ਾਦੀ

ਬੀਬੀ ਵੀਰਾਂ ਕੌਮਨਿਸਟ ਪਾਰਟੀ ਦੀ ਪੂਰਾ ਸਮਾਂ ਵਰਕਰ, ਸਰਕਲ ਘਰਿੰਡਾ ਨਾਲ ਸੰਬੰਧਤ ਸੀ। ਉਸ ਦਾ ਬਾਬਾ ਜੀ ਨਾਲ ਬੜਾ ਪਿਆਰ ਸੀ। ਉਸ ਦੀ ਸ਼ਾਦੀ ਬਾਬਾ ਜੀ ਨੇ ਆਪਣੇ ਆਸ਼ਰਮ ਵਿਖੇ ਕੇਵਲ 50 ਰੁਪਏ ਦੇ ਖਰਚ ਵਿਚ ਕਰਵਾਈ। ਕੁਲ ਪੰਜ ਬੰਦੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰ ਵਿਚ ਵਿਆਹੁਣ ਆਏ। ਸਾਦੇ ਭੋਜਨ ਨਾਲ ਸਹਿਭੋਜ ਹੋਇਆ। ਕਾਮਰੇਡ ਸੋਤਾ ਸਿੰਘ, ਉਨ੍ਹਾਂ ਦੀ ਸੁਪਤਨੀ, ਕਾਮਰੇਡ ਸਤਪਾਲ ਡਾਂਗ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਬਿਮਲਾ ਡਾਂਗ ਇਸ ਵਿਚ ਸ਼ਰੀਕ ਹੋਏ।

ਬਾਬਾ ਜੀ ਨੂੰ ਇਸਤਰੀ ਜ਼ਾਤੀ ਦੀ ਬੜੀ ਕਦਰ ਸੀ ਅਤੇ ਉਹ ਦਾਜ ਜਿਹੀਆਂ ਕੁਰੀਤੀਆਂ ਨੂੰ ਸਮਾਜ ਦੇ ਮੱਥੇ ਦਾ ਕਲੰਕ ਗਿਣਦੇ ਸਨ। ਇਹ ਉਦਾਹਰਣ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਦੇ ਇਕ ਹੋਣ ਦਾ ਵੀ ਮੂੰਹ ਬੋਲਦਾ ਸਬੂਤ ਹੈ।

## ਮੈਂ ਅੱਜ ਕਾਅਬੇ ਆਇਆਂ !

15 ਨਵੰਬਰ 1959 ਨੂੰ ਜਨਤਾ ਹਾਈ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਸੀ। ਸ੍ਰੀ ਅਮਰ ਨਾਥ ਵਿਦਿਆਅਲੰਕਾਰ, ਤਤਕਾਲੀਨ ਵਿਦਿਆ ਮੰਤਰੀ ਪੰਜਾਬ ਉਚੇਚੇ ਤੌਰ 'ਤੇ ਤਸ਼ਰੀਫ ਲਿਆਏ। ਬਾਬਾ ਸੋਹਣ ਸਿੰਘ ਭਕਨਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

ਪ੍ਰਬੰਧਕਾਂ ਨੇ ਮਹਿਮਾਨਾਂ ਲਈ ਉਚੇਚੀ ਰੋਟੀ ਬਣਵਾਈ ਹੋਈ ਸੀ। ਵਿਦਿਆ ਮੰਤਰੀ ਨੇ ਸਕੂਲ ਦੇ ਹੋਣਹਾਰ ਵਿਦਿਆਰਥੀ ਸਵਰਨ ਸਿੰਘ ਲੱਧੇਵਾਲ ਅਤੇ ਹੋਰਨਾਂ ਨੂੰ ਇਨਾਮ ਵੰਡੇ ਅਤੇ ਸਮਾਗਮ ਮੁੱਕਣ ਉਪਰੰਤ ਬਾਬਾ ਜੀ ਨਾਲ ਹੋ ਤੁਰੇ। ਰੋਟੀ ਲਈ ਤਰਲਾ ਕਰਨ 'ਤੇ ਬੋਲੇ, "ਮੈਂ ਅੱਜ ਕਿਸੇ ਸਮਾਗਮ ਤੇ ਨਹੀਂ, ਕਾਅਬੇ ਆਇਆਂ। ਥਾਲੀ 'ਚ ਮਕੱਈ ਦੀ ਰੋਟੀ ਅਤੇ ਦੇਸੀ ਘਿਓ ਵਾਲਾ ਸਰ੍ਹੋਂ ਦਾ ਸਾਗ ਖਾਵਾਂਗਾ।"

ਏਨਾ ਕਹਿੰਦਿਆਂ ਉਹ ਘਰ ਨੂੰ ਤੁਰੇ ਜਾਂਦੇ ਬਾਬੇ ਜੀ ਮਗਰ ਹੋ ਤੁਰੇ ਅਤੇ ਦੇਸ਼ਭਗਤ ਬਾਬੇ ਦੇ ਘਰ ਦੀ ਰੋਟੀ ਬੜੇ ਚਾਅ ਸੁਆਦ ਨਾਲ ਖਾਧੀ।

## ਮਜ਼ਦੂਰ ਦੀ ਮਜ਼ਦੂਰੀ

ਜਨਤਾ ਸਕੂਲ ਵਿਚ ਨਵੇਂ ਆਏ ਡਰਾਇੰਗ ਮਾਸਟਰ ਸ, ਜਰਨੈਲ ਸਿੰਘ ਇਮਾਰਤ-ਸਾਜ਼ੀ ਅਤੇ ਲੱਕੜ ਆਦਿ ਦੇ ਨਿਪੁੰਨ ਕਾਰੀਗਰ ਸਨ। ਇਕ ਦਿਨ ਬਾਬਾ ਜੀ ਨੇ ਉਨ੍ਹਾਂ ਨੂੰ ਕਿਹਾ, "ਮਾਸਟਰ ਜੀ, ਲੱਕੜੀ ਦਾ ਫਾਟਕ ਟੁੱਟ ਗਿਆ ਏ। ਖੇਚਲ ਕਰਕੇ ਉਹਦੀ ਮੁਰੰਮਤ ਕਰ ਦਿਓ।"

ਉਨ੍ਹਾਂ ਦੇ ਨਿਵਾਸ ਸਥਾਨ ਦੀ ਸੇਵਾ ਕਰਨ ਨੂੰ ਮਾਸਟਰ ਜੀ ਨੇ ਸੁਭਾਗ ਜਾਣਿਆ ਅਤੇ ਫਾਟਕ ਮੁਰੰਮਤ ਕਰ ਦਿਤਾ। ਨੁਕਸ ਮਾਮੂਲੀ ਸੀ। ਐਵੇਂ ਦੋ ਚਾਰ ਕਿੱਲ ਤੇ ਇਕ ਫੱਟੀ ਲਾਉਣੀ ਪਈ। ਕੰਮ ਹੋ ਗਿਆ ਤਾਂ ਬਾਬਾ ਜੀ ਨੇ ਪੁੱਛਿਆ, "ਕਿੰਨੇ ਪੈਸੇ ਦਿਆਂ ?"

ਮਾਸਟਰ ਜੀ ਨੇ ਇੰਨੇ ਥੋੜ੍ਹੇ ਕੰਮ ਲਈ ਮਿਹਨਤ ਮੰਗਣ ਦੀ ਗੱਲ ਨੂੰ ਘਟੀਆ ਜਾਣਕੇ ਬਾਬਾ ਜੀ ਨੂੰ ਉੱਤਰ ਦਿਤਾ, "ਬਾਬਾ ਜੀ, ਮੈਨੂੰ ਕੋਈ ਪੈਸਾ ਨਹੀਂ ਚਾਹੀਦਾ। ਮੈਨੂੰ ਤਾਂ ਖੁਸ਼ੀ ਏ ਬਈ ਮਹਾਂਪੁਰਸ਼ਾਂ ਦੀ ਸੇਵਾ ਦਾ ਮੌਕਾ ਮਿਲਿਆ।"



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮਜ਼ਦੂਰ ਦੀ ਮਜ਼ਦੂਰੀ, ਉਹਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲਣੀ ਚਾਹੀਦੀ ਏ," ਬਾਬਾ ਜੀ ਨੇ ਗੰਭੀਰ ਹੁੰਦਿਆਂ ਕਿਹਾ ਤੇ ਮਾਸਟਰ ਜੀ ਨੂੰ ਜ਼ਰਾ ਰੁੱਕਣ ਦਾ ਇਸ਼ਾਰਾ ਕਰਕੇ ਅੰਦਰ ਚਲੇ ਗਏ।

ਅੰਦਰੋਂ ਕੱਪੜੇ ਵਿਚ ਛੱਲੀਆਂ ਦੀ ਝੋਲ ਭਰ ਲਿਆਏ ਅਤੇ ਮਾਸਟਰ ਜੀ ਨੂੰ ਦਿੰਦੇ ਹੋਏ ਬੋਲੇ, "ਵਗਾਰ ਕਰਾਉਣੀ ਇਨਸਾਨੀ ਜੁਰਮ ਐ। ਪੈਲੇਸ ਨਹੀਂ ਤਾਂ ਆਹ ਛੱਲੀਆਂ ਲੈ ਜਾਓ। ਬੱਚੇ, ਦੋ ਦਿਨ ਦਾਣੇ ਭੁੰਨਾਅ ਲੈਣਗੇ।"

## ਨੌਕਰ ਨਹੀਂ ਮਾਲਕ ਬਣ ਕੇ

ਜਨਤਾ ਸਕੂਲ ਵਿਚ ਉਦੋਂ ਰੇਸ਼ਮ ਦੇ ਕੀੜੇ ਪਾਲਣ ਦਾ ਧੰਦਾ ਚਲ ਰਿਹਾ ਸੀ। ਇਸ ਧੰਦੇ ਤੋਂ ਹੋਈ ਆਮਦਨ ਸਕੂਲ ਖਰਚ ਨੂੰ ਘੱਟ ਕਰਨ ਵਿਚ ਮਦਦਗਾਰ ਬਣਦੀ ਸੀ। ਪਾਂਧੀ ਸਤਿਨਾਮ ਸਿੰਘ, ਭਾਈ ਹਜ਼ਾਰਾ ਸਿੰਘ ਅਤੇ ਮਾਸਟਰ ਜਰਨੈਲ ਸਿੰਘ, ਛੁੱਟੀ ਤੋਂ ਬਾਅਦ ਸ਼ਹਿਤੂਤਾਂ ਵੱਲ ਆ ਜਾਂਦੇ ਅਤੇ ਉਨ੍ਹਾਂ ਦੇ ਪੱਤੇ ਕੁੱਤਰ ਕੁੱਤਰ ਕੇ ਰੇਸ਼ਮ ਦੇ ਕੀੜਿਆਂ ਨੂੰ ਪਾਉਂਦੇ। ਬਾਬਾ ਜੀ ਵੀ ਉਨ੍ਹਾਂ ਦੇ ਨਾਲ ਹੀ ਆ ਬਹਿੰਦੇ ਅਤੇ ਆਪਣੇ ਜੀਵਨ ਦੀਆਂ ਕਹਾਣੀਆਂ ਸੁਣਾ ਸੁਣਾ ਸਾਥੀ ਕਾਮਿਆਂ ਦਾ ਮਨ ਪ੍ਰਚਾਈ ਰੱਖਦੇ।

ਬਾਬਾ ਜੀ ਸਾਂਝੇ ਕਾਰਜ ਦੇ ਇਸ ਅਨੂਠੇ ਸੁਆਦ ਵਿਚ ਮਗਨ ਹੋਏ ਅਕਸਰ ਕਿਹਾ ਕਰਦੇ ਸਨ, "ਜਿਥੇ ਕਿਥੇ ਵੀ ਆਂ, ਨੌਕਰ ਨਹੀਂ ਮਾਲਕ ਬਣਕੇ, ਜਦੋਂ ਤਕ ਕੰਮ ਨਹੀਂ ਕਰਦੇ, ਘਰ ਅਤੇ ਦੇਸ਼ ਦੀ ਖੁਸ਼ਹਾਲੀ ਸੰਭਵ ਨਹੀਂ ਹੋ ਸਕਦੀ।"

## ਸੱਚ ਕਹਿਣ ਦਾ ਇਨਾਮ

ਸਕੂਲ ਦੀ ਪ੍ਰਾਰਥਨਾ ਸਮੇਂ ਬਾਬਾ ਜੀ ਅਕਸਰ ਹੀ ਆਇਆ ਕਰਦੇ ਸਨ ਅਤੇ ਬੱਚਿਆਂ ਨੂੰ ਚੰਗੇ ਇਖ਼ਲਾਕ ਅਤੇ ਦੇਸ਼ ਭਗਤੀ ਦੀ ਸਿੱਖਿਆ ਦੇਂਦੇ ਰਹਿੰਦੇ ਸਨ। ਬੱਚਿਆਂ ਤੇ ਉਨ੍ਹਾਂ ਦੀ ਕਹਿਣੀ ਕਰਨੀ ਦਾ ਅਸਰ ਪ੍ਰਤੱਖ ਰੂਪ ਵਿਚ ਉੱਘੜਦਾ ਪ੍ਰਤੀਤ ਹੁੰਦਾ ਸੀ।

ਮਹਿੰਦਰ ਨਾਂ ਦੇ ਇਕ ਮੁੰਡੇ ਨੇ ਕਿਸੇ ਤੋਂ ਕੋਈ ਕਿਤਾਬ ਮੁੱਲ ਲਈ। ਕਿਤਾਬ ਵਿਚੋਂ ਉਸ ਨੂੰ 200 ਰੁਪਏ ਰੱਖੇ ਹੋਏ ਮਿਲੇ। ਉਸ ਨੇ ਇਹ ਰੁਪਏ ਪਾਂਧੀ ਜੀ ਨੂੰ ਲਿਆ ਫੜਾਏ। ਬਾਬਾ ਜੀ ਨੂੰ ਪਤਾ ਲੱਗਾ ਤਾਂ ਅਗਲੀ ਸਵੇਰ ਉਚੇਚੇ ਸਕੂਲ ਦੀ ਪ੍ਰਾਰਥਨਾ ਸਮੇਂ ਆਏ।

ਬਾਬਾ ਜੀ ਬੜੇ ਖੁਸ਼ ਹੋਏ ਉਨ੍ਹਾਂ ਨੇ ਸਾਰੇ ਬੱਚਿਆਂ ਸਾਹਮਣੇ ਮਹਿੰਦਰ ਦੀ ਖੂਬ ਪ੍ਰਸੰਸਾ ਕੀਤੀ ਅਤੇ ਪੰਜ ਰੁਪਏ ਇਨਾਮ ਵਜੋਂ ਵੀ ਦਿਤੇ। ਫਿਰ ਜਿਸਤੋਂ ਕਿਤਾਬ ਲਈ ਗਈ ਸੀ, ਉਸਦੇ ਘਰਦਿਆਂ ਨੂੰ ਬੁਲਾਇਆ ਅਤੇ ਰੁਪਏ ਵਾਪਸ ਦੇ ਦਿਤੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਆਜ਼ਾਦੀ ਜਾਨਾਂ ਦੇ ਕੇ ਲਈ

ਸਕੂਲ ਦੀ ਪ੍ਰਾਰਥਨਾ-ਸਭਾ ਵਿਚ ਉਨ੍ਹਾਂ ਦੇ ਬੋਲਣ ਦਾ ਵਿਸ਼ਾ ਆਮ ਤੌਰ 'ਤੇ ਸੱਚ ਬੋਲੋ, ਨੇਕ ਬਣੋ, ਦੁੱਖੀਆਂ ਦੀ ਸੇਵਾ ਕਰੋ ਅਤੇ ਵਿਸ਼ੇਸ਼ ਤੌਰ 'ਤੇ ਦੇਸ਼ ਸੇਵਾ ਹੁੰਦਾ। ਕਈ ਵਾਰ ਕਿਸੇ ਘਟਨਾ ਜਾਂ ਵਿਚਾਰ ਦੇ ਅਸਰ ਹੇਠ ਆ ਕੇ ਉਹ ਜਜ਼ਬਾਤੀ ਹੋ ਜਾਂਦੇ ਅਤੇ ਕਿੰਨਾ ਕਿੰਨਾ ਚਿਰ ਉਸੇ ਮਜ਼ਬੂਨ ਤੇ ਬੋਲਦੇ ਰਹਿੰਦੇ। ਕਈ ਵਾਰ ਏਦਾਂ ਵੀ ਹੁੰਦਾ ਕਿ ਦੋ ਚਾਰ ਸ਼ਬਦਾਂ ਵਿਚ ਆਪਣੀ ਗੱਲ ਕਹਿਕੇ ਤੁਰਦੇ ਬਣਦੇ ਅਤੇ ਉਨ੍ਹਾਂ ਦੀ ਕਹੀ ਹੋਈ ਗੱਲ ਵਿਚ ਅਮਰ ਸਚਾਈ ਅਤੇ ਅਨਮੋਲ ਵਿਚਾਰ ਛੁਪਿਆ ਹੁੰਦਾ।

ਇਕ ਦਿਨ ਦੇਸ਼ ਭਗਤਾਂ ਦੀਆਂ ਗੱਲਾਂ ਕਰਦੇ ਕਰਦੇ ਇਕਦਮ ਭਾਵਕ ਹੋ ਗਏ ਅਤੇ ਏਦਾਂ ਦੀ ਅਵਸਥਾ ਵਿਚ ਆਦਤ ਅਨੁਸਾਰ ਉਚੀ ਆਵਾਜ਼ ਵਿਚ ਬੋਲੇ, "ਆਜ਼ਾਦੀ ਬੜੀਆਂ ਕੁਰਬਾਨੀਆਂ ਨਾਲ ਮਿਲੀ ਏ ; ਕੀਮਤੀ ਜਾਨਾਂ ਦੀ ਆਹੂਤੀ ਦੇ ਕੇ ਲਈ ਏ ; ਹਜ਼ਾਰਾਂ ਸੰਗਰਾਮੀਆਂ ਨੇ ਤਨ ਤੇ ਤਸੀਹੇ ਝੱਲ ਕੇ ਲਿਆਂਦੀ ਏ, ਨਿਰੇ ਚਰਖੇ ਕੱਤ ਕੇ ਨਹੀਂ ਮਿਲੀ।"

ਅਤੇ ਉਹ ਕਾਫੀ ਕੁਝ ਕਹਿਣੋਂ ਰੁਕਦੇ ਹੋਏ ਕਾਹਲੇ ਕਾਹਲੇ ਕਦਮੀਂ ਆਪਣੇ ਆਸ਼ਰਮ ਵੱਲ ਚੱਲੇ ਗਏ।

## ਨਹਿਰੂ ਸਾਡਾ ਆਪਣਾ ਸੀ

ਰਾਜਨੀਤਕ ਮਤਭੇਦਾਂ ਦੇ ਬਾਵਜੂਦ ਬਾਬਾ ਸੋਹਣ ਸਿੰਘ ਭਕਨਾ ਵਿਸ਼ਾਲ ਹਿਰਦੇ ਅਤੇ ਨਿਰਪੱਖ ਵਿਚਾਰਧਾਰਾ ਦੀ ਮੂਰਤ ਸਨ। ਉਹ ਕਿਹਾ ਕਰਦੇ, "ਕੁਝ ਵੀ ਹੋਈਏ, ਸਭ ਤੋਂ ਪਹਿਲਾਂ ਅਸੀਂ ਇਨਸਾਨ ਹਾਂ।"

27 ਮਈ 1964 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਕਾਲਵਾਸ ਹੋ ਗਏ। ਇਹ ਖ਼ਬਰ ਜਦੋਂ ਬਾਬਾ ਜੀ ਨੇ ਸੁਣੀ ਤਾਂ ਉਹ ਵੀ ਬਹੁਤ ਭਾਵੁਕ ਹੋ ਗਏ। ਉਨ੍ਹਾਂ ਨੇ ਉਸੇ ਸ਼ਾਮ ਪਿੰਡ ਵਿਚ ਸੋਗ ਸਮਾਗਮ ਦਾ ਪ੍ਰਬੰਧ ਕੀਤਾ ਅਤੇ ਇਲਾਕੇ ਦੇ ਲੋਕਾਂ ਨਾਲ ਇਸ ਘਟਨਾ ਦਾ ਦੁੱਖ ਸਾਂਝਾ ਕੀਤਾ।

ਭਕਨੇ ਵਿਚ ਹੋਏ ਇਸ ਪਬਲਿਕ ਜਲਸੇ ਵਿਚ ਬਾਬਾ ਜੀ ਨੇ ਕਿਹਾ, "ਨਹਿਰੂ ਦੀ ਮੌਤ ਦਾ ਸਾਨੂੰ ਸਭ ਨੂੰ ਦੁੱਖ ਏ। ਇਸ ਲਈ ਨਹੀਂ ਕਿ ਉਹ ਸਾਡੇ ਪਿੰਡ ਦਾ ਸੀ, ਪ੍ਰਾਂਤ ਜਾਂ ਦੇਸ਼ ਦਾ ਸੀ। ਉਹ ਸਭਨਾਂ ਆਜ਼ਾਦੀ ਘੁਲਾਟੀਆਂ ਦਾ ਇਕ ਨੁਮਾਇੰਦਾ ਸੀ ਅਤੇ ਦੇਸ਼ ਭਗਤੀ ਦੇ ਜਜ਼ਬੇ 'ਚੋਂ ਨਿਖਰਿਆ ਪ੍ਰਧਾਨ ਮੰਤਰੀ ਸੀ।

...ਅਸੀਂ ਨਹਿਰੂ ਨੂੰ ਵੰਗਾਰ ਕੀਤੀ ਸੀ ਕਿ ਨਹਿਰੂ ਜੀ ਸਾਰੇ ਦੇਸ਼ ਨੂੰ ਆਨੰਦ ਭਵਨ ਬਣਾ ਦਿਓ। ਬੇਸ਼ਕ ਸਾਡੀਆਂ ਆਸਾਂ ਦਾ ਦੇਸ਼ ਨਹੀਂ ਬਣ ਸਕਿਆ, ਪਰ ਜੋ ਕੁਝ ਬਣਿਐ ਉਹ ਨਹਿਰੂ ਨੇ ਬਣਾਇਆ। ਉਹ ਸਾਡਾ ਸਭ ਦਾ ਆਪਣਾ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਅਹੁ ਨੇ ਮੇਰੇ ਤਿੰਨ ਸੌ ਬੱਚੇ

ਇਕ ਵਾਰ ਕਿਸੇ ਦੇਸ਼ ਦਾ ਰਾਜਦੂਤ ਬਾਬਾ ਜੀ ਦੇ ਆਸ਼ਰਮ ਵਿਚ ਉਨ੍ਹਾਂ ਨੂੰ ਮਿਲਣ ਆਇਆ। ਬਾਬਾ ਜੀ ਦੇ ਬੁਢਾਪੇ ਅਤੇ ਸਾਦਗੀ ਭਰੇ ਇਕਾਂਤ-ਜੀਵਨ ਵੱਲ ਤੱਕਦਿਆਂ ਪੁੱਛ ਬੈਠਾ, "ਤੁਹਾਡਾ ਪਰਿਵਾਰ ! ਬਾਬਾ ਜੀ, ਤੁਹਾਡੇ ਬਾਲ-ਬੱਚੇ ?"

ਬਾਬਾ ਜੀ ਨੇ ਸਹਿਜ ਸੁਭਾਅ ਜੁਆਬ ਦਿੱਤਾ, "ਤਿੰਨ ਸੌ।"

ਰਾਜਦੂਤ ਇਹ ਸੁਣ ਕੇ ਬੜਾ ਹੈਰਾਨ ਹੋਇਆ ਅਤੇ ਦੁਬਾਰਾ ਪੁੱਛਣ 'ਤੇ ਬਾਬਾ ਜੀ ਨੇ ਸਾਹਮਣੇ ਸਕੂਲ ਵੱਲ ਇਸ਼ਾਰਾ ਕਰਦਿਆਂ ਕਿਹਾ, "ਅਹੁ ਸਾਹਮਣੇ ਸਕੂਲ ਵਿਚ ਪੜ੍ਹਦੇ ਨੇ, ਮੇਰੇ ਤਿੰਨ ਸੌ ਬੱਚੇ !"

ਰਾਜਦੂਤ ਬਾਬਾ ਜੀ ਦੀ ਇਹ ਗੱਲ ਸੁਣਕੇ ਬੜਾ ਪ੍ਰਭਾਵਤ ਹੋਇਆ ਕਿ ਉਹ ਨਿਰ-ਸੰਤਾਨ ਹੁੰਦੇ ਹੋਏ, ਦੇਸ਼ ਦੇ ਬੱਚਿਆਂ ਨੂੰ ਆਪਣੀ ਸੰਤਾਨ ਸਮਝਦੇ ਸਨ।

## ਅਸੀਂ ਤਰਸਦੇ ਮਰ ਚੱਲੇ...

ਇਕ ਵਾਰ ਬਾਬਾ ਜੀ ਨੇ ਰੂਸੀ ਇਨਕਲਾਬ ਦੀ ਵਰ੍ਹੇ ਗੰਢ 'ਤੇ ਲੈਨਿਨ ਬਾਰੇ ਸ਼ਰਧਾਂਜਲੀ-ਲੇਖ ਲਿਖਿਆ ; ਉਸ ਦੇ ਸੇਵਾ ਫਲ ਵਜੋਂ ਰੂਸੀ ਦੂਤਘਰ ਤੋਂ, ਉਹਨਾਂ ਨੂੰ 300 ਰੁਪਏ ਮਨੀਆਰਡਰ ਵਿੱਚ ਪਹੁੰਚ ਗਏ। ਬਾਬਾ ਜੀ ਨੇ ਇਹ ਪੈਸੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ, "ਆਪਣੇ ਇਨਕਲਾਬੀ ਸਾਥੀ ਦੀ ਸ਼ਰਧਾਂਜਲੀ ਬਦਲੇ ਮੈਂ ਕੋਈ ਪੈਸਾ ਨਹੀਂ ਲੈ ਸਕਦਾ। ਉਹ ਸਾਡਾ ਮਿੱਤਰ ਸੀ, ਜਿਸ ਨੇ ਆਪਣੇ ਦੇਸ਼ ਨੂੰ ਸਵਰਗ ਬਣਾਉਣ ਦਾ ਸੁਪਨਾ ਪੂਰਾ ਕੀਤਾ। ਉਹ ਸੁਪਨਾ, ਜਿਸ ਨੂੰ ਅਸੀਂ ਤਰਸਦੇ ਮਰ ਚੱਲੇ ਆਂ।"

ਅਤੇ ਮੋੜਵੀਂ ਟਿੱਪਣੀ ਨਾਲ ਉਹ ਮਨੀਆਰਡਰ ਫਿਰ ਉਹਨਾਂ ਨੂੰ ਪਰਤ ਆਇਆ ਕਿ ਅਜਿਹੀ ਰਕਮ ਰੂਸੀ ਦੂਤਘਰ ਕਿਸੇ ਖਾਤੇ ਵਿਚ ਵਾਪਸ ਪਾਉਣ ਲਈ ਤਿਆਰ ਨਹੀਂ ਤੇ ਬਾਬਾ ਜੀ ਇਹਨਾਂ ਪੈਸਿਆਂ ਦਾ ਜੋ ਮਰਜ਼ੀ ਕਰਨ।

ਬਾਬਾ ਜੀ ਨੇ ਸਕੂਲ ਦੇ ਗਰੀਬ ਬੱਚਿਆਂ ਨੂੰ ਚੁਣਿਆ ਅਤੇ ਉਨ੍ਹਾਂ ਨੂੰ 300 ਰੁਪਏ ਦੇ ਬਰਦੀਆਂ-ਬੂਟ ਆਦਿ ਲੈ ਦਿੱਤੇ।

## ਲੋਹੜੀ ਵਿਚ ਮੱਝ ਦੇ ਦਿਓ

ਬਾਬਾ ਸੋਹਣ ਸਿੰਘ ਭਕਨਾ ਨੇ ਜ਼ਮੀਨ ਅਤੇ ਹਜ਼ਾਰਾਂ ਰੁਪਏ ਦਾ ਦਾਨ ਦੇ ਕੇ 'ਜਨਤਾ ਹਾਈ ਸਕੂਲ ਭਕਨਾ' ਦਾ ਨਿਰਮਾਣ ਕਰਵਾਇਆ ਸੀ। ਉਸ ਦੀ ਹੋਰ ਉਸਾਰੀ, ਅਧਿਆਪਕਾਂ ਦੀਆਂ ਤਨਖ਼ਾਹਾਂ ਅਤੇ ਹੋਰ ਖ਼ਰਚ ਤੋਰਨ ਲਈ ਸਕੂਲ ਦੇ ਅਧਿਆਪਕ ਤੇ ਬੱਚੇ ਵੀ ਕਈ ਯਤਨ ਕਰਦੇ।

ਜਨਤਾ ਸਕੂਲ ਦੇ ਪੁਰਾਣੇ ਵਿਦਿਆਰਥੀ (ਹੁਣ ਅਧਿਆਪਕ) ਸ: ਗਿਆਨ ਸਿੰਘ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸਦੇ ਹਨ ਕਿ ਇਕ ਵਾਰ ਉਸ ਵੇਲੇ ਦੇ ਮੁੱਖ ਅਧਿਆਪਕ ਸੁਜਾਨ ਸਿੰਘ (ਜੋ ਬਾਅਦ ਵਿਚ ਪ੍ਰਿੰਸੀਪਲ ਰਹੇ ਅਤੇ ਪੰਜਾਬੀ ਕਹਾਣੀ ਦੇ ਪ੍ਰਮੁੱਖ ਕਹਾਣੀਕਾਰ ਹਨ) ਨੇ ਬੱਚਿਆਂ ਨੂੰ ਨਾਲ ਲਿਆ ਅਤੇ ਸਕੂਲ ਲਈ, ਘਰੋ ਘਰੀ ਲੋਹੜੀ ਮੰਗਣ ਤੁਰੇ।

ਸਭ ਤੋਂ ਪਹਿਲਾਂ ਉਹ ਬਾਬਾ ਜੀ ਦੇ ਆਸ਼ਰਮ ਗਏ। ਉਸੇ ਵੇਲੇ ਬਾਬਾ ਜੀ ਨੇ ਮਾਤਾ ਜੀ ਨੂੰ ਆਪਣੇ ਕੋਲ ਬੁਲਾਇਆ ਤੇ ਪੁੱਛਿਆ, "ਘਰ ਵਿਚ ਤੁਹਾਨੂੰ ਕਿਹੜੀ ਚੀਜ਼ ਸਭ ਤੋਂ ਚੰਗੀ ਲੱਗਦੀ ਏ ?"

ਮਾਤਾ ਜੀ ਨੇ ਵਿਹੜੇ ਵਿਚ ਬੱਝੀ ਸਭ ਤੋਂ ਪਿਆਰੀ ਮੱਝ ਵੱਲ ਇਸ਼ਾਰਾ ਕੀਤਾ ਤਾਂ ਬਾਬਾ ਜੀ ਕਹਿਣ ਲੱਗੇ, "ਘਰ ਦੀ ਕਿਸੇ ਚੀਜ਼ ਨਾਲੋਂ, ਸਕੂਲ ਕਿਤੇ ਚੰਗਾ ਹੁੰਦਾ ਏ; ਜਿਥੇ ਬੱਚਿਆਂ ਦੀ ਜ਼ਿੰਦਗੀ ਬਣਦੀ ਏ! ਇਹ ਮੱਝ ਸਕੂਲ ਨੂੰ ਦਾਨ ਦੇਣ ਲਈ ਖੋਲ੍ਹ ਦਿਓ!"

ਮਾਤਾ ਜੀ ਨੇ ਮੱਝ ਕਿੱਲੇ ਤੋਂ ਖੋਲ੍ਹੀ ਤੇ ਲੋਹੜੀ ਮੰਗਣ ਵਾਲਿਆਂ ਨੂੰ ਫੜ੍ਹਾ ਦਿੱਤੀ। ਇਸ ਨੂੰ ਵੇਚ ਕੇ ਉਹਨਾਂ ਮਿਲੀ ਹੋਈ ਰਕਮ ਸਕੂਲ ਦੇ ਫੰਡ ਵਿਚ ਜਮ੍ਹਾਂ ਕਰ ਲਈ।

## ਲੋਕਾਂ ਜਿਹੀਆਂ ਝੁੱਗੀਆਂ 'ਚ ਰਹਿਣਾ

ਇਕ ਵਾਰ ਬਾਬਾ ਜੀ ਨੇ ਆਪਣੇ ਕੱਚੇ ਘਰ ਨੂੰ ਢਾਹ ਕੇ ਨਵੇਂ ਮਕਾਨ ਬਣਾਉਣ ਬਾਰੇ ਸੋਚਿਆ। ਇਕ ਦਿਨ ਉਹ ਪਿੰਡ ਦੇ ਮਿਸਤਰੀਆਂ ਨੂੰ ਨਾਲ ਲੈ ਕੇ ਗਾਡਰ ਆਦਿ ਲੈਣ ਸ਼ਹਿਰ ਨੂੰ ਚੱਲ ਪਏ। ਰਾਹ ਵਿਚ ਟੱਪਰੀਵਾਸਾਂ ਦੀਆਂ ਟੱਪਰੀਆਂ ਵੇਖ ਕੇ ਉਹਨਾਂ ਦਾ ਮਨ ਪਸੀਜ ਗਿਆ। ਸ਼ਹਿਰ ਤਾਂ ਪਹੁੰਚੇ ਪਰ ਉਥੋਂ ਗਾਡਰਾਂ ਆਦਿ ਦੀ ਥਾਂ ਬਾਂਸ ਅਤੇ ਸਿਰਕੀਆਂ ਲੈ ਕੇ ਮੁੜੇ। ਮਿਸਤਰੀ ਹੈਰਾਨ-ਪਰੇਸ਼ਾਨ ਸਨ। ਬਾਬਾ ਜੀ ਨੇ ਗਰੀਬਾਂ ਦੀ ਦਸ਼ਾ ਦਾ ਬਿਆਨ ਅਜਿਹਾ ਭਾਵੁਕ ਉੱਤਰ ਦਿੱਤਾ ਕਿ ਉਨ੍ਹਾਂ ਦੀ ਤਸੱਲੀ ਹੋ ਗਈ। ਫਿਰ ਇਹਨਾਂ ਝੁੱਗੀਆਂ ਜਿਹੇ ਮਕਾਨ ਵਿਚ ਹੀ ਉਹ ਅੰਤਲੇ ਪਲਾਂ ਤੱਕ ਰਹੇ। ਕੋਈ ਪੁੱਛਦਾ ਤਾਂ ਕਹਿੰਦੇ, "ਅਜੇ ਮੇਰੇ ਦੇਸ਼ ਦੀ ਜਨਤਾ ਨੂੰ ਚੱਜ ਨਾਲ ਰਹਿਣ ਜੋਗੇ ਮਕਾਨ ਨਹੀਂ ਜੁੜੇ। ਮੇਰੀ ਦੇਸ਼ ਭਗਤੀ ਕਾਹਦੀ ਏ; ਮੈਨੂੰ ਆਲੀਸ਼ਾਨ ਘਰ ਵਿਚ ਰਹਿਕੇ ਲਾਜ ਨਹੀਂ ਆਏਗੀ ?"

## ਬਿਨਾਂ ਘੋੜੀਓਂ ਜੰਞ

ਕਾਮਰੇਡ ਮੋਹਨ ਸਿੰਘ ਜੰਡਿਆਲਾ (ਲਾਹੌਰ) ਦਾ ਰਿਸ਼ਤਾ, ਉਨ੍ਹਾਂ ਦੀ ਭੂਆ ਬਿਸ਼ਨ ਕੌਰ (ਸੁਪਤਨੀ ਬਾਬਾ ਸੋਹਣ ਸਿੰਘ ਭਕਨਾ) ਨੇ ਭਕਨੇ ਨੇੜਲੇ ਪਿੰਡ ਹੁਸ਼ਿਆਰ ਨਗਰ ਕਰਵਾਇਆ। ਕਾਮਰੇਡ ਜੰਡਿਆਲਾ ਦੀ ਮੰਗੇਤਰ ਬੀਬੀ ਸ਼ਾਮ ਕੌਰ ਸੀ, ਜਿਸਨੇ ਬਾਬੇ ਜੀ ਵੱਲੋਂ ਭਕਨੇ ਵਿਚ ਚਲਾਏ ਕੁੜੀਆਂ ਦੇ ਸਕੂਲ ਵਿਚ ਇਕ ਸਾਲ ਲਾਇਆ।

ਕਾਮਰੇਡ ਜੰਡਿਆਲਾ ਦੇ ਫੁੱਫੜ (ਬਾਬਾ ਭਕਨਾ) ਨੇ ਸ਼ਾਦੀ ਵਿਚ ਉਚੇਚਾ ਦਖ਼ਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ। ਲਾੜੇ ਨੂੰ ਖੱਦਰ ਦੇ ਕੱਪੜੇ ਪੁਆਏ ਗਏ ਅਤੇ ਸਾਰੀ ਜੰਞ ਬਿਨਾਂ ਘੋੜੀਓਂ ਹੁਸ਼ਿਆਰ ਨਗਰ ਢੁਕਾਈ ਗਈ।

## ਦੇਸ਼ਭਗਤੀ ਦੀ ਕਸੌਟੀ

ਅਜੋਕੇ ਰਾਜਨੀਤਕਾਂ ਬਾਰੇ ਗੱਲ ਚੱਲਦੀ ਤਾਂ ਬਾਬਾ ਜੀ ਅਕਸਰ ਭਾਵੁਕ ਹੋਏ ਕਹਿ ਉਠਦੇ, "ਸੱਚੀ ਦੇਸ਼ਭਗਤੀ ਵਿਚ ਕੁਝ ਲੁਟਾਇਆ ਤਾਂ ਜਾ ਸਕਦਾ ਏ, ਬਣਾਇਆ ਨਹੀਂ ਜਾ ਸਕਦਾ। ਕੋਠੀਆਂ ਫਾਰਮ ਨਹੀਂ ਬਣ ਸਕਦੇ। ਦੌਲਤਾਂ ਦੇ ਅੰਬਾਰ ਨਹੀਂ ਲੱਗ ਸਕਦੇ। ਜੇ ਕੋਈ ਰਾਜਨੀਤਕ ਅਜਿਹਾ ਕਰਦਾ ਏ ਤਾਂ ਉਸਦੀ ਦੇਸ਼ਭਗਤੀ ਅਤੇ ਲੀਡਰਸ਼ਿਪ ਸ਼ੱਕ ਰਹਿਤ ਨਹੀਂ ਹੋ ਸਕਦੀ।"

ਪਰ ਬਾਬਾ ਜੀ ਦੀ ਦੇਸ਼ਭਗਤੀ ਦਾ ਪ੍ਰਮਾਣ ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ ਕਿ ਏਸੇ ਲਗਨ ਕਾਰਨ ਉਨ੍ਹਾਂ ਦਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਕੋਈ ਸੰਤਾਨ ਵੀ ਨਾ ਪੈਦਾ ਹੋਈ। ਬਾਹਰ ਅਤੇ ਘਰ ਦੀ ਜ਼ਮੀਨ-ਆਮਦਨ ਵਤਨ ਲੇਖੇ ਲੱਗ ਗਈ। ਸਰ ਛੋਟੂ ਰਾਮ ਦੇ ਬਣਾਏ ਕਾਨੂੰਨ ਮੁਤਾਬਕ ਜੇਕਰ ਉਨ੍ਹਾਂ ਨੂੰ ਆਪਣੀ ਗਹਿਣੇ ਪਈ ਜ਼ਮੀਨ ਵਾਪਸ ਨਾ ਮਿਲਦੀ ਤਾਂ ਉਨ੍ਹਾਂ ਨੂੰ ਸ਼ਾਇਦ ਆਪਣਾ ਘਰ ਕੁੱਲਾ ਵੀ ਨਸੀਬ ਨਾ ਹੁੰਦਾ।

## ਕਾਹਦੀ ਦੇਸ਼ਭਗਤੀ ਏ

ਇਹ ਗੱਲ ਜਨਤਾ ਸਕੂਲ ਦੇ ਸਰਕਾਰੀ ਹੋਣ ਤੋਂ ਬਾਅਦ ਦੀ ਹੈ। ਬਾਬਾ ਜੀ ਸ਼ਨੀ-ਚਰਵਾਨ ਦੀ ਸਕੂਲ ਬਾਲ-ਸਭਾ ਵਿਚ ਕਦੇ ਕਦਾਈਂ ਆ ਜਾਇਆ ਕਰਦੇ ਸਨ। ਚੀਨ ਦੀ ਲੜਾਈ ਹੋਈ ਨੂੰ 3-4 ਸਾਲ ਹੋ ਚੱਲੇ ਸਨ।

ਇਕ ਵਾਰ ਦੀ ਬਾਲ-ਸਭਾ ਵਿਚ ਬਾਬਾ ਜੀ ਵੀ ਬੈਠੇ ਹੋਏ ਸਨ ਕਿ ਕੁਝ ਕੁੜੀਆਂ ਨੇ ਦੇਸ਼ਭਗਤੀ ਨਾਲ ਪਰੁੱਚਿਆ ਪਰ ਚੀਨ ਵਿਰੋਧੀ ਗੀਤ ਗਾਇਆ। ਬਾਬਾ ਜੀ ਦਾ ਮਨ ਇਕ ਦਮ ਛਲਕ ਪਿਆ ਅਤੇ ਉਹ ਨਾਰਾਜ਼ ਹੋ ਕੇ ਕੁਰਸੀ ਤੋਂ ਉਠ ਖਲੋਤੇ। ਕੋਰਸ ਗੀਤ ਉਥੇ ਈ ਖ਼ਤਮ ਕਰਵਾ ਦਿੱਤਾ ਗਿਆ ਪਰ ਬਾਬਾ ਜੀ ਨੇ ਮੁੜ ਕੁਰਸੀ 'ਤੇ ਬਹਿਣਾ ਪ੍ਰਵਾਨ ਨਾ ਕੀਤਾ। ਭਾਵੁਕ ਹੋਏ ਕਈ ਕੁਝ ਬੋਲਦੇ ਚਲੇ ਗਏ, "ਅਸੀਂ 'ਤੇ ਸਾਰੀ ਦੁਨੀਆਂ ਨੂੰ ਸ਼ਾਂਤ ਤੇ ਆਪਣਾ ਮਿੱਤਰ ਵੇਖਣਾ ਚਾਹੁੰਦੇ ਸਾਂ। ਨਫ਼ਰਤਾਂ ਨੂੰ ਸ਼ਹਿ ਦੇਣੀ ਕਾਹਦੀ ਦੇਸ਼-ਭਗਤੀ ਏ! ਅਸੀਂ ਬੱਚਿਆਂ ਨੂੰ ਇਹੋ ਜਿਹੀ ਸਿੱਖਿਆ ਦੇਣੀ ਕਦੇ ਨਹੀਂ ਸੀ ਸੋਚੀ।"

ਅਤੇ ਇਸ ਘਟਨਾ ਤੋਂ ਬਾਅਦ ਉਹ ਕਿਸੇ ਬਾਲ-ਸਭਾ ਵਿਚ ਮੁੜ ਨਹੀਂ ਆਏ।

## ਸਰਾਭੇ ਦੀ ਬਰਸੀ ਦਾ ਸੱਲ

ਸਤੰਬਰ 1968 ਦੀ ਗੱਲ ਹੋਵੇਗੀ। ਬਾਬਾ ਜੀ ਲੁਧਿਆਣੇ ਗਏ। ਉਥੇ ਕਰਤਾਰ ਸਿੰਘ ਸਰਾਭੇ ਦੀ ਬਰਸੀ ਸੀ। ਬੜੇ ਥੋੜ੍ਹੇ ਲੋਕ ਸ਼ਰਧਾਂਜਲੀ ਲਈ ਆਏ। ਬਾਬਾ ਜੀ ਦਾ ਮਨ-ਦਰਪਨ ਚੂਰ ਚੂਰ ਹੋ ਗਿਆ ਅਤੇ ਉਹ ਦੁਖੀ ਮਨ ਨਾਲ ਬੋਲੇ, "ਆਪਣੇ ਸ਼ਹੀਦਾਂ ਲਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਨਾ ਕੁ ਸਤਿਕਾਰ ? ਏਨੀਆਂ ਕੁਰਬਾਨੀਆਂ ਦੀ ਇਹ ਕਦਰ ? ਲਗਦੈ ਸਾਡੇ ਸੁਪਨੇ ਕਦੇ ਸਾਕਾਰ ਨਹੀਂ ਹੋਣੇ । ਸ਼ਹੀਦਾਂ ਦੀਆਂ ਚਿਤਾਵਾਂ 'ਤੇ ਇਹੋ ਜਿਹੇ ਫਿੱਕੇ ਮੇਲੇ, ਕੀ ਰੰਗ ਲਿਆਉਣਗੇ ?''

ਇਸ ਘਟਨਾ ਤੋਂ ਬਾਅਦ ਬਾਬਾ ਜੀ ਬਿਸਤਰ ਤੋਂ ਨਹੀਂ ਉਠੇ । ਸਿਹਤ ਵਿਗੜਦੀ ਗਈ ਤੇ ਨਮੂਨੀਆ ਹੋ ਗਿਆ ।

## ਕਹਿਣੀ ਕਰਨੀ ਦੀ ਇਕਸੁਰਤਾ

ਬਾਬਾ ਸੋਹਣ ਸਿੰਘ ਭਕਨਾ ਮਨੁੱਖਤਾ ਨੂੰ ਸੱਚਾ ਧਰਮ ਗਿਣਦੇ ਸਨ ਅਤੇ ਧਾਰਮਿਕ ਕਰਮ-ਕਾਂਡਾਂ ਵਿਚ ਉਨ੍ਹਾਂ ਦਾ ਭੋਰਾ ਵਿਸ਼ਵਾਸ ਨਹੀਂ ਸੀ। ਇਸ ਕਹਿਣੀ ਨੂੰ ਉਨ੍ਹਾਂ ਜੀਵਨ ਦੇ ਅਨੇਕ ਮੌਕਿਆਂ 'ਤੇ ਪੂਰਾ ਕਰਕੇ ਵਿਖਾਇਆ ।

ਜਦੋਂ ਉਨ੍ਹਾਂ ਦੀ ਸੁਪਤਨੀ, ਮਾਤਾ ਬਿਸ਼ਨ ਕੌਰ ਪੂਰੇ ਹੋ ਗਏ ਤਾਂ ਲੋਕ ਹਿਰਖ-ਅਫ਼ਸੋਸ ਲਈ ਆਏ । ਵਤਨ ਲਈ ਸਭ ਕੁਝ ਨਿਛਾਵਰ ਕਰਨ ਵਾਲੇ ਬਾਬਾ ਭਕਨਾ ਅਡੋਲ ਅਤੇ ਸ਼ਾਂਤ ਚਿੱਤ ਹੋਏ ਬੈਠੇ ਸਨ । ਲੋਕ ਅਗਲੀ ਸਵੇਰ ਸਸਕਾਰ ਕਰਨ ਲਈ ਫਿਰ ਇਕੱਠੇ ਹੋ ਕੇ ਆਏ ਤਾਂ ਘਰ ਵਿਚ ਕੁਝ ਨਹੀਂ ਸੀ । ਪੁੱਛਣ ਤੇ ਉਨ੍ਹਾਂ ਦੱਸਿਆ, "ਹੁਣ ਉਹਦਾ ਕੀ ਕਰਨਾ ਕਰਾਉਣਾ ਸੀ । ਮੈਂ ਤੜਕੇ ਅਹੁ ਪੈਲੀ ਵਿਚ ਆਪੇ ਈ ਉਹਦਾ ਸਸਕਾਰ ਕਰ ਦਿੱਤੈ ?''

''ਪਰ ਉਨ੍ਹਾਂ ਦੇ ਫੁੱਲ ?'' ਪੁੱਛਣ ਵਾਲਿਆਂ ਨੇ ਬਿਨਾ ਕੁਝ ਸੋਚੇ, ਆਸੇ ਪਾਸੇ ਝਾਕਦਿਆਂ ਪੁੱਛਿਆ ।

''ਮੈਂ ਸਭੋ ਕੁਝ ਝੋਨੇ ਵਾਲੀ ਪੈਲੀ ਵਿਚ ਖਿਲਾਰ ਦਿੱਤਾ ਏ । ਮਿੱਟੀ ਜੁ ਸੀ, ਮਿੱਟੀ ਵਿਚ ਮਿਲ ਗਈ,'' ਬਾਬਾ ਜੀ ਨੇ ਮੁਸਕਰਾਉਂਦਿਆਂ ਕਿਹਾ ਤੇ ਉਨ੍ਹਾਂ ਨਾਲ ਬੈਠ ਕੇ ਉਹਦੀਆਂ ਯਾਦਾਂ ਤੇ ਚੰਗਿਆਈਆਂ ਦੱਸਣ ਲੱਗੇ ।

''ਮੇਰੇ ਫੁੱਲ ਵੀ ਕਿਧਰੇ ਤੀਰਥਾਂ-ਸ਼ੀਰਥਾਂ ਤੇ ਲੈ ਕੇ ਨਾ ਤੁਰੇ ਰਹਿਣਾ । ਜਿਥੇ ਮੈਨੂੰ ਸਾੜੋ, ਉੱਥੇ ਈ ਦੱਬ ਦੇਣਾ,'' ਬਾਬਾ ਜੀ ਨੇ ਸ਼ਰਧਾਲੂਆਂ ਨੂੰ ਪੱਕੀ ਕਰ ਦਿੱਤੀ ।

ਇਹੋ ਖਾਹਸ਼ ਉਨ੍ਹਾਂ ਦੀ ਵਸੀਅਤ ਵਿਚ ਸੀ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਵੀ ਇਵੇਂ ਕੀਤਾ । ਗ਼ਦਰ ਪਾਰਟੀ ਦੀ ਯਾਦਗਾਰ ਅੱਗੇ ਉਨ੍ਹਾਂ ਦਾ ਸੰਸਕਾਰ ਹੋਇਆ । ਉਥੇ ਈ ਫੁੱਲ ਦੱਬ ਦਿੱਤੇ ਅਤੇ ਇਕ ਸਾਦਾ ਜਿਹਾ ਥੜ੍ਹਾ ਬਣਾ ਦਿੱਤਾ ਗਿਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜਨਤਾ ਹਾਈ ਸਕੂਲ

ਇਹ ਗੱਲ ਪੰਜਵੇਂ ਦਹਾਕੇ ਦੀ ਹੈ ਕਿ ਅੰਮ੍ਰਿਤਸਰੋਂ ਅਟਾਰੀ ਤਕ ਤੇ ਅੰਮ੍ਰਿਤਸਰੋਂ ਸੁਰਸਿੰਘ ਝਬਾਲ ਦੇ ਵਿਚਕਾਰਲੇ ਇਲਾਕੇ ਵਿਚ ਡਿਸਟ੍ਰਿਕਟ ਬੋਰਡ ਹਾਈ ਸਕੂਲ ਅਟਾਰੀ ਤੋਂ ਬਿਨਾਂ ਕੋਈ ਹਾਈ ਸਕੂਲ ਨਹੀਂ ਸੀ। ਉਧਰ ਕਸੇਲ ਤੋਂ ਲੈ ਕੇ ਭਕਨਾ, ਖੁਰਮਨੀਆਂ ਅਤੇ ਭੁੱਸਿਆਂ ਤੋਂ ਲੈ ਕੇ ਹੁਸ਼ਿਆਰ ਨਗਰ, ਘਰਿੰਡਾ ਤਕ, ਕੋਈ ਸੌ ਮੁਰੱਬਾ ਮੀਲ ਇਲਾਕੇ ਵਿਚ ਕੋਈ ਹਾਈ ਸਕੂਲ ਨਹੀਂ ਸੀ। ਇਸ ਕਰਕੇ ਪਹਿਲਾਂ ਪਹਿਲ ਇਸ ਇਲਾਕੇ ਦੇ ਵਿਦਿਆਰਥੀਆਂ ਨੂੰ ਡਿਸਟ੍ਰਿਕਟ ਬੋਰਡ ਹਾਈ ਸਕੂਲ ਅਟਾਰੀ ਤੇ ਖਾਲਸਾ ਕਾਲਜ ਸਕੂਲ ਅੰਮ੍ਰਿਤਸਰ ਤੋਂ ਨੇੜੇ ਦੱਸਵੀਂ ਤਕ ਵਿਦਿਆ ਲੈਣ ਲਈ ਕੋਈ ਤੀਜਾ ਸਕੂਲ ਨਹੀਂ ਸੀ। ਵਿਦਿਆਰਥੀਆਂ ਦੀ ਸਿਹਤ, ਉਨ੍ਹਾਂ ਦੀ ਪੜ੍ਹਾਈ ਦੇ ਸਮੇਂ ਅਤੇ ਮਾਤਾ-ਪਿਤਾ ਦੀ ਕਮਜ਼ੋਰ ਮਾਇਕ ਹਾਲਤ ਨੂੰ ਮੁੱਖ ਰੱਖਕੇ ਇਹ ਗੱਲ ਬੜੀ ਦੁੱਖਦਾਈ ਸੀ।

ਉਸ ਸਮੇਂ ਆਵਾਜਾਈ ਦੇ ਸਾਧਨ ਵੀ ਏਨੇ ਜ਼ਿਆਦਾ ਤੇ ਵਧੀਆ ਨਹੀਂ ਸਨ। ਆਉਣ ਜਾਣ ਦੇ ਰਾਹ ਤੇ ਸੜਕਾਂ ਵੀ ਕੱਚੀਆਂ ਪੱਕੀਆਂ ਸਨ। ਵਿਦਿਆਰਥੀਆਂ ਨੂੰ ਸਕੂਲਾਂ ਦੇ ਹੋਸਟਲਾਂ ਜਾਂ ਕਿਰਾਏ ਭਾੜੇ ਦੇ ਮਕਾਨਾਂ ਵਿਚ ਰਹਿਣ ਤੇ ਮਜ਼ਬੂਰ ਹੋਣਾ ਪੈਂਦਾ ਜੋ ਹਾਰੀ ਸਾਰੀ ਲੋਕਾਂ ਦੇ ਵੱਸ ਦੀ ਗੱਲ ਨਹੀਂ ਸੀ। ਉਧਰੋਂ ਉਸ ਸਮੇਂ ਲੋਕਾਂ ਵਿਚ ਪੜ੍ਹਨ ਪੜ੍ਹਾਉਣ ਦੀ ਏਨੀ ਤੀਬਰ ਜਾਗ੍ਰਤੀ ਵੀ ਨਹੀਂ ਸੀ। ਕੁੜੀਆਂ ਦੀ ਹਾਲਤ ਤਾਂ ਏਨੀ ਮੰਦੀ ਸੀ ਕਿ ਉਨ੍ਹਾਂ ਦੇ ਮਾਪੇ ਉਨਾਂ ਨੂੰ ਆਪਣੇ ਪਿੰਡਾਂ ਦੇ ਸਕੂਲਾਂ ਵਿਚ ਪੜ੍ਹਾਉਣ ਭੇਜਣਾ ਤਾਂ ਦੂਰ ਦੀ ਗੱਲ ਹੈ, ਕੁੜੀਆਂ ਦੀ ਪੜ੍ਹਾਈ ਦੇ ਹੀ ਹੱਕ ਵਿਚ ਨਹੀਂ ਸਨ। ਮੁੱਕਦੀ ਗੱਲ, ਗਰੀਬ ਤੇ ਦਰਮਿਆਨੇ ਲੋਕਾਂ ਦੇ ਬਹੁਤੇ ਬੱਚੇ ਚੌਥੀ ਜਮਾਤ ਤੋਂ ਅੱਗੇ ਨਹੀਂ ਸਨ ਪੜ੍ਹ ਸਕਦੇ।

ਇਹ ਗੱਲ ਭਕਨੇ ਇਲਾਕੇ ਦੇ ਮੋਹਰੀਆਂ ਅਤੇ ਪਤਵੰਤਿਆਂ ਨੂੰ ਬੜੀ ਟੁੰਬ ਰਹੀ ਸੀ। ਉਹ ਇਕ ਵਫ਼ਦ ਲੈ ਕੇ ਸ਼ਰਾਬ ਵਾਲੇ ਕਾਰਖਾਨੇ (ਖਾਸਾ ਡਿਸਟਲਰੀ) ਦੇ ਪ੍ਰਬੰਧਕ-ਡਾਇਰੈਕਟਰ ਸ: ਸੰਪੂਰਨ ਸਿੰਘ ਨੂੰ ਮਿਲਣ ਗਏ। ਇਲਾਕੇ ਵੱਲੋਂ ਖਾਸੇ ਵਿਚ ਇਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਈ ਸਕੂਲ ਖੋਲ੍ਹਣ ਦੀ ਮੰਗ ਕੀਤੀ। ਡਾਇਰੈਕਟਰ ਸਾਹਿਬ ਨੇ ਉਨ੍ਹਾਂ ਦੀ ਇਹ ਮੰਗ ਸਿੱਧੇ ਤੌਰ 'ਤੇ ਪ੍ਰਵਾਨ ਨਾ ਕੀਤੀ ਅਤੇ ਸਕੂਲ ਖੋਲ੍ਹਣ ਲਈ ਇਲਾਕੇ ਤੋਂ 40 ਹਜ਼ਾਰ ਰੁਪਏ ਇਕੱਠੇ ਕਰਨ ਦੀ ਮੰਗ ਕੀਤੀ। ਇਹ ਉੱਤਰ ਸੁਣ ਕੇ ਇਲਾਕਾ-ਨਿਵਾਸੀਆਂ ਦੀ ਆਤਮਾ ਝੰਜੋੜੀ ਗਈ ਅਤੇ ਉਨ੍ਹਾਂ ਨੂੰ ਆਪਣੇ ਹੱਥੀਂ ਕੁਝ ਕਰ ਵਿਖਾਉਣ ਦੀ ਪ੍ਰੇਰਨਾ ਮਿਲੀ।

ਇਧਰ ਬਾਬਾ ਸੋਹਣ ਸਿੰਘ ਭਕ੍ਨਾ ਹੀਰ-ਆਜ਼ਾਦੀ ਲਈ ਲੜਦੇ, ਅੰਗਰੇਜ਼-ਖੇੜਿਆਂ ਦੀਆਂ ਜੇਲ੍ਹਾਂ ਵਿਚ ਰੁਲਦੇ ਆਪਣੇ ਪਿੰਡ ਆ ਧੂਣੀ ਰਮਾਈ ਬੈਠੇ ਸਨ। ਉਨ੍ਹਾਂ ਨੇ ਲੋਕਾਂ ਦੀ ਇਸ ਬਿਰਤੀ ਨੂੰ ਆਪਣੀ ਦਿੱਲੀ-ਇੱਛਾ ਦੇ ਅਨੁਕੂਲ ਸਮਝਿਆ ਤੇ ਉਨ੍ਹਾਂ ਨੂੰ ਆਪਣਾ ਪੂਰਾ ਸਾਥ ਦਿੱਤਾ।

ਬਾਬਾ ਸੋਹਣ ਸਿੰਘ ਭਕਨਾ ਦੇਸ਼ ਦੀ ਆਜ਼ਾਦੀ ਲਈ ਆਪਣਾ ਆਪ ਵਾਰਦਿਆਂ ਤੇ ਬਦੇਸ਼ ਵਿਚ ਵਿਦਿਆ ਦੇ ਪਾਸਾਰ ਨਾਲ ਹੋਈ ਉੱਨਤੀ ਨੂੰ ਆਪਣੇ ਅੱਖੀਂ ਵੇਖਦਿਆਂ ਵਿੱਦਿਆ ਦੀ ਮਹਾਨ ਜੋਤ ਦੀ ਵਡਿਆਈ ਸਮਝ ਚੁੱਕੇ ਸਨ। ਉਨ੍ਹਾਂ ਦੀ ਪਾਰਟੀ ਨੇ ਹਿੰਦੁ-ਸਤਾਨ ਦੀ ਆਜ਼ਾਦੀ ਲਈ ਭਾਰਤੀ ਨੌਜਵਾਨਾਂ ਨੂੰ ਉਚੇਰੀ ਵਿਦਿਆ ਦੇਣ ਦਾ ਪ੍ਰੋਗਰਾਮ ਬਣਾਇਆ ਸੀ, ਤਾਂ ਜੋ ਉਹ ਬੌਧਿਕ ਤੇ ਰਾਜਨੀਤਕ ਪੱਖੋਂ ਜਾਗਰੂਕ ਹੋ ਕੇ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦ ਪੈਣ।

ਸੋ ਸਖ਼ਤ ਜੇਲ੍ਹ ਯਾਤਰਾ ਤੋਂ ਬਾਅਦ ਉਨ੍ਹਾਂ ਆਉਂਦਿਆਂ ਹੀ ਪਿੰਡ ਵਿਚ ਸਕੂਲ ਖੋਲ੍ਹਣ ਦਾ ਫ਼ੈਸਲਾ ਕੀਤਾ ਤੇ ਪਿੰਡ ਦੇ ਪਤਵੰਤਿਆਂ ਨੂੰ ਬੁਲਾ ਕੇ ਲੜਕੀਆਂ ਦੀ ਵਿਦਿਆ ਲਈ ਸਕੂਲ ਖੋਲ੍ਹਣ ਦੀ ਆਪ ਯੋਜਨਾ ਦੱਸੀ। ਉਨ੍ਹਾਂ ਦੇ ਬਦੇਸ਼ ਘੁੰਮ ਕੇ ਲੜ-ਕੀਆਂ ਨੂੰ ਵਿਦਿਆ ਦੇਣ ਦੀ ਵੱਡੀ ਜ਼ਰੂਰਤ ਨੂੰ ਮਹਿਸੂਸ ਕਰ ਲਿਆ ਸੀ। ਇਥੇ ਤਾਂ ਹੋਰ ਵੀ ਔਕੜ ਸੀ ਕਿ ਕਿਉਂਕਿ ਲੋਕ ਲੜਕੀਆਂ ਨੂੰ ਪੜ੍ਹਾਉਣਾ ਬੁਰਾ ਸਮਝਦੇ ਸਨ ਤੇ ਇਸਨੂੰ ਗ਼ੈਰਤ-ਹੀਣ ਤੇ ਬੇ-ਇੱਜ਼ਤ ਇਨਸਾਨਾਂ ਵਾਲਾ ਕੰਮ ਗਿਣਦੇ ਸਨ। ਬਾਬਾ ਜੀ ਨੇ ਆਪਣੀ ਤੇਜ਼ ਬੁੱਧੀ ਤੇ ਦਲੀਲ ਸ਼ਕਤੀ ਨਾਲ ਪਿੰਡ ਦੇ ਲੋਕਾਂ ਨੂੰ ਕੁੜੀਆਂ ਪੜ੍ਹਾਉਣ ਲਈ ਕਾਇਲ ਕਰ ਲਿਆ। ਇਸ ਮੰਤਵ ਲਈ ਉਨ੍ਹਾਂ ਆਪਣੀ ਅੱਧੀ ਰਿਹਾਇਸ਼ੀ ਹਵੇਲੀ ਕੰਨਿਆਂ ਸਕੂਲ ਦੇ ਨਾਂ ਕਰ ਦਿੱਤੀ ਤੇ ਅੱਧੀ ਨੂੰ ਵੇਚਕੇ ਸਕੂਲ ਚਾਲੂ ਕਰਵਾ ਦਿਤਾ।

ਪਿੰਡ ਦੇ ਲੋਕਾਂ ਦੀ ਇਕ ਪ੍ਰਬੰਧਕ ਕਮੇਟੀ ਚੁਣੀ ਗਈ, ਜੋ ਸਕੂਲ ਨੂੰ ਆਪਣੇ ਹੱਥੀਂ ਚਲਾਉਣ ਵਿਚ ਦਿਲਚਸਪੀ ਲਵੇ। ਇਨ੍ਹਾਂ ਜਨਤਕ ਯਤਨਾਂ ਦੇ ਫਲਸਰੂਪ ਕੁੜੀਆਂ ਮੁੰਡਿਆਂ ਦਾ ਸਾਂਝਾ ਮਿਡਲ ਸਕੂਲ ਵੀ ਪਿੰਡ ਭਕਨੇ ਵਿਚ ਕਈ ਸਾਲ ਚਲਦਾ ਰਿਹਾ। ਮਈ-ਜੂਨ 1952 ਵਿਚ ਇਹ ਸਕੂਲ ਭਗਤੇ ਕੀ ਪੱਤੀ ਦੇ ਗੁਰਦੁਆਰੇ (ਜੰਝ ਘਰ) ਵਿਚ ਪਬਲਿਕ ਸਕੂਲ ਕਰਕੇ ਚਲਦਾ ਰਿਹਾ। ਇਹਦੇ ਵਿਚ ਪੰਜਵੀਂ, ਛੇਵੀਂ ਅਤੇ ਸੱਤਵੀ ਸ਼੍ਰੇਣੀ ਦੇ ਬਾਲ-ਬਾਲੜੀਆਂ ਪੜ੍ਹਦੇ ਸਨ ਅਤੇ ਸ: ਗੁਲਜ਼ਾਰ ਸਿੰਘ ਢੰਡ ਇਸ ਸਕੂਲ ਦੇ ਮੁੱਖ ਅਧਿਆਪਕ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਹਾਈ ਸਕੂਲ ਖੋਲ੍ਹਣ ਦੀ ਯੋਜਨਾ

ਲੋਕਾਂ ਤੇ ਪਤਵੰਤਿਆਂ ਨੇ ਇਲਾਕੇ ਦੀ ਪੱਛੜੀ ਹਾਲਤ ਨੂੰ ਸੁਧਾਰਨ ਲਈ ਲੜਕੇ ਲੜਕੀਆਂ ਲਈ ਦਸਵੀਂ ਤਕ ਵਿਦਿਆ ਦੇਣ ਲਈ ਸਕੂਲ ਖੋਲ੍ਹਣ ਦੀ ਯੋਜਨਾ ਤਿਆਰ ਕੀਤੀ। ਇਸ ਮਹਾਨ ਵਿਦਿਅਕ ਕਾਰਜ ਨੂੰ ਆਰੰਭਣ ਅਤੇ ਸਿਰੇ ਦਾ ਚਾੜ੍ਹਨ ਲਈ ਤਕੜਾ ਸ਼ਰਮਾਏ ਦੀ ਲੋੜ ਸੀ। ਪਿੰਡ ਦੇ ਪਤਵੰਤਿਆਂ ਅਨੁਸਾਰ, ਜਦੋਂ ਹਾਈ ਸਕੂਲ ਬਣਾ-ਉਣ ਦੀ ਉਮੰਗ ਨਾਲ ਪਿੰਡ ਅਤੇ ਇਲਾਕੇ ਦੇ ਲੋਕ 14 ਸਤੰਬਰ 1953 ਨੂੰ ਬਾਬਾ ਜੀ ਦੇ ਡੇਰੇ 'ਤੇ ਜੁੜੇ ਤਾਂ ਬਾਬਾ ਜੀ ਨੇ ਪ੍ਰਸੰਨ ਹੁੰਦਿਆਂ ਕਿਹਾ, "ਇਹੋ ਜਿਹੇ ਨੇਕ ਕੰਮ ਲਈ ਮੈਂ ਕਦੇ ਨਾਂਹ ਕੀਤੀ ਏ ? ਪਿੰਡ ਵਾਲੇ ਮਕਾਨ ਦਾ ਜੋ ਮਿਲੇਗਾ, ਉਹ ਮੇਰੇ ਵੱਲੋਂ ਸਕੂਲ ਲਈ ਦਾਨ ਹੋਵੇਗਾ।"

ਬਾਬਾ ਜੀ ਨੇ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੰਤ੍ਵ ਲਈ ਹਰ ਕਿਸਮ ਦਾ ਸਾਥ ਦੇਣ ਦਾ ਵਚਨ ਦਿਤਾ ਅਤੇ ਪ੍ਰਸਾਤਵਤ ਸਕੂਲ ਦਾ ਨਾਂ ਜਨਤਾ ਸਕੂਲ ਰੱਖਣ ਦੀ ਤਜਵੀਜ਼ ਦਿਤੀ। ਸਕੂਲ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਥਾਂ ਲੋੜੀਂਦੀ ਸੀ। ਇਲਾਕੇ ਦੇ ਸੱਜਣਾਂ ਨੇ ਥਾਂ ਲਈ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਤੁਰੰਤ ਖੜੀ ਫ਼ਸਲ ਸਣੇ ਆਪਣੀ 20 ਵਿਘੇ ਨਹਿਰੀ ਜ਼ਮੀਨ ਅਤੇ 500 ਰੁਪਿਆ ਸਕੂਲ ਦੇ ਨਾਂ ਤੇ ਅਰਪਨ ਕਰ ਦਿੱਤਾ। ਪਿੰਡ ਭਕਨਾ ਕਲਾਂ ਦੇ ਸਰਪੰਚ ਸ : ਜੋਗਿੰਦਰ ਸਿੰਘ ਨੇ ਵੀ ਇਕ ਹਜ਼ਾਰ ਰੁਪਏ ਮੁੱਲ ਦੀ ਜ਼ਮੀਨ ਸਕੂਲ ਦੇ ਨਾਂ ਦਾਨ ਕਰ ਦਿੱਤੀ।

(ਇਹ ਵੀ ਸੁਣਨ ਵਿਚ ਆਇਆ ਹੈ ਕਿ ਇਸ ਯਤਨ ਤੋਂ ਪਹਿਲਾਂ ਚੀਚੇ ਅਤੇ ਭਕਨੇ ਦੇ ਪਤਵੰਤਿਆਂ ਵੱਲੋਂ ਸਾਂਝੇ ਥਾਂ ਸਕੂਲ ਬਣਾਉਣ ਦੀ ਵਿਉਂਤ ਵੀ ਬਣੀ ਅਤੇ ਇਸ ਮੰਤਵ ਲਈ ਦੋਹਾਂ ਪਿੰਡਾਂ ਵਿਚਕਾਰ 6-6 ਕਿਲੇ ਜ਼ਮੀਨ ਵੀ ਇਕੱਠੀ ਕਰਵਾਈ ਗਈ। ਹੋ ਰਹੀ ਮੁਰੱਬੇ ਬੰਦੀ ਨਾਲ ਇਹ ਕੰਮ ਬੜਾ ਸੌਖਾ ਹੋ ਗਿਆ ਪਰ ਕਈ ਇਕ ਕਾਰਨਾਂ ਕਰਕੇ ਇਹ ਯੋਜਨਾ ਅਤੇ ਸਾਂਝੀ ਥਾਂ ਧਰੀ ਰਹਿ ਗਈ।)

ਇਸ ਤੋਂ ਬਾਅਦ ਸਕੂਲ ਪ੍ਰਬੰਧਕ ਕਮੇਟੀ ਬਣਾਉਣ ਦਾ ਕੰਮ ਛੋਹਿਆ ਗਿਆ ਅਤੇ ਇਕ ਇਸ਼ਤਿਹਾਰ ਰਾਹੀਂ ਸਕੂਲ ਉਸਾਰੀ ਲਈ ਜਨਤਾ ਨੂੰ ਅਪੀਲ ਕੀਤੀ ਗਈ। ਇਕ ਸੌ ਰੁਪਿਆ ਜਾਂ ਇਸਦੇ ਬਰਾਬਰ ਮੁੱਲ ਦੀ ਸਹਾਇਤਾ ਦੇਣ ਵਾਲੇ ਨੂੰ ਸਕੂਲ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਉਣ ਅਤੇ 50 ਰੁਪਏ ਤਕ ਦੇਣ ਵਾਲੇ ਦਾਨੀ ਦਾ ਨਾਂ ਇਕ ਵੱਡੇ ਪੱਥਰ ਤੇ ਉੱਕਰ ਕੇ ਲਾਉਣ ਦਾ ਨਿਰਣਾ ਹੋਇਆ। ਹੋਰਨਾਂ ਮੈਂਬਰਾਂ ਸਮੇਤ ਕਾਮਰੇਡ ਪਿਆਰਾ ਸਿੰਘ ਮਜ਼ਦੂਰਾਂ ਵਿਚੋਂ ਅਤੇ ਬੀਬੀ ਕਰਤਾਰ ਕੌਰ ਇਸਤਰੀਆਂ ਵਿਚੋਂ ਮੈਂਬਰ ਲਏ ਗਏ।

11 ਅਕਤੂਬਰ 1953 ਨੂੰ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਪਹਿਲੀ ਬੈਠਕ ਹੋਈ ਅਤੇ ਇਸ ਸਮੇਂ ਕਾਰਜ-ਕਾਰੀ ਕਮੇਟੀ ਦੀ ਚੋਣ ਕੀਤੀ ਗਈ। ਬਾਬਾ ਸੋਹਣ ਸਿੰਘ ਭਕਨਾ ਸਰਬਸੰਮਤੀ ਨਾਲ ਕਮੇਟੀ ਦੇ ਪ੍ਰਧਾਨ ਚੁਣੇ ਗਏ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੂਲ ਨੂੰ ਚਲਾਉਣ ਵਾਲੇ ਮਹਾਂਰਥੀਆਂ ਵਿਚ ਹੋਰਨਾਂ ਸਮੇਤ ਬਾਬਾ ਗੁੱਜਰ ਸਿੰਘ ਭਕਨਾ, ਕਾਮਰੇਡ ਦਰਸ਼ਨ ਸਿੰਘ, ਪੰਡਤ ਬਰਕਤ ਰਾਮ, ਸੂਬੇਦਾਰ ਮੱਘਰ ਸਿੰਘ, ਕਾਮਰੇਡ ਪਿਆਰਾ ਸਿੰਘ, ਭਾਈ ਹਜ਼ਾਰਾ ਸਿੰਘ, ਕਾਮਰੇਡ ਸੁਲੱਖਣ ਸਿੰਘ, ਭਾਈ ਕਰਤਾਰ ਸਿੰਘ, ਸ: ਗੁਰਬਖ਼ਸ਼ (ਪਿਤਾ ਸ: ਅਮਰ ਸਿੰਘ ਸਾਬਕ ਸਰਪੰਚ), ਸ: ਅਜਮੇਰ ਸਿੰਘ, ਸ: ਕਰਤਾਰ ਸਿੰਘ (ਪੱਤੀ ਕਾਨਿਆਂ ਦੀ) ਆਦਿ ਸਥਾਨਕ ਸੱਜਣ ਮੋਹਰੀ ਬਣ ਕੇ ਤੁਰੇ ।

## ਜਨਤਾ ਸਕੂਲ ਦਾ ਨੀਂਹ ਪੱਥਰ

20 ਨਵੰਬਰ 1953, ਦਿਨ ਸ਼ੁਕਰਵਾਰ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਸੀ । ਬਾਬਾ ਸੋਹਣ ਸਿੰਘ ਭਕਨਾ ਤੇ ਸਕੂਲ ਪ੍ਰਬੰਧਕ ਕਮੇਟੀ ਨੇ ਇਸ ਸ਼ੁੱਭ ਦਿਨ ਉੱਤੇ ਗੁਰੂ ਨਾਨਕ ਦੇਵ ਜੀ ਵੱਲੋਂ ਸਤਿਕਾਰੀ 'ਵਿਦਿਆ ਵਿਚਾਰੀ ਤਾ ਪਰ-ਉਪਕਾਰੀ' ਦੀ ਨੀਂਹ ਧਰਨ ਦਾ ਫ਼ੈਸਲਾ ਕੀਤਾ । ਬਾਬਾ ਜੀ ਦੀ ਦਾਨ ਕੀਤੀ ਜ਼ਮੀਨ ਵਿਚ, ਪਿੰਡ ਤੋਂ ਕੁਝ ਦੂਰ ਬਾਹਰ, ਤੇ ਹਰਿਆਲੇ ਖੇਤਾਂ ਵਿਚ ਜਨਤਾ ਹਾਈ ਸਕੂਲ ਭਕਨਾ ਦੀ ਬੁਨਿਆਦੀ ਨੀਂਹ ਪੁੱਟੀ ਗਈ । ਬਾਬਾ ਸੋਹਣ ਸਿੰਘ ਭਕਨਾ ਨੇ ਇਸਦਾ ਬੁਨਿਆਦੀ ਪੱਥਰ ਆਪਣੇ ਕਰ-ਕਮਲਾਂ ਨਾਲ ਰੱਖਿਆ । ਇਲਾਕੇ ਦੇ ਪਤਵੰਤੇ ਸੱਜਣ, ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਹਾਜ਼ਰ ਸਨ ।

ਬਾਬਾ ਜੀ ਸਕੂਲ ਇਮਾਰਤ ਨੂੰ ਕੁਦਰਤੀ ਵਾਤਾਵਰਣ ਵਿਚ ਢਾਲ ਕੇ ਬਣਾਉਣਾ ਚਾਹੁੰਦੇ ਸਨ । ਇਸ ਕਰਕੇ ਇਸਦੀਆਂ ਛੱਤਾਂ ਕਾਨੇ ਪਾ ਕੇ ਬਣਾਈਆਂ ਗਈਆਂ ਅਤੇ ਕਾਨਿਆਂ ਦੀ ਸੇਵਾ ਸਰਵ ਸ੍ਰੀ ਗੁਰਬਖਸ਼ ਸਿੰਘ, ਕਰਤਾਰ ਸਿੰਘ (ਪੱਤੀ ਕਾਨਿਆਂ ਦੀ), ਹਜ਼ਾਰਾ ਸਿੰਘ ਅਤੇ ਅਜਮੇਰ ਸਿੰਘ ਨੇ ਉਚੇਚੇ ਤੌਰ 'ਤੇ ਨਿਭਾਈ ।

ਸ਼ੁਰੂ ਵਿਚ 6 ਕਮਰੇ ਅੰਗਰੇਜ਼ੀ ਦੇ ਐਲ (L) ਬਣਤਰ ਵਿਚ ਬਣਾਏ ਗਏ, 4 ਢਾਲਵੀਆਂ ਅਤੇ 2 ਪੱਧਰੀਆਂ ਛੱਤਾਂ ਵਾਲੇ । ਸਭਨਾਂ ਦੀਆਂ ਕੰਧਾਂ ਅੰਦਰੋਂ ਕੱਚੀਆਂ ਅਤੇ ਬਾਹਰੋਂ ਪੱਕੀਆਂ ਇੱਟਾਂ ਵਾਲੀਆਂ ਬਣਾਈਆਂ ਗਈਆਂ । ਇਵੇਂ ਸਕੂਲ ਦੀ ਮੁੱਢਲੀ ਉਸਾਰੀ ਵਿਚ ਯੋਗਦਾਨ ਪਾਉਣ ਵਾਲੇ ਹੋਰ ਸੱਜਣਾਂ ਵਿਚੋਂ ਕਾਮਰੇਡ ਪੂਰਨ ਸਿੰਘ ਲੱਧੇਵਾਲਾ, ਸ: ਸੰਪੂਰਨ ਸਿੰਘ ਹੁਸ਼ਿਆਰ ਨਗਰ (ਪਿਤਾ ਡਾ. ਹਰੀ ਸਿੰਘ), ਸ: ਅਜਾਇਬ ਸਿੰਘ ਭਕਨਾ ਖੁਰਦ, ਡਾ. ਸਵਰਨ ਸਿੰਘ ਮੁਹਾਵਾ ਸਮੇਤ ਕਾਮਰੇਡ ਰਾਮ ਸਿੰਘ, ਕਾਮਰੇਡ ਮਹਿੰਦਰ ਸਿੰਘ ਅਤੇ ਕਾਮਰੇਡ ਹਰਸਾ ਸਿੰਘ (ਤਿੰਨੇ ਕਸੇਲ) ਨੇ ਉਗਰਾਹੀ ਕਰਨ ਅਤੇ ਸਕੂਲ ਦਾ ਮੂੰਹ-ਮੱਥਾ ਬਣਾਉਣ ਵਿਚ ਸਰਗਰਮ ਭੂਮਿਕਾ ਨਿਭਾਈ, ਜਦੋਂ ਕਿ, ਸਰਵ ਸ੍ਰੀ ਖਜ਼ਾਨ ਸਿੰਘ ਨੱਥੂਪੁਰਾ, ਹਰਚੰਦ ਸਿੰਘ ਨੰਬਰਦਾਰ ਭਕਨਾ, ਜੋਗਿੰਦਰ ਸਿੰਘ, ਅੱਛਰ ਸਿੰਘ ਅਕਾਲੀ (ਪਿਤਾ ਮਾਸਟਰ ਗੁਰਦਿਆਲ ਸਿੰਘ) ਸੰਤਾ ਸਿੰਘ ਜੋਸ਼ ਅਤੇ ਕੁੰਨਣ ਸਿੰਘ ਮੁੱਲਾਂ-ਬਹਿਰਾਮ ਵੀ ਸਕੂਲ ਉਸਾਰੀ ਵਿਚ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਮਹਾਂਰਥੀ ਸਨ ।

ਇਵੇਂ ਸਕੂਲ ਦੀ ਮੁੱਢਲੀ ਇਮਾਰਤ ਤਿਆਰ ਹੋ ਗਈ । ਅਤੇ ਨਵੇਂ ਸਾਲ ਵਿਚ ਲੜਕੇ-ਲੜਕੀਆਂ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ ਗਈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਮੇਂ ਸ੍ਰ: ਹਰਨਾਮ ਸਿੰਘ ਬੀ. ਏ., ਬੀ. ਟੀ. ਸਕੂਲ ਦੇ ਮੁੱਖ ਅਧਿਆਪਕ ਬਣੇ। ਉਨ੍ਹਾਂ ਨੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ 'ਜਨਤਾ ਨੂੰ ਅਪੀਲ' ਨਾਂ ਦਾ ਇਕ ਵੱਡਾ ਇਸ਼ਤਿਹਾਰ ਕਢਵਾਇਆ, ਜਿਸ ਵਿਚ ਸਕੂਲ ਦੀਆਂ ਆਰੰਭਕ ਝਲਕਾਂ ਦਾ ਜ਼ਿਕਰ ਕਰਦਿਆਂ ਨਵੀਂ ਬਿਲਡਿੰਗ ਲਈ ਵੱਧ ਤੋਂ ਵੱਧ ਦਾਨ ਦੇਣ ਦੀ ਮੰਗ ਕੀਤੀ ਗਈ।

ਬਾਬਾ ਸੋਹਣ ਸਿੰਘ ਭਕਨਾ ਦੇ ਇਸਤਰੀ-ਵਿਦਿਆ ਪ੍ਰਤੀ ਵਿਚਾਰਾਂ ਨੂੰ ਮੂਰਤੀ-ਮਾਨ ਕਰਦੇ, ਪ੍ਰਭਾਵੀ ਸ਼ਬਦ ਇਸ਼ਤਿਹਾਰ ਦੇ ਮੁੱਢ ਵਿਚ ਇਸ ਤਰ੍ਹਾਂ ਲਿਖੇ ਹੋਏ ਸਨ :—

ਪੁੱਤ ਪੜ੍ਹਾਇਆਂ ਸੌਰਦੀ ਇਕ ਪੁੱਤਰ ਦੀ ਜਾਨ।
ਦੋ ਕੁਲ ਸੌਰਨ ਜੇ ਕਰੋ ਧੀ ਨੂੰ ਵਿਦਿਆ ਦਾਨ।

ਅਗਲੇ ਸ਼ਬਦਾਂ 'ਵਿਚ 'ਵਿਦਿਆ ਦਾਨ ਮਹਾਂ ਦਾਨ' ਤੇ 'ਵਿਦਿਆ ਵਿਚਾਰੀ ਤਾ ਪਰਉਪਕਾਰੀ' ਅਤੇ ਫਿਰ ਮੋਟੇ ਸ਼ਬਦਾਂ ਵਿਚ ਜਨਤਾ ਹਾਈ ਸਕੂਲ ਭਕਨਾ, ਜ਼ਿਲਾ ਅੰਮ੍ਰਿਤਸਰ ਹੋਇਆ ਸੀ। ਇਸ਼ਤਿਹਾਰ ਥੱਲੇ ਇਲਾਕੇ ਦੇ ਪ੍ਰਤੀਨਿਧ, ਬਾਬਾ ਸੋਹਣ ਸਿੰਘ ਭਕਨਾ ਦੀ ਤਸਵੀਰ, ਬਾਬਾ ਜੀ ਵੱਲੋਂ ਸਕੂਲ ਦੀ ਨੀਂਹ ਰੱਖਣ ਵੇਲੇ ਦੀ ਤਸਵੀਰ ਅਤੇ ਜਨਤਾ ਹਾਈ ਸਕੂਲ ਦੇ ਵਿਦਿਆਰਥੀਆਂ ਦੇ ਇਕ ਜਲੂਸ ਦੀ ਤਸਵੀਰ ਸੀ।

ਇਸ ਇਸ਼ਤਿਹਾਰ ਵਿਚ ਸਕੂਲ ਦਾ ਮੁੱਖ ਆਦਰਸ਼ ਹੇਠ ਲਿਖੇ ਅਨੁਸਾਰ ਅੰਕਿਤ ਹੈ :—

'ਸਕੂਲ ਦਾ ਮੁੱਖ ਆਦਰਸ਼ ਇਲਾਕੇ ਦੇ ਲੜਕੇ ਅਤੇ ਲੜਕੀਆਂ ਨੂੰ ਵਿਦਿਆ ਦੇਣੀ ਹੈ। ਵਿਦਿਆ ਹੀ ਇਕ ਅਜਿਹਾ ਸਾਧਨ ਹੈ, ਜਿਸਦੀ ਪ੍ਰਾਪਤੀ ਨਾਲ ਸਾਡੇ ਪਿੰਡਾਂ ਦੇ ਨੌਜਵਾਨ, ਇਲਾਕੇ ਦੀ ਸਭਿਅਤਾ ਪ੍ਰਫੁੱਲਤ ਕਰ ਸਕਣਗੇ। ਨਾਲ ਹੀ ਵਿਦਿਆਰਥੀਆਂ ਨੂੰ ਚੰਗੀ ਵਿਦਿਆ ਦੇ ਕੇ ਪੂਰਨ ਪੁਰਸ਼ ਬਣਾਉਣ ਤੇ ਦਸਤਕਾਰੀ ਅਤੇ ਜ਼ਰਾਇਤ ਸਿਖਾਉਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ, ਤਾਂ ਜੋ ਇਸ ਸਕੂਲ ਦੇ ਪੜ੍ਹੇ ਵਿਦਿਆਰਥੀਆਂ ਨੂੰ ਨੌਕਰੀ ਦੀ ਭਾਲ ਵਿਚ ਨਾ ਫਿਰਨਾ ਪਵੇ। ਸਕੂਲ ਛੱਡਣ ਸਮੇਂ ਉਹ ਆਪਣੇ ਮਾਤਾ-ਪਿਤਾ ਤੇ ਬੋਝ ਨਹੀਂ ਹੋਣਗੇ। ਸਾਨੂੰ ਇਹ ਦੱਸਣ ਵਿਚ ਸੰਕੋਚ ਨਹੀਂ ਕਿ ਲੜਕੀਆਂ ਦੀ ਪੜ੍ਹਾਈ, ਸਦਾਚਾਰ ਅਤੇ ਘਰੋਗੀ ਕੰਮਾਂ ਦੀ ਸਿਖਲਾਈ ਉਤੇ ਪ੍ਰਬੰਧਕ ਖ਼ਾਸ ਧਿਆਨ ਦੇਂਦੇ ਹਨ ਅਤੇ ਅਗਾਂਹ ਨੂੰ ਇਸ ਤੋਂ ਵੀ ਵਧੇਰੇ ਦਿੱਤਾ ਜਾਵੇਗਾ।'

ਵਿਗਿਆਪਨ ਵਿਚ ਲੜਕੇ ਲੜਕੀਆਂ ਨੂੰ ਵੱਧ ਤੋਂ ਵੱਧ ਸਕੂਲ ਭੇਜਣ ਦੀ ਅਪੀਲ ਕਰਦਿਆਂ ਸਕੂਲ ਦੀ ਨਵੀਂ ਇਮਾਰਤ ਨੂੰ ਤਿਆਰ ਕਰਨ ਵਾਸਤੇ ਦਿਲ ਖੋਲ੍ਹ ਕੇ ਦਾਨ ਦੇਣ ਦੀ ਮੰਗ ਵੀ ਕੀਤੀ ਗਈ।

ਇਸ ਸਮੇਂ ਦੌਰਾਨ ਸਕੂਲ ਦੀ ਕਮੇਟੀ ਰਜਿਸਟਰਡ ਹੋ ਗਈ ਸੀ ਤੇ ਇਸਦਾ ਹਿਸਾਬ ਕਿਤਾਬ ਬਾਕਾਇਦਾ ਕੀਤਾ ਜਾਂਦਾ ਸੀ। ਇਸ ਇਸ਼ਤਿਹਾਰ ਤੋਂ ਸਕੂਲ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਦਾ ਵੀ ਵੇਰਵਾ ਮਿਲਦਾ ਹੈ, ਜੋ ਉਸ ਸਮੇਂ ਸਕੂਲ ਉਸਾਰੀ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਜ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਸਨ । :—

(1) ਬਾਬਾ ਸੋਹਣ ਸਿੰਘ ਭਕਨਾ — ਪ੍ਰਧਾਨ
(2) ਸੂਬੇਦਾਰ ਮੇਜਰ ਸ੍ਰ: ਮੱਘਰ ਸਿੰਘ — ਮੀਤ ਪ੍ਰਧਾਨ
(3) ਸ੍ਰ: ਦਰਸ਼ਨ ਸਿੰਘ; ਭਕਨਾ ਖੁਰਦ — ਸਕੱਤਰ
(1) ਸ੍ਰ: ਕੁੰਦਨ ਸਿੰਘ ਮੁਲਾਂ ਬਹਿਰਾਮ — ਸਹਾਇਕ ਸਕੱਤਰ
(5) ਬਾਬਾ ਗੁੱਜਰ ਸਿੰਘ, ਭਕਨਾ ਕਲਾਂ, — ਮੈਨੇਜਰ
(6) ਸ੍ਰ: ਜੋਗਿੰਦਰ ਸਿੰਘ, ਭਕਨਾ ਕਲਾਂ, — ਸਹਾਇਕ ਮੈਨੇਜਰ
(7) ਪੰਡਤ ਬਰਕਤ ਰਾਮ, ਭਕਨਾ ਕਲਾਂ — ਖਜ਼ਾਨਚੀ
(8) ਸ੍ਰ: ਹਰਚੰਦ ਸਿੰਘ, ਭਕਨਾ ਕਲਾਂ — ਸਹਾਇਕ ਖਜ਼ਾਨਚੀ
(9) ਸ੍ਰ: ਪੂਰਨ ਸਿੰਘ ਲੱਧੇਵਾਲਾ, — ਦਸਤਕਾਰੀ ਇੰਚਾਰਜ
(10) ਸ੍ਰ: ਖਜ਼ਾਨ ਸਿੰਘ, ਨੱਥੂਪੁਰਾ, — ਜ਼ਰਾਇਤ ਇੰਚਾਰਜ
(11) ਸ੍ਰ: ਵੀਰ ਸਿੰਘ, ਭਕਨਾ ਖੁਰਦ — ਮੈਂਬਰ
(12) ਸ੍ਰ: ਸੰਤਾ ਸਿੰਘ, ਚੀਚਾ, — ਮੈਂਬਰ
(13) ਸ੍ਰ: ਹਰਨਾਮ ਸਿੰਘ, ਬੀ.ਏ., ਬੀ.ਟੀ — ਮੁੱਖ ਅਧਿਆਪਕ

## ਹਿਸਾਬ ਤੇ ਉੱਨਤੀ ਰਿਪੋਰਟਾਂ

ਸਕੂਲ ਪ੍ਰਬੰਧਕ ਕਮੇਟੀ ਨੇ ਪਹਿਲਾਂ ਛਿਮਾਹੀ ਤੇ ਫਿਰ ਸਾਲਾਨਾ ਹਿਸਾਬ ਤੇ ਉੱਨਤੀ ਦੀਆਂ ਰਿਪੋਰਟਾਂ ਤਿਆਰ ਕਰਨੀਆਂ ਸ਼ੁਰੂ ਕੀਤੀਆਂ । ਇਹਨਾਂ ਨੂੰ ਛਪਵਾ ਕੇ ਆਮ ਲੋਕਾਂ ਵਿਚ ਵੀ ਵੰਡਿਆ ਜਾਂਦਾ ਸੀ ਤਾਂ ਜੋ ਲੋਕਾਂ ਨੂੰ ਸਕੂਲ ਦੀ ਤਰੱਕੀ ਅਤੇ ਇਸ ਦੇ ਪ੍ਰਬੰਧ ਬਾਰੇ ਚਾਨਣ ਹੋ ਸਕੇ ਅਤੇ ਆਮਦਨ-ਖਰਚ ਬਾਰੇ ਕਿਸੇ ਤਰ੍ਹਾਂ ਦਾ ਕੋਈ ਭੁਲੇਖਾ ਜਾਂ ਗਿਲਾ ਸ਼ਿਕਵਾ ਨਾ ਰਹੇ ।

1-6-54 ਤੋਂ 31-3-55 ਦੀ ਸਕੂਲ ਰਿਪੋਰਟ ਦਾ ਆਰੰਭ ਕਿੰਨੇ ਸੁੰਦਰ ਸ਼ਬਦਾਂ ਵਿਚ ਹੈ :—

"ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ ।
ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ ।"

ਉਪਰਲਾ ਸ਼ਲੋਕ ਜਿੰਨਾ ਮਹਾਂਪੁਰਸ਼ ਦੇ ਲਈ ਢੁੱਕਦਾ ਹੈ, ਉੱਨਾ ਹੀ ਆਸ਼ਰਮਾਂ ਤੇ ਢੁੱਕਦਾ ਹੈ, ਜੋ ਜਨਤਾ ਵੱਲੋਂ ਜਨਤਕ ਭਲਾਈ ਲਈ ਕਾਇਮ ਕੀਤੇ ਜਾਂਦੇ ਹਨ । ਜਨਤਾ ਹਾਈ ਸਕੂਲ ਭਕਨਾ ਨੂੰ ਅਸੀਂ ਇਕ ਐਸਾ ਚੰਦਨ ਦਾ ਬੂਟਾ ਤਸੱਵਰ ਕਰ ਸਕਦੇ ਹਾਂ । ਜਨਤਕ-ਬੂਟਿਆਂ ਦੀ ਪਾਲਣਾ ਜਨਤਾ ਹੀ ਕਰਦੀ ਹੈ ਅਤੇ ਜਨਤਾ ਵੱਲੋਂ ਹੀ ਜੀਵਨ-ਜਲ ਇਕ ਸਦਾ ਵਗਦੀ ਧਾਰਾ ਦੇ ਰੂਪ ਵਿਚ ਇਨ੍ਹਾਂ ਨੂੰ ਮਿਲਦਾ ਰਹਿੰਦਾ ਹੈ । ਮਾਲੀ ਤੇ ਰਾਖੇ ਦਾ ਕੰਮ ਇਸ ਜੀਵਨ-ਜਲ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਲਾਉਣ ਦਾ ਪ੍ਰਬੰਧ ਕਰਨਾ ਹੁੰਦਾ ਹੈ ਕਿ ਨਾ ਤਾਂ ਬਿਰਖ ਨੂੰ ਸੋਕਾ ਹੀ ਮਾਰੇ ਤੇ ਨਾ ਹੀ ਡੋਬਾ, ਅਤੇ ਬਿਰਖ ਦਾ ਤਣਾ ਦਿਨੋਂ ਦਿਨ ਬਲ਼ਵਾਨ ਹੁੰਦਾ ਜਾਵੇ ਤਾਂ ਜੋ ਹਨੇਰੀਆਂ ਤੇ ਝੱਖੜਾਂ ਦਾ ਮੁਕਾਬਲਾ ਕਰ ਸਕੇ। ਟਾਹਣਾਂ ਵਿਚੋਂ ਨਵੀਆਂ ਲਗਰਾਂ, ਨਵੀਆਂ ਪੱਤੀਆਂ ਤੇ ਨਵੇਂ ਸ਼ਗੂਫੇ (ਕਰੂੰਬਲਾਂ) ਫੁੱਟਣ। ਅਤੇ ਫਲ ਵੀ ਭਰ ਲਿਆਉਣ ਅਤੇ ਜਿਥੇ ਵੀ ਇਹ ਜਾਣ ਨਵੇਂ-ਚੰਦਨ ਬਿਰਖ ਉਗਾਉਣ ਵਿਚ ਸਮਰਥ ਹੋਣ।

ਕੰਮ ਕਰਨੀਆਂ ਕਮੇਟੀਆਂ ਅਸਲ ਵਿਚ ਮਾਲੀਆਂ ਤੇ ਰਾਖਿਆਂ ਦਾ ਕੰਮ ਕਰਦੀਆਂ ਹਨ ਅਤੇ ਉਨ੍ਹਾਂ ਦੇ ਕੰਮਾਂ ਦੀਆਂ ਰਿਪੋਰਟਾਂ ਸੰਸਥਾਵਾਂ ਦੀਆਂ ਤਰੱਕੀ ਦੀਆਂ ਮੰਜ਼ਿਲਾਂ ਨੂੰ, ਜਨਤਾ ਦੇ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਹੁੰਦਾ ਹੈ।"

ਇਨ੍ਹਾਂ ਰਿਪੋਰਟਾਂ ਤੋਂ ਸਕੂਲ ਇਮਾਰਤ ਦੀ ਤਤਕਾਲੀਨ ਹਾਲਤ, ਅਗਲੀ ਲੋੜ, ਵਿਦਿਆ ਤੇ ਨਤੀਜਿਆਂ ਦੀ ਸਥਿਤੀ, ਮਿਥੇ ਗਏ ਅਗਲੇ ਵਿਦਿਅਕ ਪ੍ਰੋਗਰਾਮ ਬਾਰੇ ਵੇਰਵਾ, ਸਟਾਫ ਦਾ ਵੇਰਵਾ, ਸਕੂਲ ਦੀ ਮਾਨਤਾ ਬਾਰੇ, ਖ਼ਾਸ ਉਗਰਾਹੀ ਵਾਲੇ ਦਾਨੀਆਂ ਦੇ ਨਾਂ, ਚਾਲੂ ਸਾਲ ਦੀ ਆਮਦਨ-ਖਰਚ ਅਤੇ ਨਵੇਂ ਸਾਲ ਦੀ ਯੋਜਨਾ ਉਲੀਕਣ ਬਾਰੇ ਚੋਖੀ ਵਾਕਫੀਅਤ ਮਿਲਦੀ ਹੈ। ਇਹ ਰਿਪੋਰਟਾਂ ਅਸਲ ਵਿਚ ਸਕੂਲ ਦੇ ਹਿਸਾਬ ਦੀਆਂ ਪ੍ਰਕਾਸ਼ਤ ਆਡਿਟ ਰਿਪੋਰਟਾਂ ਕਹੀਆਂ ਜਾ ਸਕਦੀਆਂ ਹਨ।

## ਸਕੂਲ-ਤੀਰਥ ਦਾ ਸਰੂਪ

ਜਨਤਾ ਹਾਈ ਸਕੂਲ ਦੀਆਂ ਸਾਲਾਨਾ ਰਿਪੋਰਟਾਂ ਬਾਬਾ ਭਕਨਾ ਦੇ ਇਕ ਮਹਾਨ ਜਾਗਰੂਕ ਤੇ ਬੌਧਿਕ ਸਰੂਪ ਨੂੰ ਪ੍ਰਗਟ ਕਰਦੀਆਂ ਹਨ। ਬਾਬਾ ਜੀ, ਗੁਰੂ ਨਾਨਕ ਦੇਵ ਜੀ ਦੇ ਨਿਰੇ ਕੱਟੜ ਜਾਂ ਅੰਧ-ਵਿਸ਼ਵਾਸੀ ਸਿੱਖ ਨਹੀਂ ਸਨ। ਉਹ ਨਾਨਕ-ਮੱਤ ਦੇ ਸਹੀ ਪਰਚਾਰਕ ਸਨ, ਜਿਨ੍ਹਾਂ ਨੇ ਆਪਣੀ ਗ਼ਦਰ ਪਾਰਟੀ ਦੇ ਯੁਗਾਂਤਰ ਆਸ਼ਰਮ ਵਿਚ, ਜੇਲ੍ਹਾਂ ਦੇ ਜੀਵਨ ਵਿਚ, ਕਿਰਤੀ-ਕਿਸਾਨ ਆਸ਼ਰਮ ਭਕਨਾ ਵਿਚ ਤੇ ਜਨਤਾ ਸਕੂਲ ਦੀ ਉਸਾਰੀ ਵਿਚ ਹਮੇਸ਼ਾ ਕਿਰਤ ਕਰਨ, ਵੰਡ ਕੇ ਖਾਣ ਅਤੇ ਇਸਤਰੀ ਨੂੰ ਮਾਣ ਦੇਣ ਦੇ ਪ੍ਰਣ ਨਿਭਾਏ ਸਨ।

ਸਕੂਲ ਨੂੰ ਇਕ ਤੀਰਥ ਵਾਂਗ ਦਾਨ ਦੇਣ ਦੀ ਪਿਰਤ ਉਨ੍ਹਾਂ ਨੇ ਆਪਣੇ ਇਲਾਕੇ ਵਿਚ ਸਭ ਤੋਂ ਪਹਿਲਾਂ ਆਪ ਹੀ 20 ਵਿਘੇ ਫਸਲ ਸਮੇਤ ਜ਼ਮੀਨ ਤੇ 500 ਰੁਪਿਆ ਨਕਦ ਦੇ ਕੇ ਪਾਈ। ਉਹ ਸੱਚੇ ਸਾਧੂਆਂ ਵਾਂਗ ਆਪਣੇ ਇਲਾਕੇ ਦੇ ਸੱਜਣਾਂ ਨਾਲ ਸਕੂਲ ਲਈ ਉਗਰਾਹੀ ਕਰਨ 'ਬਗਲੀ ਫੜਕੇ' ਘਰੋ ਘਰ ਵੀ ਗਏ।

ਬਾਬਾ ਜੀ ਸੁੱਚੇ ਧਾਰਮਿਕ ਮਨੁੱਖ ਸਨ। ਉਨ੍ਹਾਂ ਨੇ ਆਪਣੇ ਦਿਨ ਰਾਤ, ਆਪਣਾ ਆਪ ਸੰਵਾਰਨ ਲਈ ਨਹੀਂ ਗਾਲੇ ਸਗੋਂ ਵੱਧ ਤੋਂ ਵੱਧ ਜਨਤਾ ਦੀ ਸੇਵਾ ਵਿਚ ਹੰਢਾਏ। ਉਨ੍ਹਾਂ ਨੇ ਜਨਤਾ ਸਕੂਲ ਨੂੰ ਲੋਕਾਂ ਦੀ ਇਕ ਅਜਿਹੀ ਚਾਨਣ-ਮਿਸ਼ਾਲ ਬਣਾ ਦਿੱਤਾ ਸੀ, ਜਿਸ ਵਿਚ ਲੋਕ ਖੂਨ-ਪਸੀਨੇ ਦੀ ਕਮਾਈ ਦਾ ਸਰਦਾ ਬਣਦਾ ਤੇਲ ਖ਼ੁਦ ਪਾਉਣ ਆਉਂਦੇ ਸਨ। ਜਨਤਾ ਹਾਈ ਸਕੂਲ ਉਹ ਤੀਰਥ ਬਣ ਗਿਆ, ਜਿਥੇ ਵੱਖ ਵੱਖ ਪਿੰਡਾਂ, ਇਲਾਕਿਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਇਥੋਂ ਤਕ ਬਦੇਸ਼ਾਂ ਦੀਆਂ ਸੰਗਤਾਂ ਦਾ ਦਾਨ ਆਉਂਦਾ ਸੀ। ਪੀਰ ਹਦੂਰੀ ਤੋਂ ਵੀ ਮਾਇਆ ਇਕੱਠੀ ਹੋ ਕੇ ਸਕੂਲ ਦੇ ਖਾਤੇ ਪੈਂਦੀ ਸੀ।

ਇਸ ਚਾਨਣ ਜੋਤ ਦੀ ਰੋਸ਼ਨੀ ਨੂੰ ਬਾਬਾ ਜੀ ਨੇ ਕਦੇ ਵੀ ਮੱਧਮ ਨਾ ਹੋਣ ਦਿਤਾ। ਇਕ ਲੋਹੜੀ ਸਮੇਂ ਮੁੰਡੇ ਸਕੂਲ ਲਈ ਲੋਹੜੀ ਮੰਗਣ ਆਏ ਤਾਂ ਪਤਨੀ ਤੋਂ ਲਾਡਲੀ ਮੱਝ ਦੇ ਕੇ ਤੋਰਿਆ। ਦੇਸ਼ ਆਜ਼ਾਦੀ ਲਈ ਆਪਣੇ ਖੂਨ ਦੀ ਅਹੂਤੀ ਪਾਉਣ ਵਾਲੇ ਭਲਾ ਇਲਾਕੇ ਵਿਚ ਚਾਨਣ ਖਿਲਾਰਨ ਵਾਲੀ ਵਿਦਿਆ ਨੂੰ ਕਿਵੇਂ ਬੁੱਝਣ ਦੇਂਦੇ ?

## ਸਕੂਲ ਨੂੰ ਚਲਾਉਣ ਦੇ ਉਪਰਾਲੇ

ਪਹਿਲੇ ਸਾਲ ਸਕੂਲ ਦੇ ਮੁੱਖ ਅਧਿਆਪਕ ਸ: ਹਰਨਾਮ ਸਿੰਘ ਸਨ। ਉਨ੍ਹਾਂ ਇਕ ਸਾਲ ਦਿਲ ਜਾਨ ਨਾਲ ਕੰਮ ਕੀਤਾ। 1954 ਉਹ ਤਿਆਗ-ਪੱਤਰ ਦੇ ਕੇ ਚਲੇ ਗਏ। ਇਸ ਉਪਰੰਤ ਸ: ਸੁਜਾਨ ਸਿੰਘ (ਜੋ ਬਾਅਦ ਵਿਚ ਪ੍ਰਮੁੱਖ ਪੰਜਾਬੀ ਕਹਾਣੀਕਾਰ ਵਜੋਂ ਉਭਰੇ) ਸਕੂਲ ਦੇ ਨਵੇਂ ਮੁੱਖ ਅਧਿਆਪਕ ਬਣੇ ਅਤੇ ਸ: ਸਤਿਨਾਮ ਸਿੰਘ ਪਾਂਧੀ ਸਕੂਲ ਦੇ ਆਰੰਭ ਤੋਂ ਹੀ ਸੈਕਿੰਡ ਹੈਡਮਾਸਟਰ ਚਲੇ ਆ ਰਹੇ ਸਨ।

ਪਹਿਲੇ ਦੋ ਸਾਲਾਂ ਦਾ ਨਤੀਜਾ ਮੁੱਢਲੀ ਮਿਹਨਤ ਮੁਤਾਬਕ ਚੰਗਾ ਨਿਕਲਿਆ। ਇਸ ਸਮੇਂ ਸਾਇੰਸ ਦੀ ਪ੍ਰਯੋਗਸ਼ਾਲਾ, ਡਰਾਇੰਗ ਰੂਮ, ਫੁਟਬਾਲ, ਵਾਲੀਵਾਲ ਤੇ ਬੈਡਮਿੰਟਨ ਦਾ ਮੈਦਾਨ ਅਤੇ ਸਮਾਨ ਬਣਾਇਆ ਗਿਆ, ਜਦ ਕਿ ਸਕੂਲ ਦੇ ਸਾਹਮਣੇ ਪਲਾਟਾਂ ਵਿਚ ਫੁੱਲਵਾੜੀ ਲਾਈ ਗਈ।

## ਖਾਸਾ ਮਿਡਲ ਸਕੂਲ ਬਣਿਆ

ਜਨਤਾ ਹਾਈ ਸਕੂਲ ਭਕਨਾ ਨੂੰ ਚਲਦਿਆਂ ਅਜੇ ਦੋ ਸਾਲ ਹੀ ਹੋਏ ਸਨ ਕਿ ਖਾਸਾ ਡਿਸਟਲਰੀ ਦੇ ਸ: ਸੰਪੂਰਨ ਸਿੰਘ ਟਰੱਸਟ ਵਲੋਂ ਉਥੇ ਮਿਡਲ ਸਕੂਲ ਖੋਲ੍ਹ ਦਿਤਾ ਗਿਆ। ਫਿਰ ਭਕਨਾ ਖੁਰਦ ਵਿਚ ਲੜਕੀਆਂ ਦਾ ਸਰਕਾਰੀ ਸਕੂਲ ਖੁਲ੍ਹ ਗਿਆ, ਜਿਸ ਕਾਰਨ ਲੜਕੀਆਂ ਦਾ ਦਾਖ਼ਲਾ ਛੇਵੀਂ ਤੋਂ ਅੱਠਵੀਂ ਸ਼ਰੇਣੀ ਤਕ ਬੰਦ ਕਰਨਾ ਪਿਆ। ਭਕਨੇ ਤੋਂ 5 ਕਿ: ਮੀ: ਦੂਰ ਸਰਕਾਰੀ ਮਿਡਲ ਸਕੂਲ ਢੰਡ ਵੀ ਹਾਈ ਸਕੂਲ ਬਣ ਗਿਆ। ਇਸ ਪ੍ਰਕਾਰ ਜਨਤਾ ਹਾਈ ਸਕੂਲ ਭਕਨਾ ਛੇਹਰਟਾ, ਢੰਡ ਤੇ ਅਟਾਰੀ ਦੇ ਸਰਕਾਰੀ ਸਕੂਲਾਂ ਵਿਚ ਘਿਰ ਗਿਆ। ਉਧਰੋਂ ਸਰਕਾਰ ਨੇ ਛੇਵੀਂ ਅਤੇ ਸੱਤਵੀਂ ਸ਼ਰੇਣੀ ਦੀ ਪੜ੍ਹਾਈ ਦੀ ਫੀਸ ਮੁਆਫ਼ ਕਰ ਦਿਤੀ। ਇਸ ਨਾਲ ਹੋਰ ਪ੍ਰਾਈਵੇਟ ਸਕੂਲਾਂ ਵਾਂਗ ਭਕਨਾ ਹਾਈ ਸਕੂਲ ਤੇ ਵੀ ਬੱਚਿਆਂ ਦੀ ਹਾਜ਼ਰੀ ਤੇ ਮਾੜਾ ਅਸਰ ਪਿਆ। ਇਹਨਾਂ ਮੁਸ਼ਕਲਾਂ ਦੇ ਬਾਵਜੂਦ 1958-59 ਵਿਚ ਜਨਤਾ ਹਾਈ ਸਕੂਲ ਦੇ ਵਿਦਿਆਰਥੀਆਂ ਦੀ ਗਿਣਤੀ (ਪਹਿਲੇ ਸਾਲਾਂ ਨਾਲੋਂ ਵੱਧ) ਪੌਣੇ ਤਿੰਨ ਸੌ ਸੀ। ਸਕੂਲ ਦੀ ਪ੍ਰਗਤੀ ਰਿਪੋਰਟ ਅਨੁਸਾਰ ਜੇ ਉਪਰੋਕਤ ਮੁਸ਼ਕਲਾਂ ਨਾ ਪੈਂਦੀਆਂ ਤਾਂ ਸਕੂਲ ਦੂਹਰੇ ਸੈਕਸ਼ਨਾਂ ਵਿਚ ਹੁੰਦਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਬਾਬੇ ਦੀ ਸੰਤਾਨ

ਜਨਤਾ ਹਾਈ ਸਕੂਲ ਭਕਨਾ ਦੇ ਸਟਾਫ ਦੀਆਂ ਤਨਖ਼ਾਹਾਂ ਇਲਾਕਾ ਨਿਵਾਸੀਆਂ ਦੀ ਉਗਰਾਹੀ ਤੇ ਫੀਸਾਂ ਤੇ ਨਿਰਭਰ ਸਨ। ਇਹ ਸਕੂਲ ਅਸਲ ਵਿਚ ਬਾਬਾ ਜੀ ਦੀ ਜ਼ਿੰਦ ਜਾਨ ਸੀ। ਸਾਰੇ ਅਧਿਆਪਕ ਤੇ ਵਿਦਿਆਰਥੀ ਇਸ ਨੂੰ ਤੋਰਨ ਵਾਲੇ ਸਾਥੀ ਸਨ। ਕਈ ਕਈ ਵਾਰ ਫ਼ੀਸਾਂ ਦੀ ਵਸੂਲੀ ਤੇ ਉਗਰਾਹੀ ਘਟਣ ਕਾਰਨ ਮੰਦਵਾੜੇ ਦੇ ਦਿਨ ਵੀ ਆਏ ਪਰ ਬਾਬਾ ਜੀ ਨੇ ਹੋਰ ਜ਼ਮੀਨ ਗਹਿਣੇ ਪਾ ਕੇ ਵੀ ਸਕੂਲ ਦਾ ਖਰਚ ਤੋਰਿਆ। ਉਹ ਆਪਣੇ ਇਲਾਕੇ ਦੇ ਨੌਜਵਾਨਾਂ ਨੂੰ ਵਿਦਿਆ ਦੇ ਗਹਿਣੇ ਨਾਲ ਮਾਲੋਮਾਲ ਕਰਨਾ ਚਾਹੁੰਦੇ ਸਨ। ਉਹ ਗਹਿਣਾ, ਜੋ ਧਨ-ਦੌਲਤ, ਸੋਨੇ ਤੇ ਜਮੀਨ ਤੋਂ ਵੀ ਕੀਮਤੀ ਹੁੰਦਾ ਹੈ ਅਤੇ ਜਿਸ ਨੂੰ ਕੋਈ ਚੋਰ ਚੁਰਾ ਨਹੀਂ ਸਕਦਾ। ਇਸ ਬਾਰ 'ਕੁਰਾਨ' ਵਿਚ ਲਿਖਿਆ ਦੱਸਦੇ ਹਨ :-

ਕਿਸੇ ਨੂੰ ਸੋਨਾ ਦੇਣ ਨਾਲੋਂ ਵਿਦਿਆ ਦਾਨ ਦੇਣਾ ਬਹੁਤਾ ਅਨਮੋਲ ਹੈ।

ਬਾਬਾ ਜੀ ਦਾ ਆਪਣਾ ਕੋਈ ਵੀ ਧੀ-ਪੁੱਤਰ ਨਹੀਂ ਸੀ। ਜਨਤਾ ਅਤੇ ਦੇਸ਼ ਦਾ ਕੁਲ ਬਾਲ-ਪਰਿਵਾਰ ਹੀ ਉਨ੍ਹਾਂ ਦੀ ਸੰਤਾਨ ਅਤੇ ਸਭ ਕੁਝ ਸੀ। ਇਕ ਵਾਰ ਮੁਲਕ ਦਾ ਕੋਈ ਰਾਜਦੂਤ ਬਾਬਾ ਜੀ ਕੋਲੋਂ ਉਨ੍ਹਾਂ ਦੇ ਬਾਲ ਬੱਚਿਆਂ ਬਾਰੇ ਪੁੱਛ ਬੈਠਾ ਤਾਂ ਬਾਬਾ ਜੀ ਨੇ ਜਨਤਾ ਸਕੂਲ ਵੱਲ ਇਸ਼ਾਰਾ ਕਰ ਦਿੱਤਾ। ਉਸ ਨੇ ਸਮਝਿਆ ਕਿ ਸਕੂਲ ਪੜ੍ਹਦੇ ਹੋਣਗੇ ਅਤੇ ਫਿਰ ਗਿਣਤੀ ਪੁੱਛ ਲਈ।

"ਮੇਰੇ ਤਿੰਨ ਸੌ ਬੱਚੇ ਨੇ। ਸਾਰੇ ਔਸ ਸਕੂਲੇ ਪੜ੍ਹ ਰਹੇ ਨੇ।" ਬਾਬਾ ਜੀ ਨੇ ਸਹਿਜ ਸੁਭਾਅ ਉਤਰ ਦਿੱਤਾ। ਅਸਲੀਅਤ ਸਮਝ ਕੇ ਰਾਜਦੂਤ ਅਵਾਕ ਰਹਿ ਗਿਆ।

ਇਵੇਂ ਇਹ ਜਨਤਾ ਦੇ ਨਾਂ ਬਣਾਇਆ ਸਕੂਲ ਤਾਂ ਲੋਕਾਂ, ਅਧਿਆਪਕਾਂ ਤੇ ਵਿਦਿ-ਆਰਥੀਆਂ, ਸਭ ਦਾ ਸਾਂਝਾ ਸੀ। ਉਹ ਸਕੂਲ ਦਾ ਖਰਚ ਤੋਰਨ ਤੇ ਇਸਦੀ ਉੱਨਤੀ ਵਾਸਤੇ ਸਦਾ ਤਿਆਰ ਰਹਿੰਦੇ ਸਨ।

## ਗੰਨੇ ਨਾ ਤੋੜਨ ਦਾ ਇਨਾਮ

ਇਕ ਵਾਰ ਬਾਬਾ ਜੀ ਆਪਣੇ ਸਕੂਲ ਨੇੜਲੇ ਆਸ਼ਰਮ ਤੋਂ ਆਪਣੇ ਖੇਤਾਂ ਵਿਚ ਘੁੰਮ ਰਹੇ ਸਨ ਕਿ ਗੰਨਿਆਂ ਦੇ ਖੇਤ (ਕਮਾਦ) ਨੇੜੇ ਉਨ੍ਹਾਂ ਨੂੰ ਕੁਝ ਬੱਚਿਆਂ ਦੀ ਆਪਸੀ ਘੁਸਰ ਮੁਸਰ ਕੰਨੀਂ ਪਈ। ਬੱਚੇ, ਬਾਬੇ ਜੀ ਦੇ ਬਣਾਏ ਸਕੂਲ ਵਿਚ ਹੀ ਪੜ੍ਹਦੇ ਜਾਪਦੇ ਸਨ ਅਤੇ ਗੰਨੇ ਚੂਪਣ ਦੀਆਂ ਸਲਾਹਾਂ ਕਰ ਰਹੇ ਸਨ। ਇਕ ਨੇ ਵਿਚੋਂ ਗੱਲ ਟੋਕਦਿਆਂ ਕਿਹਾ, "ਏਦਾਂ ਚੋਰੀ ਗੰਨੇ ਪੁੱਟਣੇ ਠੀਕ ਨਹੀਂ। ਬਾਬਾ ਜੀ, ਗੁੱਸੇ ਹੋਣਗੇ।"

ਬਾਕੀ ਵੀ ਉਸ ਨਾਲ ਸਹਿਮਤ ਹੋ ਗਏ ਅਤੇ ਸਾਰੇ ਜਣੇ ਗੰਨੇ ਚੂਪਣੋਂ ਬਗ਼ੈਰ ਘਰੀਂ ਚਲੇ ਗਏ।

ਬਾਬਾ ਜੀ ਕਿਸੇ ਆਪਾਰ ਖ਼ੁਸ਼ੀ ਵਿਚ ਲੀਨ ਸਨ। ਉਨ੍ਹਾਂ ਨੂੰ ਉਸ ਵਕਤ ਕੁਝ ਨਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੱਝਿਆ। ਅਗਲੇ ਦਿਨ ਸਕੂਲ ਦੀ ਪ੍ਰਾਰਥਨਾ ਵੇਲੇ ਉਹ ਸਕੂਲ ਆਏ, ਪਹਿਲੇ ਦਿਨ ਦੀ ਘਟਨਾ ਸੁਣਾਈ ਅਤੇ ਗੰਨੇ ਨਾ ਤੋੜਨ ਵਾਲੇ ਬੱਚਿਆਂ ਬਾਰੇ ਪੁੱਛਿਆ। ਸੰਬੰਧਤ ਬੱਚਿਆਂ ਦੇ ਖੜ੍ਹੇ ਹੋਣ 'ਤੇ ਬਾਬਾ ਜੀ ਬੜੇ ਖ਼ੁਸ਼ ਹੋਏ।

"ਹੁਣ ਮੈਨੂੰ ਤਸੱਲੀ ਏ ਕਿ ਤੁਸੀਂ ਠੀਕ ਵਿਦਿਆ ਲੈ ਰਹੇ ਓ", ਬਾਬਾ ਜੀ ਨੇ ਖੁਸ਼ੀ ਵਿਚ ਗਦ ਗਦ ਹੁੰਦਿਆਂ ਕਿਹਾ, "ਹੁਣ ਸਕੂਲ ਦੇ ਸਾਰੇ ਬੱਚੇ ਕਮਾਦ ਵਿਚ ਜਾਓ ਅਤੇ ਦੋ ਦੋ ਗੰਨੇ ਲਿਆ ਕੇ ਚੂਪੋ।"

## ਸੰਤਰਿਆਂ ਤੇ ਮਾਲਟਿਆਂ ਦਾ ਬਾਗ

ਸਕੂਲ ਦੇ ਇਕ ਪਾਸੇ ਸੰਤਰਿਆਂ ਤੇ ਮਾਲਟਿਆਂ ਦਾ ਬਾਗ ਲਾਇਆ ਗਿਆ। ਇਹ ਵਿਦਿਆਰਥੀਆਂ ਲਈ ਬਾਗ਼ਬਾਨੀ ਸਿਖਣ ਦੀ ਪ੍ਰਯੋਗਸ਼ਾਲਾ ਸੀ ਤੇ ਸਕੂਲ ਦੀ ਆਮਦਨ ਨੂੰ ਵਧਾਉਣ ਲਈ ਫਲਾਂ ਦੀ ਪਨੀਰੀ ਵੀ। ਇਸ ਨੂੰ ਲਾਉਣ ਵਿਚ ਪਾਂਧੀ ਸਾਹਿਬ, ਡਰਾਇੰਗ ਮਾਸਟਰ ਵਿਲਖੂ ਸਮੇਤ ਹਜ਼ਾਰਾ ਸਿੰਘ ਮਾਲੀ ਨੇ ਵੀ ਹੱਥ ਵਟਾਇਆ। ਇਹ ਸਭ ਕੁਝ ਸਖ਼ਤ ਮਿਹਨਤ ਦੀ ਮੂੰਹ ਬੋਲਦੀ ਤਸਵੀਰ ਸੀ, ਜੋ ਬਾਅਦ ਵਿਚ ਸਾਂਭ ਹੱਥੋਂ ਲੀਰੋ-ਲੀਰ ਹੁੰਦੀ ਚਲੀ ਗਈ।

## ਸ਼ਹਿਤੂਤ ਤੇ ਰੇਸ਼ਮ ਦੇ ਕੀੜੇ

ਸਕੂਲ ਦੇ ਪਿਛਵਾੜੇ ਸ਼ਹਿਤੂਤ ਦੇ ਦਰੱਖ਼ਤ ਲਾਏ ਹੋਏ ਸਨ। ਸਕੂਲ ਦੀ ਆਮਦਨ ਵਧਾਉਣ ਲਈ ਇਨ੍ਹਾਂ ਤੇ ਰੇਸ਼ਮ ਦੇ ਕੀੜੇ ਪਾਲਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਸ਼ਹਿਤੂਤ ਦੇ ਪੱਤੇ ਰੇਸ਼ਮ ਦੇ ਕੀੜਿਆਂ ਦੀ ਮਨ-ਭਾਉਂਦੀ ਖ਼ੁਰਾਕ ਹਨ। ਕੀੜਿਆਂ ਨੂੰ ਪੱਤੇ ਪਾਉਣ ਵਿਚ ਉਪਰੋਕਤ ਤਿੰਨ-ਚਾਰ ਸੱਜਣਾਂ ਤੋਂ ਬਿਨਾਂ ਪਾਂਧੀ ਸਾਹਿਬ ਦੇ ਬਾਕੀ ਪਰਿਵਾਰ ਦਾ ਵੀ ਇਸ ਕਾਰਜ ਵਿਚ ਵਿਸ਼ੇਸ਼ ਹੱਥ ਸੀ।

ਸਕੂਲ ਸਮੇਂ ਤੋਂ ਬਾਅਦ ਰੇਸ਼ਮ ਦੇ ਕੀੜਿਆਂ ਨੂੰ ਸ਼ਹਿਤੂਤ ਦੇ ਪੱਤੇ ਕੁੱਤਰ ਕੇ ਪਾਉਣਾ ਇਕ ਉੱਦਮੀ ਸ਼ੁਗਲ ਸੀ। ਬਾਬਾ ਸੋਹਣ ਸਿੰਘ ਭਕਨਾ ਵੀ ਆਪਣੇ ਨੇੜਲੇ ਆਸ਼ਰਮ ਤੋਂ ਆਪਣੇ ਕੁੱਤੇ 'ਬਾਜ਼' ਨੂੰ ਨਾਲ ਲੈ ਕੇ ਇਥੇ ਆਣ ਬਹਿੰਦੇ। ਗੱਲਾਂ ਕਰਦੇ ਕਰਦੇ ਆਪਣੇ ਸਾਥੀਆਂ ਨੂੰ ਗਦਰ ਪਾਰਟੀ ਦੀਆਂ ਕਹਾਣੀਆਂ, ਬਦੇਸ਼ਾਂ ਦੀਆਂ ਘਟਨਾਵਾਂ ਤੇ ਕਦੇ ਜੇਲ੍ਹ-ਯਾਤਰਾਵਾਂ ਵਿਚ ਲੈ ਜਾਂਦੇ। ਇਹ ਗੱਲਾਂ ਕਦੇ ਕਦੇ ਬੜੀਆਂ ਸੁਆਦੀ ਹੁੰਦੀਆਂ ਅਤੇ ਕਦੇ ਕਦੇ ਲੂੰ ਕੰਡੇ ਖੜੇ ਕਰਨ ਵਾਲੀਆਂ ਖ਼ੌਫਨਾਕ। ਨਾਲ ਨਾਲ ਮਿੱਠੀਆਂ ਮਿੱਠੀਆਂ ਮਿੱਠੀਆਂ ਸਿੱਖਿਆਵਾਂ ਤਾਂ ਡੂੰਗੇ ਵਿਚ ਦੇਈ ਜਾਂਦੇ ਸਨ।

ਰੇਸ਼ਮ ਦੇ ਕੀੜਿਆਂ ਤੋਂ ਹੋਈ ਆਮਦਨ ਕੋਈ ਖ਼ਾਸ ਨਹੀਂ ਸੀ ਪਰ ਇਹ ਵੀ ਸਕੂਲ ਖਰਚੇ ਨੂੰ ਘੱਟ ਕਰਨ ਵਿਚ ਮਦਦ ਕਰਦੀ ਸੀ। ਇਹ ਆਮਦਨ ਭਾਵੇਂ ਊਠ ਤੋਂ ਛਾਨਣੀ ਲਾਹੁਣ ਜਿੰਨੀ ਹੋਵੇ ਪਰ ਇਸ ਨਾਲ ਸਕੂਲ ਵਿਚ ਇਕ ਨਵੀਂ ਰੁਚੀ ਨੂੰ ਉਤਸ਼ਾਹ ਮਿਲਿਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਸਕੂਲ ਦਾ ਬੈਂਡ-ਵਾਜਾ

ਸ: ਅਮਰ ਸਿੰਘ ਡਰਾਇੰਗ ਮਾਸਟਰ ਨੇ ਵਿਦਿਆਰਥੀਆਂ ਦੀ ਡਰਿਲ ਵਾਸਤੇ ਇਕ ਬੈਂਡ ਵਾਜਾ ਬਣਵਾਇਆ। ਸ਼ਹਿਨਾਈਆਂ ਤੇ ਬੰਸਰੀਆਂ ਵੀ ਆਈਆਂ, ਜੋ ਬੈਂਡ ਦੀ ਧਮਕਾਰ ਨਾਲ ਵੰਨ-ਸੁਵੰਨੀਆਂ ਸੁਰਾਂ ਨਾਲ ਮਨ ਮੋਂਹਦੀਆਂ ਸਨ। ਫਿਰ ਘੇਬਰ ਰਾਮ ਨਾਂ ਦ ਫ਼ੌਜ਼ੀ ਬੈਂਡ-ਮਾਸਟਰ ਨੇ ਪਾਲਕੀ ਅਤੇ ਜੰਞ ਦੀ ਸ਼ੋਭਾ ਲਈ ਵਿਦਿਆਰਥੀ ਟੀਮ ਤਿਆਰ ਕਰ ਲਈ।

ਸਕੂਲ ਦਾ ਇਹ ਸ਼ਾਹੀ-ਬੈਂਡ ਉਚੇਚ ਨਾਲ ਗੁਰਪੁਰਬਾਂ ਦਿਨਾਂ-ਤਿਉਹਾਰਾਂ ਅਤੇ ਵਿਆਹਾਂ-ਸ਼ਾਦੀਆਂ ਦੀ ਸ਼ਾਨ ਬਣ ਗਿਆ। ਇਸਨੂੰ ਲਿਜਾਣ ਲਈ ਇਕ ਪ੍ਰਕਾਰ ਦੀ ਫ਼ੀਸ ਜਾਂ ਸ਼ਗਨ ਨਿਸ਼ਚਤ ਸੀ, ਜੋ ਸ਼ਾਦੀ-ਵਿਆਹ ਵਾਲਿਆਂ ਵੱਲੋਂ ਸਕੂਲ ਆਮਦਨ ਵਿਚ ਜਮ੍ਹਾਂ ਕਰਾਉਣ ਖੁਸ਼ੀ ਦਾ ਦਾਨ ਵੀ ਸਮਝਿਆ ਜਾ ਸਕਦਾ ਸੀ।

ਬਾਅਦ ਵਿਚ ਇਸ ਬੈਂਡ ਦੀ ਅਗਵਾਈ ਨਵੇਂ ਆਏ ਡਰਾਇੰਗ ਮਾਸਟਰ ਸ: ਜਰਨੈਲ ਸਿੰਘ ਵਿਲਖੂ ਦੇ ਜ਼ਿੰਮੇ ਆਈ। ਇਹ ਬੈਂਡ ਕਈ ਸਾਲ ਆਪਣੇ ਰੰਗ-ਤਰੰਗ ਵਿਖਾਉਂਦਾ ਰਿਹਾ ਅਤੇ ਕਰਦੇ ਕਰਦੇ ਅਤੀਤ ਦੀ ਯਾਦ ਬਣ ਗਿਆ।

## ਨਮੂਨੇ ਦਾ ਸਕੂਲ

ਇਹ ਸਕੂਲ ਬੜੀਆਂ ਔਕੜਾਂ ਨਾਲ ਚੱਲ ਰਿਹਾ ਸੀ। ਪਰ ਇਸਦੇ ਸਟਾਫ਼ ਦੀਆਂ ਤਨਖ਼ਾਹਾਂ ਕਿਸੇ ਗੱਲੋਂ ਵੀ ਸਰਕਾਰੀ ਸਟਾਫ ਤੋਂ ਘੱਟ ਨਹੀਂ ਸਨ ਅਤੇ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਭੁਗਤਾਨ ਦਾ ਯਤਨ ਹੁੰਦਾ ਸੀ।

ਜਦੋਂ ਸਰਕਾਰੀ ਸਕੂਲਾਂ ਵਾਂਗ ਜਨਤਾ ਸਕੂਲ ਵਿਚ ਛੇਵੀਂ ਸੱਤਵੀਂ ਦੀ ਫੀਸ ਮੁਆਫ਼ ਕਰ ਦਿੱਤੀ ਗਈ ਤਾਂ ਇਸ ਨਾਲ ਸਕੂਲ ਦੇ ਖਰਚੇ ਤੇ ਹੋਰ ਬੋਝ ਆ ਪਿਆ। ਸਕੂਲ ਦੇ ਬਾਨੀ, ਪ੍ਰਬੰਧਕ ਅਤੇ ਚਿੰਤਕ ਇਸਨੂੰ ਚਲਾਉਣ ਲਈ ਤਨ, ਮਨ ਤੇ ਧਨ ਨਾਲ ਜੁਟੇ ਰਹੇ।

## ਚੰਦਨਾਂ ਦਾ ਵਿਹੜਾ

ਚੱਲ ਰਹੀ ਸਕੂਲ-ਕਹਾਣੀ ਵਿਚ ਚੰਦਨ-ਬੂਟੇ ਵਾਲੇ ਸ਼ਲੋਕ ਦਾ ਜ਼ਿਕਰ ਆਇਆ ਸੀ। ਮੇਰੀ ਜਾਚੇ ਜਨਤਾ ਸਕੂਲ ਇਕ ਨਹੀਂ, ਦੋ ਤਿੰਨ ਚੰਦਨ-ਬੂਟਿਆਂ ਵਾਲਾ ਸੀ। ਮਾਨਵ-ਕਲਿਆਣ ਦੇ ਪ੍ਰਤੀਕ ਦੇਸ਼ਭਗਤ ਵਰਗਾ ਚੰਦਨ ਭਲਾ ਹੋਰ ਕੌਣ ਹੋ ਸਕਦਾ ਹੈ? ਤੇ ਫਿਰ ਬਾਬੇ ਭਕਨੇ ਜਿਹਾ, ਜਿਸ ਦੇ ਰੋਮ ਰੋਮ ਵਿਚ ਜਨਤਾ ਦਾ ਹੀ ਜਾਪ ਹੋਵੇ ਅਤੇ ਫਿਰ ਬਾਬਾ ਗੁੱਜਰ ਸਿੰਘ ਭਕਨਾ (ਛੋਟੇ ਬਾਬਾ ਜੀ) ਜਿਹੇ ਗ਼ਦਰ ਪਾਰਟੀ ਦੇ ਉੱਘੇ ਦੇਸ਼ਭਗਤ ਵੀ ਸਕੂਲ ਦੇ ਅੰਗ ਸੰਗ ਸਨ!

ਦੇਸ਼ਭਗਤ ਅਤੇ ਸ਼ਹੀਦ, ਨੌਜਵਾਨਾਂ ਲਈ ਕੌਮ-ਪ੍ਰਸਤੀ ਦਾ ਚਾਨਣ ਹਨ ਅਤੇ ਵਿਦਿਆ, ਜੀਵਨ ਦੀ ਰਾਹ-ਦਸੇਰੀ ਰੌਸ਼ਨੀ ਹੈ। ਇਵੇਂ ਜਨਤਾ ਹਾਈ ਸਕੂਲ ਭਕਨਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੌਸ਼ਨੀਆਂ ਦਾ ਘਰ ਸੀ; ਜਿਥੋਂ ਨਿਸਚੇ ਹੀ ਸੱਚੀ-ਸੁੱਚੀ ਜ਼ਿੰਦਗੀ ਦੀ ਸੇਧ ਮਿਲਣੀ ਚਾਹੀਦੀ ਸੀ।

ਬਾਬਾ ਭਕਨਾ ਸਵੇਰ-ਸ਼ਾਮ ਸਕੂਲ ਦੀਆਂ ਪੌਣਾਂ ਵਿਚ ਆਪਣੀ ਹੋਂਦ ਮਹਿਕ ਦੀ ਪਸਾਰਦੇ। ਸਵੇਰ ਦੀ ਪ੍ਰਾਰਥਨਾ ਵੇਲੇ ਆਉਂਦੇ ਤਾਂ ਬੱਚਿਆਂ ਨੂੰ ਸੁੱਚੀ ਸਿਖਿਆ ਅਤੇ ਮਿੱਠੜੀਆਂ ਅਸੀਸਾਂ ਨਾਲ ਨਿਹਾਲਦੇ। ਛਨੀਵਾਰ ਨੂੰ ਸਕੂਲ ਦੀ ਬਾਲ-ਸਭਾ ਹੁੰਦੀ ਤਾਂ ਸਭਨਾਂ ਵਿਚ ਬਹਿ ਕੇ ਗੀਤ-ਸੰਗੀਤ ਦਾ ਆਨੰਦ ਲੈਂਦੇ।

## ਸਕੂਲ ਸਰਕਾਰੀ ਹੋ ਗਿਆ

1964 ਵਿਚ ਜਨਤਾ ਹਾਈ ਸਕੂਲ ਆਪਣੀ ਉਮਰ ਦੇ ਦਸ ਵਰ੍ਹੇ ਪੂਰੇ ਕਰ ਚੁੱਕਾ ਸੀ। ਸਕੂਲ ਦੀ ਆਮਦਨ ਦੇ ਵਸੀਲੇ ਬੜੇ ਸੀਮਤ ਸਨ ਪਰ ਖਰਚ ਬੜਾ ਵੱਧ ਚੁੱਕਾ ਸੀ। ਇਲਾਕੇ ਦੇ ਲੋਕ ਦਾਨ ਅਤੇ ਉਗਰਾਹੀ ਵੱਲੋਂ ਵੀ ਮੂੰਹ ਮੋੜਨ ਲੱਗ ਪਏ ਸਨ। ਅਧਿਆਪਕਾਂ ਦੀਆਂ ਤਨਖ਼ਾਹਾਂ ਤੋਰਨੀਆਂ ਮੁਸ਼ਕਲ ਹੋ ਗਈਆਂ ਸਨ। ਬਾਬਾ ਜੀ ਅਤੇ ਸਕੂਲ ਪ੍ਰਬੰਧਕ ਕਮੇਟੀ ਵਾਲੇ ਹੇਠੀਆਂ-ਜੇਠੀਆਂ ਕਰ ਕੇ ਦਿਨ ਟਪਾਉਂਦੇ ਆ ਰਹੇ ਸਨ ਪਰ ਆਰਥਿਕ ਤੰਗੀ ਪਹਾੜ ਬਣੀ ਖਲੋਤੀ ਸੀ।

ਓੜਕ ਪ੍ਰਬੰਧਕ ਕਮੇਟੀ ਨੇ ਜਨਤਾ ਹਾਈ ਸਕੂਲ ਸਰਕਾਰ ਦੇ ਸਪੁਰਦ ਕਰਨ ਦਾ ਮਨ ਬਣਾ ਲਿਆ। ਬਾਬਾ ਜੀ ਨੇ ਵੀ ਦੁਖੀ ਮਨ ਨਾਲ ਇਹ ਮਤਾ ਮਨਜ਼ੂਰ ਕਰ ਲਿਆ। ਸਕੂਲ ਨੂੰ ਸਰਕਾਰੀ ਕਰਨ ਲਈ ਕਾਰਵਾਈ ਚਾਲੂ ਹੋ ਗਈ।

ਸਰਕਾਰ ਦੀ ਅਫਸਰਸ਼ਾਹੀ ਨੇ ਸਕੂਲ ਦੇ ਸਰਕਾਰੀ ਹੋਣ ਵਿਚ ਕਾਫ਼ੀ ਲੱਤ ਅੜਾਈ। ਇਕ ਜਾਣਕਾਰੀ ਅਨੁਸਾਰ ਇਸ ਨੂੰ ਸਰਕਾਰੀ ਕਰਨੋਂ ਇਸ ਕਰਕੇ ਵੀ ਨਾਮਨਜ਼ੂਰ ਕਰ ਦਿੱਤਾ ਗਿਆ ਕਿ ਬਾਬਾ ਸੋਹਣ ਸਿੰਘ, ਬਾਬਾ ਗੁੱਜਰ ਸਿੰਘ ਆਦਿ ਕੌਮਨਿਸਟ ਇਸ ਸਕੂਲ ਨਾਲ ਸੰਬੰਧਤ ਹਨ।

ਦੱਸਦੇ ਹਨ ਕਿ ਚਿੱਠੀ ਦੀ ਨਕਲ ਤਤਕਾਲੀਨ ਮੁੱਖ ਮੰਤਰੀ (ਗੋਪੀ ਚੰਦ ਭਾਰਗੋ) ਨੂੰ ਵੀ ਭੇਜੀ ਗਈ। ਉਨ੍ਹਾਂ ਨੇ ਏਦਾਂ ਦੀ ਚਿੱਠੀ ਲਿਖਣ ਬਦਲੇ, ਆਪ ਖਿਮਾ ਮੰਗੀ ਅਤੇ ਇਹ ਵੀ ਕਿਹਾ ਕਿ ਬਾਬਾ ਜੀ ਵਰਗੇ ਮਹਾਂਪੁਰਸ਼ਾਂ ਅਤੇ ਦੇਸ਼ਭਗਤਾਂ ਵਲੋਂ ਚਲਾਇਆ ਗਿਆ ਇਹ ਸਕੂਲ ਸਗੋਂ ਮਹਾਨ ਹੈ ਅਤੇ ਇਸ ਨੂੰ ਛੇਤੀ ਹੀ ਸਰਕਾਰੀ ਕੀਤਾ ਜਾਵੇਗਾ। ਸੰਬੰਧਤ ਮੁੱਖ ਮੰਤਰੀ ਭਕਨੇ ਇਲਾਕੇ ਵਿਚ ਕਿਧਰੇ ਜਲਸੇ ਵਿਚ ਆਏ ਅਤੇ ਉਨ੍ਹਾਂ ਨੇ ਜਨਤਾ ਹਾਈ ਸਕੂਲ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਜੇਕਰ ਬਾਬਾ ਜੀ ਕੌਮਨਿਸਟ ਹਨ ਤਾਂ ਸਾਰੀ ਸਰਕਾਰ ਹੀ ਕੌਮਨਿਸਟ ਹੈ। ਉਨ੍ਹਾਂ ਮਾਣ ਨਾਲ ਹਿੱਕ ਤਾਣਦਿਆਂ ਮੰਨਿਆ ਕਿ ਉਹ ਤਾਂ ਖ਼ੁਦ ਬਾਬਾ ਜੀ ਦੇ ਪੂਰਨਿਆਂ ਤੇ ਚੱਲ ਕੇ ਜਨਤਕ ਪਿੜ ਵਿਚ ਉਤਰੇ ਸਨ।

ਇਵੇਂ ਕਰਦੇ ਕਰਾਂਦੇ ਜਨਤਾ ਸਕੂਲ ਸਰਕਾਰ ਦੇ ਸਪੁਰਦ ਹੋ ਗਿਆ ਅਤੇ ਸਰਕਾਰੀ ਹਾਈ ਸਕੂਲ ਭਕਨਾ ਵਜੋਂ ਪ੍ਰਚੱਲਿਤ ਹੋਇਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦਿਨ ਤੋਂ ਬਾਅਦ ਬਾਬਾ ਭਕਨਾ ਸਕੂਲ ਦੇ ਖ਼ਰਚੇ ਨੂੰ ਤੋਰਨ ਦੇ ਬੋਝ ਤੋਂ ਮੁਕਤ ਹੋ ਗਏ ਪਰ ਆਪਣੇ ਹੱਥੀਂ ਲਾਏ ਇਸ ਪੌਦੇ ਨੂੰ ਉਨ੍ਹਾਂ ਕਦੇ ਅੱਖੋਂ ਪਰੋਖੇ ਨਹੀਂ ਕੀਤਾ। ਉਹ ਇਸ ਦੇ ਵਿਕਾਸ ਨੂੰ ਵੇਖਣ ਅਕਸਰ ਫੇਰਾ ਮਾਰਦੇ ਰਹਿੰਦੇ। ਉਹ ਇਸ ਨੂੰ ਵਧਦਾ ਫੁੱਲਦਾ ਵੇਖਣ ਦੇ ਅਭਿਲਾਖੀ ਸਨ, ਤਾਂ ਜੋ ਇਹ ਆਪਣੇ ਲੋਕਾਂ ਨੂੰ ਵਿਦਿਆ ਦੀ ਸੰਘਣੀ ਛਾਂ ਦੇ ਸਕੇ।

ਬਦੇਸ਼ ਰਟਨ ਨਾਲ ਬਣੇ ਦ੍ਰਿਸ਼ਟੀਕੋਨ ਕਾਰਨ ਬਾਬਾ ਸੋਹਣ ਸਿੰਘ ਭਕਨਾ ਕੁੜੀਆਂ ਦੀ ਤਾਲੀਮ ਨੂੰ, ਮੁੰਡਿਆਂ ਦੀ ਵਿਦਿਆ ਤੋਂ ਵੀ ਵੱਧ ਤਰਜ਼ੀਹ ਦਿੰਦੇ ਸਨ ਅਤੇ ਕੁੜੀ ਦੇ ਪੜ੍ਹਨ ਨੂੰ ਖਾਨਦਾਨ ਸੌਰਨ ਦੀ ਨਿਸ਼ਾਨੀ ਦੱਸਦੇ ਸਨ। ਉਨ੍ਹਾਂ ਨੇ ਕੰਨਿਆਂ ਮਿਡਲ ਸਕੂਲ, ਭਕਨਾ ਖੁਰਦ ਲਈ 3300 ਰੁਪਿਆ ਇਮਾਰਤੀ ਮਦਦ ਲਈ ਦਿੱਤਾ। ਉਨ੍ਹਾਂ ਦੀ ਖਾਹਿਸ਼ ਸੀ ਕਿ ਉਨ੍ਹਾਂ ਦੇ ਜੀਉਂਦੇ-ਜੀਅ ਕੁੜੀਆਂ ਦਾ ਸਕੂਲ ਵੀ ਹਾਈ ਹੋ ਜਾਵੇ ਪਰ ਉਨ੍ਹਾਂ ਦੀ ਇਹ ਖ਼ਾਹਸ਼ ਉਨ੍ਹਾਂ ਦੇ ਮਰਨ ਉਪਰੰਤ ਹੀ ਅਮਲੀ ਜਾਮਾ ਪਹਿਨ ਸਕੀ। ਇਥੇ ਇਹ ਯਾਦ ਦਿਵਾਉਣਾ ਜ਼ਰੂਰੀ ਹੈ ਕਿ ਵਤਨ ਵਾਪਸੀ ਅਤੇ ਰਿਹਾਈ ਤੋਂ ਬਾਅਦ ਪਹਿਲਾ ਹੀ ਜਨਤਕ ਕੰਮ ਆਪ ਨੇ ਕੁੜੀਆਂ ਦਾ ਸਕੂਲ ਖੋਲ੍ਹਕੇ ਸ਼ੁਰੂ ਕੀਤਾ ਸੀ।

## ਸੁਚੱਜੀ ਅਗਵਾਈ ਦਾ ਸੁਭਾਗ

ਜਨਤਾ ਹਾਈ ਸਕੂਲ ਦੀ ਉੱਨਤੀ ਦਾ ਵੱਡਾ ਭੇਤ ਇਸਦੇ ਸੰਚਲਕਾਂ ਦੀ ਸੁਹਿਰਦਤਾ, ਲਗਨ ਅਤੇ ਸੁਚੱਜੀ ਅਗਵਾਈ ਨੂੰ ਹੀ ਕਿਹਾ ਜਾ ਸਕਦਾ ਹੈ। ਸਾਲ 1953 ਵਿਚ ਪਹਿਲਾਂ ਪਹਿਲ ਸ: ਹਰਨਾਮ ਸਿੰਘ ਬੀ. ਏ. ਇਸਦੇ ਪ੍ਰਥਮ ਹੈਡਮਾਸਟਰ ਬਣੇ। ਉਨ੍ਹਾਂ ਤੋਂ ਬਾਅਦ ਅਗਲੇ ਵਿਦਿਅਕ ਸਾਲ ਵਿਚ ਅਜੋਕੇ ਦੌਰ ਦੇ ਮਹਾਨ ਪੰਜਾਬੀ ਕਹਾਣੀਕਾਰ (ਪ੍ਰਿੰਸੀਪਲ) ਸੁਜਾਨ ਸਿੰਘ, ਜਨਤਾ ਹਾਈ ਸਕੂਲ ਦੇ ਹੈਡਮਾਸਟਰ ਬਣ ਕੇ ਆਏ। ਇਸ ਤੋਂ ਪਹਿਲਾਂ ਉਹ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਦੇ ਸੀਨੀਅਰ ਮਾਸਟਰ ਸਨ। ਜਨਤਾ ਹਾਈ ਸਕੂਲ, ਉਨ੍ਹਾਂ ਦੇ ਆਗਮਨ ਸਮੇਂ ਆਪਣੀ ਬਾਲ-ਉਮਰ ਵਿਚ ਹੀ ਸੀ। ਬਾਲ-ਸਕੂਲ ਅਤੇ ਇਸ ਵਿਚ ਪੜ੍ਹਦੇ ਬਾਲਾਂ ਨੂੰ ਆਪ ਨੇ ਚਾਅਵਾਂ ਨਾਲ ਵਡਿਆਇਆ।

## ਹੈਡਮਾਸਟਰ ਸੁਜਾਨ ਸਿੰਘ

ਹੈਡਮਾਸਟਰ ਸੁਜਾਨ ਸਿੰਘ; ਜਨਤਾ ਹਾਈ ਸਕੂਲ ਦੀ ਨਿਰਾਲੀ ਰੂਹ ਸਨ; ਜਿਨ੍ਹਾਂ ਦੀ ਅਗਵਾਈ, ਪ੍ਰੇਰਨਾ ਅਤੇ ਸੇਵਾ-ਭਾਵ ਲਈ ਕੁਝ ਉਚੇਰੇ ਸ਼ਬਦਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਇਸ ਦੀ ਪ੍ਰਫੁੱਲਤਾ ਲਈ ਆਪ ਨੇ ਬੇਅੰਤ ਘਾਲਣਾਂ ਘਾਲੀਆਂ। ਇਸਦੀ ਆਰਥਿਕ ਮਜ਼ਬੂਤੀ ਲਈ ਘਰੋ-ਘਰੀ ਲੋਹੜੀ ਮੰਗਣ ਤਕ ਗਏ। ਸਕੂਲ ਦੇ ਬੱਚਿਆਂ ਨਾਲ ਆਪ ਦਾ ਨੇੜ ਮਾਪਿਆਂ ਵਰਗਾ ਸੀ ਅਤੇ ਆਪਣੇ ਘਰ ਦੀਆਂ ਗੱਲਾਂ ਵੀ ਉਨ੍ਹਾਂ ਨਾਲ ਸਾਂਝੀਆਂ ਕਰ ਲੈਂਦੇ ਸਨ। ਇਹਨਾਂ ਦੀ ਵਿਦਾਇਗੀ ਵੇਲੇ ਬੱਚੇ ਗਲ ਲੱਗ ਲੱਗ ਰੋਏ।

ਸ: ਸੁਜਾਨ ਸਿੰਘ ਵਾਲੀਵਾਲ ਦੇ ਚੰਗੇ ਖਿਡਾਰੀ ਸਨ। ਖੇਡ-ਵਰਦੀ ਪਾ ਕੇ ਉਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਮੈਦਾਨ ਵਿਚ ਉਤਰਦੇ, ਨਿਸ਼ੰਗ ਹੋ ਆਪ ਖੇਡਦੇ ਅਤੇ ਵਿਦਿਆਰਥੀਆਂ ਨੂੰ ਉਤਸ਼ਾਹ ਦਿੰਦੇ। ਉਨ੍ਹਾਂ ਦੀ ਚੰਗੀ ਖ਼ੁਰਾਕ ਵੱਲ ਵੀ ਉਚੇਚਾ ਧਿਆਨ ਦੇਂਦੇ।

ਇਕ ਵਾਰ ਸਕੂਲ ਨੇੜਲੇ ਖੂਹ ਵਿਚ ਕਿਸੇ ਦਾ ਊਠ ਡਿੱਗ ਪਿਆ। ਹੈਡਮਾਸਟਰ ਸੁਜਾਨ ਸਿੰਘ ਹੋਰਨਾਂ ਲੋਕਾਂ ਸਮੇਤ ਮਦਦ ਕਰਨ ਬਹੁੜੇ। ਊਠ ਨੂੰ ਖੂਹ ਵਿਚੋਂ ਕੱਢਣ ਦਾ ਯਤਨ ਕਰਵਾ ਰਹੇ ਸਨ ਕਿ ਰੱਸਿਆਂ ਦਾ ਕਰੇੜਨਾ ਕਿਤਿਓਂ ਟੁੱਟ ਗਿਆ ਅਤੇ ਊਠ ਫਿਰ ਥੱਲੇ ਸਰਕ ਗਿਆ। ਆਪ ਦੇ ਹੱਥ ਬੁਰੀ ਤਰ੍ਹਾਂ ਛਿੱਲੇ ਗਏ।

ਸ: ਸੁਜਾਨ ਸਿੰਘ ਹੋਰਾਂ ਨੇ ਸਾਹਿਤ ਸਿਰਜਨਾ ਦਾ ਕੰਮ ਭਾਵੇਂ ਕੁਝ ਸਮਾਂ ਪਹਿਲਾਂ ਹੀ ਸ਼ੁਰੂ ਕਰ ਦਿਤਾ ਸੀ। ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਭਕਨੇ ਦੇ ਵਾਤਾਵਰਣ ਦੀ ਡੂੰਘੀ ਛਾਪ ਹੈ। ਇਥੋਂ ਦੀਆਂ ਕਈ ਘਟਨਾਵਾਂ ਉਨ੍ਹਾਂ ਦੇ ਕਹਾਣੀ-ਤਾਣੇ ਵਿਚ ਬੁਣੀਆ ਪਈਆਂ ਹਨ। 'ਕੁਲਫੀ' ਜਿਹੀ ਪ੍ਰਸਿੱਧ ਪੰਜਾਬੀ ਕਹਾਣੀ ਦਾ ਘਟਨਾ-ਪਿਛੋਕੜ ਵੀ ਇਸੇ ਪਿੰਡ ਨਾਲ ਜੁੜਿਆ ਹੋਇਆ ਹੈ।

ਹੈਡਮਾਸਟਰ ਸਾਹਿਬ ਦੀ ਆਕਰਸ਼ਕ ਅਗਵਾਈ ਦੇ ਪ੍ਰਸੰਗ ਵਿਚ ਸਕੂਲ ਨੂੰ ਸਜਾਉਣ ਅਤੇ ਸ਼ਿੰਗਾਰਨ ਵਾਲੀ ਇਕ ਹੋਰ ਸਖ਼ਸ਼ੀਅਤ ਦਾ ਜ਼ਿਕਰ ਵੀ ਕਰਨਾ ਬਣਦਾ ਹੈ ਅਤੇ ਉਹ ਹੈ ਮਾਲੀ ਸਵਰਨ ਸਿੰਘ ਭਕਨਾ, ਜਿਸ ਨੇ ਜਨਤਾ ਹਾਈ ਸਕੂਲ ਨੂੰ ਹਰਿਆਲੀ ਅਤੇ ਫੁੱਲਾਂ ਦੀ ਵਾਦੀ ਹੀ ਨਹੀਂ ਬਣਾਇਆ ਸਗੋਂ ਸਕੂਲ ਲਈ ਸੌਂਪਿਆ ਹਰੇਕ ਕੰਮ ਤਨ-ਮਨ ਨਾਲ ਕੀਤਾ। ਸ: ਸੁਜਾਨ ਸਿੰਘ ਨੇ ਆਪਣੀ ਇਕ ਕਹਾਣੀ ਵਿਚ ਉਸ ਨੂੰ 'ਪਾਸੇ ਦਾ ਸੋਨਾ' ਕਹਿਕੇ ਵਡਿਆਇਆ।

ਹੈਡਮਾਸਟਰ ਸੁਜਾਨ ਸਿੰਘ ਦਾ ਜਨਮ 29 ਜੁਲਾਈ 1909 ਨੂੰ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਵਿਚ ਸ: ਬੂਟਾ ਸਿੰਘ ਅਤੇ ਮਾਤਾ ਬੰਤੀ ਦੇ ਘਰ ਹੋਇਆ। ਛੇਆਂ ਮਹੀਨਿਆਂ ਦੇ ਸਨ ਕਿ ਉਨ੍ਹਾਂ ਦੇ ਨਾਨਾ ਸ: ਹਾਕਮ ਸਿੰਘ ਅਤੇ ਨਾਨੀ ਜਮਨਾ ਦੇਵੀ ਨੇ ਲਿਖਤੀ ਤੌਰ 'ਤੇ ਗੋਦ ਲੈ ਲਿਆ। ਪਿਤਾ (ਨਾਨਾ) ਕਲਕੱਤੇ ਵਿਚ ਮਸ਼ੀਨਾਂ ਲਵਾਉਣ ਦੇ ਠੇਕੇਦਾਰ ਸਨ। ਉਨ੍ਹਾਂ ਦੀ ਬਿਮਾਰੀ ਕਾਰਨ 1920 ਵਿਚ ਸਾਰਾ ਪਰਿਵਾਰ ਅੰਮ੍ਰਿਤਸਰ ਆ ਗਿਆ, ਜਿਥੇ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਚੌਂਕ ਲਛਮਣ ਸਰ ਵਿਚ ਰਹਿੰਦਿਆਂ ਆਪ ਨੇ ਬਾਲ ਮੁਕੰਦ ਖੱਤਰੀ ਸਕੂਲ ਤੋਂ ਅੱਠਵੀਂ, ਸਨਾਤਨ ਧਰਮ ਹਾਈ ਸਕੂਲ ਤੋਂ ਦਸਵੀਂ, ਹਿੰਦੂ ਕਾਲਜ ਤੋਂ ਐਫ. ਏ. ਅਤੇ ਖਾਲਸਾ ਕਾਲਜ ਤੋਂ ਬੀ. ਏ. ਪਾਸ ਕੀਤੀ। ਸ਼ਾਦੀ ਬੀ. ਏ. ਵਿਚ ਪੜ੍ਹਦਿਆਂ ਹੀ ਹੋ ਗਈ ਅਤੇ ਟੱਬਰ ਦੀ ਰੋਜ਼ੀ ਰੋਟੀ ਤੋਰਨ ਲਈ ਆਪ ਨੂੰ ਕਈ ਪਾਪੜ ਵੇਲਣੇ ਪਏ।

ਬੀ. ਏ. ਕਰਨ ਤੋਂ ਬਾਅਦ ਆਪ ਨੂੰ ਲਾਇਡਜ਼ ਬੈਂਕ (ਚੌਂਕ ਫੁਹਾਰਾ) ਵਿਚ 30 ਰੁਪਏ ਤਨਖ਼ਾਹ ਤੇ ਸਟੋਰ ਕੀਪਰ ਦੀ ਨੌਕਰੀ ਮਿਲ ਗਈ। ਬਾਅਦ ਵਿਚ ਆਪ ਨੇ ਪ੍ਰਾਈਵੇਟ ਗਿਆਨੀ ਅਤੇ ਫਿਰ ਐਮ. ਏ. (1956 ਵਿਚ) ਕੀਤੀ। ਇਨ੍ਹਾਂ ਦੀ ਪਹਿਲੀ 1936-37 ਵਿਚ ਪ੍ਰਕਾਸ਼ਤ ਕਹਾਣੀ 'ਭੁਲੇਖਾ' ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਜਾਨ ਸਿੰਘ ਅਨੁਸਾਰ : '1920 ਤੋਂ 1932 ਤਕ ਤਾਂ ਗ਼ਰੀਬੀ, ਔਕੜਾਂ ਅਤੇ ਮੁਸੀਬਤਾਂ ਦਾ ਜ਼ਮਾਨਾ ਹੈ ਸੀ ਪਰ ਜੋ ਮੁਸੀਬਤਾਂ 37 ਟੋਂ 40 ਤਕ ਸਹਾਰਨੀਆਂ ਪਈਆਂ, ਉਹ ਰੱਬ ਕਿਸੇ ਨੂੰ ਨਾ ਦਿਖਾਏ । ਇਕ ਵਾਰੀ ਸਾਹਾ ਪਰਿਵਾਰ ਤਿੰਨ ਦਿਨ ਭੁੱਖਾ ਰਿਹਾ ।'

ਆਪ 1941 ਤੋਂ 43 ਤਕ ਖਾਲਸਾ ਹਾਈ ਸਕੂਲ ਕੋਇਟਾ ਵਿਚ ਪੰਜਾਬੀ (ਗਿਆਨੀ) ਅਧਿਆਪਕ ਰਹੇ । 1944-45 ਵਿਚ ਦੁਆਬਾ ਜਲੰਧਰ ਕਾਲਜ ਵਿਚ ਪੰਜਾਬੀ ਦੇ ਲੈਕਚਰਾਰ ਅਤੇ 45 ਤੋਂ 49 ਤਕ ਗੁਰੂ ਰਾਮਦਾਸ ਹਾਈ ਸਕੂਲ (ਅੰਮ੍ਰਿਤਸਰ) ਵਿਖੇ ਸੀਨੀਅਰ ਟੀਚਰ ਰਹੇ । ਫਿਰ ਖ਼ਾਲਸਾ ਕਾਲਜੀਏਟ ਸਕੂਲ ਵਿਚ ਸੀਨੀਅਰ ਇੰਗਲਿਸ਼ ਟੀਚਰ ਬਣੇ ।

1954 ਵਿਚ ਬਾਬਾ ਸੋਹਣ ਸਿੰਘ ਭਕਨਾ ਉਨ੍ਹਾਂ ਨੂੰ ਜਨਤਾ ਹਾਈ ਸਕੂਲ ਦੇ ਹੈਡਮਾਸਟਰ ਬਣਾ ਕੇ ਲੈ ਆਏ ਅਤੇ 1959 ਵਿਚ 450 ਰੁਪਏ ਦੀ ਹੈਡਮਾਸਟਰੀ ਛੱਡ ਕੇ ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਵਿਚ 225 ਰੁਪਏ ਤਨਖ਼ਾਹ 'ਤੇ ਪੰਜਾਬੀ ਦੇ ਲੈਕਕਰਾਰ ਬਣ ਕੇ ਚਲੇ ਗਏ । ਅਗਸਤ 1970 ਤੋਂ ਸੇਵਾ-ਮੁਕਤੀ 1974 ਤਕ, ਗੁਰੂ ਨਾਨਕ ਕਾਲਜ ਗੁਰਦਾਸਪੁਰ ਦੇ ਪ੍ਰਿੰਸੀਪਲ ਰਹੇ ।

ਗਰੀਬੀ ਦੇ ਅਤੁੱਟ ਅਨੁਭਵ, ਪ੍ਰਿੰ. ਅਮੋਲ, ਪ੍ਰੋ: ਸੰਤ ਸਿੰਘ ਸੇਖੋਂ, ਭਾਈ ਜੋਧ ਸਿੰਘ, ਬਾਬਾ ਸੋਹਨ ਸਿੰਘ ਭਕਨਾ ਆਦਿ ਵਿਦਵਾਨਾਂ ਅਤੇ ਚਿੰਤਕਾਂ ਦੀ ਸੰਗਤ ਨਾਲ ਪ੍ਰਿੰਸੀਪਲ ਸੁਜਾਨ ਸਿੰਘ, ਲੋਕਾਂ ਦੇ ਲੇਖਕ ਬਣ ਕੇ ਨਿੱਖਰੇ । ਉਹ ਆਪਣੇ ਆਪ ਨੂੰ ਬੌਧਿਕ ਤੌਰ ਤੇ ਨਾਸਤਕ ਅਤੇ ਭਾਵਕ ਤੌਰ 'ਤੇ ਆਸਤਕ ਮੰਨਦੇ ਹਨ ।

ਕਹਾਣੀਕਾਰ ਵਜੋਂ ਉਨ੍ਹਾਂ ਨੂੰ ਪੰਜਾਬੀ ਦੇ ਪ੍ਰਮੁੱਖ ਕਥਾਕਾਰ ਦਾ ਸਨਮਾਨ ਹਾਸਲ ਹੈ । ਉਨ੍ਹਾਂ ਦੇ ਚਰਚਿੱਤ ਅਤੇ ਪ੍ਰਕਾਸ਼ਤ ਕਹਾਣੀ-ਸੰਗ੍ਰਿਹਾਂ ਵਿਚ ਦੁੱਖ-ਸੁੱਖ (1939), ਦੁੱਖ-ਸੁੱਖ ਤੋਂ ਪਿਛੋਂ (1943), ਨਰਕਾਂ ਦੇ ਦੇਵਤੇ (1951), ਡੇਢ ਆਦਮੀ (1952), ਪਸ਼ੂ ਤੇ ਮਨੁੱਖ(1954) ਪ੍ਰਸਿੱਧ ਹਨ । ਜਦੋਂ ਕਿ 'ਖੁੰਬਾਂ ਦਾ ਸ਼ਿਕਾਰ' ਅਤੇ 'ਜੰਮੂ ਜੀ ਤੁਸੀਂ ਬੜੇ ਰਾਅ' ਮੌਲਿਕ ਅਤੇ ਰੌਚਕ ਲੇਖ ਹਨ, ਜਿਨ੍ਹਾਂ ਨੂੰ ਭਾਸ਼ਾ ਵਿਭਾਗ ਵੱਲੋਂ ਕ੍ਰਮਵਾਰ 1000 ਅਤੇ 3100 ਰੁਪਏ ਦੇ ਪੁਰਸਕਾਰ ਮਿਲ ਚੁਕੇ ਹਨ । ਇਨ੍ਹਾਂ ਨੂੰ 'ਸ਼ਹਿਰ ਅਤੇ ਗਰਾਂ' ਪੁਸਤਕ ਲਈ ਸਾਹਿਤ ਅਕਾਦਮੀ ਪੁਰਸਕਾਰ ਅਤੇ ਅਨੇਕਾਂ ਹੀ ਹੋਰ ਮਾਣ-ਸਨਮਾਨ ਮਿਲ ਚੁਕੇ ਹਨ । ਆਪ ਪੰਜਾਬ ਦੇ ਲੇਖਕਾਂ ਦੀ ਜਥੇਬੰਦੀ 'ਕੇਂਦਰੀ ਪੰਜਾਬੀ ਲੇਖਕ ਸਭਾ' ਦੇ ਪ੍ਰਧਾਨ ਵੀ ਰਹੇ ਹਨ । ਸੇਵਾ ਨਵਿਰਤੀ ਉਪਰੰਤ ਆਪ ਦੀ ਰਿਹਾਇਸ਼ ਸਬਜ਼ੀ ਮੰਡੀ ਗੁਰਦਾਸਪੁਰ ਵਿਚ ਹੈ ।

## ਪਾਂਧੀ ਸਤਿਨਾਮ ਸਿੰਘ

ਸ: ਸਤਿਨਾਮ ਸਿੰਘ ਪਾਂਧੀ, ਐਮ. ਏ., ਬੀ. ਟੀ. ਜਨਤਾ ਹਾਈ ਸਕੂਲ ਦੇ ਜਨਮ ਤੋਂ ਹੀ ਇਸ ਨਾਲ ਸੰਬੰਧਤ ਰਹਿਣ ਵਾਲੀ ਸ਼ਖ਼ਸੀਅਤ ਹਨ, ਜੋ ਹੈਡਮਾਸਟਰ ਸੁਜਾਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਤੋਂ ਬਾਅਦ ਇਸ ਸਕੂਲ ਦੇ ਮੁੱਖ-ਅਧਿਆਪਕ ਬਣੇ ਅਤੇ ਕੋਈ ਦੋ ਦਹਾਕੇ ਤਕ ਸਕੂਲ ਦੀ ਵਿਦਿਅਕ, ਅਨੁਸ਼ਾਸਨਿਕ, ਸਭਿਆਚਾਰਕ ਅਤੇ ਖੇਡ ਸਰਗਰਮੀਆਂ ਦੇ ਪ੍ਰਭਾਵਸ਼ਾਲੀ ਸੰਚਾਲਕ ਰਹੇ। ਇਸ ਨਾਲ ਸੰਬੰਧਤ ਰਹਿਣ ਤਕ ਆਪ ਸਕੂਲ-ਕੰਪਲੈਕਸ ਵਿਚਲੀ ਰਿਹਾਇਸ਼ ਵਿਚ ਹੀ ਰਹੇ ਅਤੇ ਸਕੂਲ ਦੇ ਗੌਰਵਮਈ ਇਤਿਹਾਸ ਵਿਚ ਇਨ੍ਹਾਂ ਦੀ, ਪੂਰੇ ਪਰਿਵਾਰ ਸਹਿਤ ਡੂੰਘੀ ਛਾਪ ਹੈ।

ਸਾਹਿਤ ਸਿਰਜਨਾ ਵਿਚ ਆਪ ਦੀ ਰੁਚੀ ਬਚਪਨ ਤੋਂ ਹੀ ਸੀ ਅਤੇ 16 ਸਾਲ ਦੀ ਉਮਰ ਵਿਚ ਆਪ ਦੀ ਪਹਿਲੀ ਕਹਾਣੀ 'ਹੂਰਾਂ' ਪ੍ਰਕਾਸ਼ਤ ਹੋਈ। ਫਿਰ 'ਨਵਾਂ ਮਾਸਟਰ' ਅਤੇ 'ਇਕ ਸੜਕ ਦਾ ਜਨਮ' ਨਾਂਵਾਂ ਦੇ ਕਹਾਣੀ ਸੰਗ੍ਰਿਹ ਛਪੇ ਜਿਸ ਵਿਚ ਆਪ ਦੇ ਅਗਾਂਹ-ਵਧੂ ਵਿਚਾਰਾਂ ਦੀ ਡੂੰਘੀ ਛਾਪ ਹੈ। 'ਲੰਗਾਰ' ਨਾਂ ਦਾ ਇਕਾਂਗੀ ਸੰਗ੍ਰਹਿ ਪੇਸ਼ ਕਰ ਕੇ ਵੀ ਆਪ ਨੇ ਸਮਾਜ ਨੂੰ ਜਾਗ੍ਰਤ ਕਰਨ ਦਾ ਖ਼ੂਬਸੂਰਤ ਯਤਨ ਕੀਤਾ। ਆਪ ਨੇ ਅਨੁਵਾਦਕ ਵਜੋਂ ਇਕ ਚੀਨੀ ਪੁਸਤਕ ਦਾ ਉਲਥਾ 'ਇਨਕਲਾਬੀ ਕੁੜੀ' ਦੇ ਨਾਂ ਹੇਠ ਪ੍ਰਕਾਸ਼ਤ ਕੀਤਾ। ਇਸ ਤੋਂ ਇਲਾਵਾ ਸ: ਹਰਿੰਦਰ ਸਿੰਘ ਸਿੱਧੂ ਨਾਲ ਮਿਲ ਕੇ ਬੱਚਿਆਂ ਲਈ ਸਚਿੱਤਰ ਅਤੇ ਵਿਗਿਆਨਕ ਕਿਤਾਬਾਂ ਵੀ ਰਚੀਆਂ, ਜਿਨ੍ਹਾਂ ਵਿਚੋਂ 'ਪੁਲਾੜ ਯੁੱਗ ਅਤੇ ਰਾਕਟ', 'ਹਵਾਈ ਜਹਾਜ਼', 'ਮੋਟਰਕਾਰ', 'ਸਾਡਾ ਵਾਯੂ ਮੰਡਲ' ਅਤੇ 'ਸਾਪੇਖਤਾ' ਵਰਨਣ ਯੋਗ ਹਨ। ਇਨ੍ਹਾਂ ਵਿਚੋਂ 'ਪੁਲਾੜ ਯੁੱਗ' ਅਤੇ 'ਰਾਕਟ' ਪੁਸਤਕ ਨੂੰ ਪੰਜਾਬ ਸਰਕਾਰ ਨੇ ਇਕ ਇਕ ਹਜ਼ਾਰ ਰੁਪਏ ਦਾ ਬਾਲ-ਸਾਹਿਤ ਪੁਰਸਕਾਰ ਦੇ ਕੇ ਸਨਮਾਨਤ ਕੀਤਾ।

ਸਾਹਿਤਕ ਸਰਗਰਮੀਆਂ ਵਿਚ ਆਪ ਦੀ ਜ਼ਿਕਰ ਯੋਗ ਯਾਦ ਲਿਖਾਰੀ ਸਭਾ ਅੰਮ੍ਰਿਤਸਰ ਦੇ ਪ੍ਰਥਮ ਜਨਰਲ ਸਕੱਤਰ ਹੋਣਾ ਹੈ। 1985-86 ਵਿਚ ਆਪ ਨੇ 'ਜਨ-ਸਾਹਿਤਕਾਰ ਸਭਾ' ਸਥਾਪਤ ਕੀਤੀ। ਆਪ ਪ੍ਰਥਮ ਪ੍ਰਧਾਨ ਅਤੇ ਹਥਲੇ ਲੇਖਕ ਜ: ਸਕੱਤਰ ਚੁਣੇ ਗਏ। ਇਹ ਸਭਾ ਰੂਪ ਵਟਾਉਂਦੀ ਹੋਈ ਅੱਜਕੱਲ੍ਹ ਸਰਹੱਦੀ ਸਾਹਿਤ ਸਭਾ ਵਜੋਂ ਪ੍ਰਸਿੱਧ ਹੈ।

ਆਪ ਦੇ ਡਰਾਇੰਗ ਰੂਮ ਦਾ ਬਹੁਤਾ ਹਿੱਸਾ ਲਾਇਬਰੇਰੀ ਦੀਆਂ ਪੁਸਤਕਾਂ ਨੇ ਮਲਿਆ ਹੋਇਆ ਹੈ, ਜਿਸ ਵਿਚ ਸਮਾਜਵਾਦੀ, ਧਾਰਮਿਕ, ਵਿਗਿਆਨਿਕ ਵਿਸ਼ਿਆਂ ਅਤੇ ਸੰਸਾਰ ਦੇ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ ਸਾਂਭੀਆਂ, ਸੰਵਾਰੀਆਂ ਪਈਆਂ ਹਨ। ਟਿਕਟ ਅਤੇ ਸਿੱਕੇ ਇਕੱਠੇ ਕਰਨ ਤੋਂ ਸਿਵਾ ਫੋਟੋਗਰਾਫ਼ੀ ਇਨ੍ਹਾਂ ਦਾ ਵਿਸ਼ੇਸ਼ ਸ਼ੌਕ ਰਿਹਾ।

ਪਾਂਧੀ ਜੀ ਦਾ ਜਨਮ ਸੰਨ 1928 ਈਸਵੀ ਦੇ 17 ਮਾਰਚ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਸ: ਉੱਤਮ ਸਿੰਘ ਦੇ ਘਰ ਹੋਇਆ। ਮੈਟ੍ਰਿਕ ਦੀ ਪ੍ਰੀਖਿਆ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਹਾਈ ਸਕੂਲ ਅੰਮ੍ਰਿਤਸਰ ਤੋਂ ਅਤੇ ਬੀ-ਐਸ. ਸੀ. ਦੀ ਪ੍ਰੀਖਿਆ 1948 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਉਪਰੰਤ ਆਪ ਰਾਮਗੜ੍ਹੀਆ ਹਾਇਰ ਸਕੂਲ ਅੰਮ੍ਰਿਤਸਰ ਵਿਚ ਗ਼ੈਰ-ਸਿਖਲਾਈ ਪ੍ਰਾਪਤ ਅਧਿਆਪਕ ਵਜੋਂ 1953 ਤਕ ਕੰਮ ਕਰਦੇ ਰਹੇ। ਇਸੇ ਦੌਰਾਨ ਆਪ ਨੇ ਐਮ. ਏ. (ਪੰਜਾਬੀ) ਪਾਸ ਕਰ ਲਈ ਅਤੇ ਆਪ ਦਾ ਪਰਿਵਾਰਕ ਜੋੜ ਸ਼੍ਰੀਮਤੀ ਸੁਰਿੰਦਰ ਕੌਰ ਨਾਲ ਹੋਇਆ ਅਤੇ 1953-54 ਵਿਚ ਆਪ ਨੇ ਗੌਰਮਿੰਟ ਕਾਲਿਜ ਜਲੰਧਰ ਤੋਂ ਬੀ. ਟੀ. ਦਾ ਕੋਰਸ ਕੀਤਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਗ਼ਦਰ ਪਾਰਟੀ ਦੇ ਬਾਬਾ ਸੋਹਣ ਸਿੰਘ ਭਕਨਾ ਦੇ ਸੰਪਰਕ ਵਿਚ ਪਹਿਲਾਂ ਹੀ ਆ ਚੁਕੇ ਸਨ। ਉਨ੍ਹਾਂ ਦੀ ਹੀ ਪ੍ਰੇਰਨਾ 'ਤੇ 1954 ਵਿਚ, ਆਪ ਬਾਬਾ ਜੀ ਦੀ ਸਰਪ੍ਰੱਸਤੀ ਹੇਠ ਚਲਾਏ ਜਨਤਾ ਹਾਈ ਸਕੂਲ ਭਕਨਾ ਵਿਚ ਸਾਇੰਸ ਮਾਸਟਰ ਵਜੋਂ ਆ ਨਿਯੁਕਤ ਹੋਏ ਅਤੇ ਸੈਕਿੰਡ ਹੈਡਮਾਸਟਰ ਵਜੋਂ ਕੰਮ ਕਰਦੇ ਰਹੇ।

1959 ਵਿਚ ਸ: ਸੁਜਾਨ ਸਿੰਘ ਦੇ ਜਾਣ ਉਪਰੰਤ ਸਕੂਲ ਮੁਖੀ ਥਾਪਣ ਦੀ ਸਮੱਸਿਆ ਬਣੀ। ਸਕੂਲ ਪ੍ਰਬੰਧਕ ਕਮੇਟੀ ਨੇ ਆਪ ਦੀ ਵਿਦਵਤਾ ਅਤੇ ਯੋਗਤਾ ਵੇਖਦੇ ਹੋਏ ਇਨ੍ਹਾਂ ਨੂੰ ਜਨਤਾ ਹਾਈ ਸਕੂਲ ਦਾ ਮੁੱਖ-ਅਧਿਆਪਕ ਨਿਯੁਕਤ ਕਰ ਦਿਤਾ। ਮਈ 1964 ਵਿਚ ਇਹ ਸਕੂਲ ਪ੍ਰਬੰਧਕ ਕਮੇਟੀ ਵਲੋਂ ਸਰਕਾਰ ਨੂੰ ਸੌਂਪ ਦਿੱਤਾ ਗਿਆ ਅਤੇ ਆਪ ਦੀਆਂ ਸੇਵਾਵਾਂ ਸਰਕਾਰੀ ਹੋ ਗਈਆਂ। ਆਪ ਨੇ 1972 ਤਕ ਇਸੇ ਸਕੂਲ ਦੇ ਮੁੱਖ-ਅਧਿਆਪਕ ਵਜੋਂ ਕੰਮ ਕੀਤਾ। ਫਿਰ 1972 ਤੋਂ 76 ਤਕ ਢੰਡ, 76 ਤੋਂ 84 ਤਕ ਗੁਰੂ ਕੀ ਵਡਾਲੀ ਅਤੇ 1984 ਤੋਂ 31 ਮਾਰਚ 1986 ਤਕ ਮੁੜ ਢੰਡ ਸੇਵਾ ਕੀਤੀ। ਪ੍ਰਿੰਸੀਪਲ ਦੀ ਤਰੱਕੀ ਵੀ ਮਿਲੀ ਪਰ ਆਪ ਨੇ ਘਰੋਂ ਦੂਰ ਜਾਣਾ ਸਵੀਕਾਰ ਨਾ ਕੀਤਾ ਅਤੇ 31 ਮਾਰਚ 1986 ਨੂੰ ਸਰਕਾਰੀ ਹਾਈ ਸਕੂਲ ਢੰਡ ਤੋਂ ਸੇਵਾ ਮੁਕਤ ਹੋਏ।

ਪਾਂਧੀ ਸਾਹਿਬ ਨੂੰ ਸਾਹਿਤਕ ਅਤੇ ਸਭਿਆਚਾਰਕ ਰੁਚੀਆਂ ਵਿਚ ਏਨੀ ਡੂੰਘੀ ਦਿਲਚਸਪੀ ਸੀ ਕਿ ਭਕਨੇ ਸਕੂਲ ਦੀ ਵਿਸ਼ਾਲ ਗਰਾਊਂਡ ਵਿਚ ਡਰਾਮਿਆਂ ਦੇ ਕਈ ਸਮਾਗਮ ਹੋਏ। ਇਨ੍ਹਾਂ ਦੇ ਸਮੇਂ ਸਕੂਲ ਬਾਲ-ਸਭਾ ਦੀ ਬੜੀ ਚੱੜ੍ਹਤ ਰਹੀ। ਗਿਆਨੀ ਸਰਬਜੀਤ ਸਿੰਘ ਅਤੇ ਡਰਾਇੰਗ ਮਾਸਟਰ ਜਰਨੈਲ ਸਿੰਘ ਵਿਲਖੂ ਇਹੋ ਜਿਹੇ ਪ੍ਰੋਗਰਾਮਾਂ ਵਿਚ ਪਾਂਧੀ ਸਾਹਿਬ ਦੀ ਸੱਜੀ-ਖੱਬੀ ਬਾਂਹ ਹੁੰਦੇ।

ਨਾਟਕ-ਸਮਾਰੋਹ ਦੇ ਇਕ ਡਰਾਮੇ ਵਿਚ ਪਾਂਧੀ ਸਾਹਿਬ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਅਤੇ ਰਵੀ, ਚੰਦ (ਧੀ-ਪੁੱਤਰ) ਨੇ ਕ੍ਰਮਵਾਰ 11, 8 ਸਾਲ ਦੀ ਉਮਰ ਵਿਚ ਭਾਗ ਲਿਆ।17 ਜਨਵਰੀ 1970 ਨੂੰ ਗੁਰੂ ਨਾਨਕ ਸਮਾਰੋਹ ਸਮੇਂ ਵੀ ਸਕੂਲ ਵਿਚ ਤਕੜਾ ਸਭਿਆ-ਚਾਰਕ ਪ੍ਰੋਗਰਾਮ ਹੋਇਆ। ਪਾਂਧੀ ਸਾਹਿਬ ਨੇ ਇਕ ਦੋ ਦਿਨਾਂ ਦੀ ਤਿਆਰੀ ਵਿਚ ਹੀ 'ਸੱਜਣ ਠੱਗ' ਦੀ ਅਨੂਠੀ ਪੇਸ਼ਕਾਰੀ ਨਾਲ ਦਰਸ਼ਕਾਂ ਦੀ ਵਾਹ ਵਾਹ ਕਰਵਾ ਦਿਤੀ।

ਜਨਤਾ ਸਕੂਲ ਦੀ ਸਰਵ-ਪੱਖੀ ਉਸਾਰੀ ਵਿਚ ਪਾਂਧੀ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਦਾ ਵਿਸ਼ੇਸ਼ ਹੱਥ ਹੈ। ਸ੍ਰੀਮਤੀ ਸੁਰਿੰਦਰ ਕੌਰ ਤਾਂ ਕੁਝ ਸਮਾਂ ਸਕੂਲ ਦੇ ਅਧਿਆਪਕਾ ਵੀ ਰਹੇ। ਉਨ੍ਹਾਂ ਅਨੁਸਾਰ, ਪਾਂਧੀ ਜੀ ਦੇ ਬਾਲ-ਪਰਿਵਾਰ ਦਾ ਜਨਮ ਅਤੇ ਬਚਪਨ; ਜਨਤਾ ਹਾਈ ਸਕੂਲ ਤੋਂ ਲੈ ਕੇ ਸਰਕਾਰੀ ਹੋਏ ਸਕੂਲ ਦੀ ਰਿਹਾਇਸ਼-ਗਾਹ 'ਤੇ ਬੀਤਿਆ। ਜਦੋਂ ਰੇਸ਼ਮ ਦੇ ਕੀੜੇ ਪਾਲਣ ਦਾ ਪ੍ਰੋਗਰਾਮ ਬਣਿਆ ਤਾਂ ਉਨ੍ਹਾਂ ਨੂੰ ਸ਼ਹਿਤੂਤ ਦੇ ਪੱਤੇ ਪਾਉਣ ਅਤੇ ਰੇਸ਼ਮ ਤੋਂ ਕੀੜੇ ਵੱਖ ਕਰਨ ਦੇ ਕੰਮ ਵਿਚ ਵੀ ਪਾਂਧੀ-ਪਰਿਵਾਰ ਜੁੱਟਦਾ।

ਪਾਂਧੀ ਜੀ ਨੇ ਆਪਣੇ ਉੱਦਮ ਨਾਲ ਵੱਖ ਵੱਖ ਸਮੇਂ ਭਕਨੇ ਸਕੂਲ ਵਿਚ ਅੱਖਾਂ ਦੇ ਕੈਂਪ ਲਗਵਾਏ। ਡਾਕਟਰ ਦਲਜੀਤ ਸਿੰਘ ਅਪ੍ਰੇਸ਼ਨ ਕਰਕੇ ਸ਼ਹਿਰ ਚੱਲੇ ਜਾਂਦੇ। ਸ੍ਰੀ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼੍ਰੀਮਤੀ ਪਾਂਧੀ ਮਰੀਜ਼ਾਂ ਦੀਆਂ ਪੱਟੀਆਂ ਕਰਦੇ ਅਤੇ ਉਨ੍ਹਾਂ ਨੂੰ ਰਾਜ਼ੀ ਕਰਕੇ ਘਰੀਂ ਤੋਰਦੇ।

ਪਾਂਧੀ ਜੀ ਦੇ ਸਪੁੱਤਰ ਰਵਿੰਦਰ ਸਿੰਘ, ਵਿਗਿਆਨ ਵਿਸ਼ੇ ਵਿਚ ਡਾਕਟਰੇਟ ਕਰ ਚੁੱਕੇ ਹਨ ਅਤੇ ਅੱਜਕੱਲ੍ਹ ਕੈਨੇਡਾ ਵਿਚ ਹਨ। ਰਵਿਦੀਪ, ਸਮੀਰ ਅਤੇ ਅਸੀਮ ਧੀਆਂ, ਐਮ-ਏ., ਬੀ. ਐੱਡ ਤਕ ਵਿਦਵਾਨ ਹਨ ਅਤੇ ਸਭੇ ਅਧਿਆਪਨ ਖੇਤਰ ਵਿਚ ਹਨ।

ਸੇਵਾ-ਮੁਕਤੀ ਉਪਰੰਤ ਵੀ ਪਾਂਧੀ ਜੀ ਅਧਿਆਪਨ ਨਾਲ ਜੁੜੇ ਰਹੇ ਅਤੇ ਇਸ ਮੰਤਵ ਲਈ ਵਡਾਲੀ ਗੁਰੂ ਇਕ ਸਕੂਲ ਖੋਲ੍ਹਿਆ। ਆਖ਼ਰ 24 ਜੂਨ 1991 ਨੂੰ ਪਾਂਧੀ ਸਾਹਿਬ ਅਚਾਨਕ ਬਿਮਾਰ ਹੋਏ ਅਤੇ ਸਦੀਵੀ ਵਿਛੋੜਾ ਦੇ ਗਏ।

## ਡਰਾਇੰਗ ਮਾਸਟਰ ਜਰਨੈਲ ਸਿੰਘ ਵਿਲਖੂ

ਜਨਤਾ ਹਾਈ ਸਕੂਲ ਦੀ ਸਿਰਜਨਾ ਅਤੇ ਉੱਨਤੀ-ਗਾਥਾ ਦੇ ਮੁੱਖ ਪਾਤਰਾਂ ਵਿਚ ਡਰਾਇੰਗ ਮਾਸਟਰ ਜਰਨੈਲ ਸਿੰਘ ਵਿਲਖੂ ਦਾ ਨਾਂ ਵੀ ਜ਼ਿਕਰਯੋਗ ਹੈ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਸਕੂਲ ਦੀਆਂ ਕਈ ਯਾਦਾਂ ਵਿਚ ਸਮੋਈ ਹੋਈ ਹੈ। ਸਕੂਲ ਦੇ ਬੈਂਡ ਦੀ ਅਗਵਾਈ, ਸ਼ਹਿਦ ਦੇ ਕੀੜੇ ਪਾਲਣ ਅਤੇ ਇਮਾਰਤਸਾਜ਼ੀ ਦੇ ਕਾਰਜਾਂ ਵਿਚ ਉਨ੍ਹਾਂ ਦੀ ਵਿਸ਼ੇਸ਼ ਦੇਣ ਰਹੀ। ਸਕੂਲ ਦੇ ਬਾਹਰਵਾਰ ਬਣੀ ਗ਼ਦਰ ਪਾਰਟੀ ਦੀ ਯਾਦਗਾਰ ਦਾ ਖ਼ਾਕਾ ਵੀ ਆਪ ਨੇ ਹੀ ਉਲੀਕਿਆ ਅਤੇ ਬਾਬਾ ਜੀ ਦੇ ਜੀਉਂਦੇ ਜੀਅ ਇਸਨੂੰ ਨੇਪਰੇ ਚਾੜ੍ਹਿਆ। ਸਭਿਆਚਾਰਕ ਸਰਗਰਮੀਆਂ ਵਿਚ ਵੀ ਆਪ ਨੂੰ ਡੂੰਘੀ ਦਿਲਚਸਪੀ ਸੀ। ਇਕ ਨਾਟਕ ਵਿਚ ਆਪ ਨੇ ਇਕ ਬੁੱਢੇ ਕਰਜ਼ਾਈ ਦੀ ਏਨੀ ਵਧੀਆ ਭੂਮਿਕਾ ਨਿਭਾਈ ਕਿ ਬਾਲ-ਦਰਸ਼ਕ ਅਤੇ ਅਧਿਆਪਕ ਤਾਂ ਕੀ, ਇਨ੍ਹਾਂ ਦੇ ਮਾਤਾ ਜੀ ਵੀ ਪਛਾਣ ਨਾ ਸਕੇ।

ਆਪ ਪਿੰਡ ਕਾਹਲਵਾਂ (ਕਾਦੀਆਂ) ਅਤੇ ਜ਼ਿਲਾ ਗੁਰਦਾਸਪੁਰ ਵਿਚ ਜਨਮੇ। ਜਨਤਾ ਹਾਈ ਸਕੂਲ ਵਿਚ 16 ਸਾਲ ਅਧਿਆਪਨ-ਸੇਵਾ ਕਰਨ ਵਾਲੇ ਸ: ਵਿਲਖੂ ਨੇ ਕਈ ਵਿਦਿਆਰਥੀਆਂ ਦੇ ਜੀਵਨ-ਨਿਰਮਾਣ ਲਈ ਆਰਥਿਕ ਮਦਦ ਕੀਤੀ। ਕਈ ਸਾਲ ਪਹਿਲਾਂ 'ਕੰਮ ਕਲਾ ਹੈ—ਕੰਮ ਭਗਤੀ ਹੈ' ਸਿਰਲੇਖ ਹੇਠ ਲਿਖੇ ਸ਼ਬਦ, ਆਪ ਦੇ ਵਿਅਕਤੀਤਵ ਦੀ ਪਛਾਣ ਹਨ :—

> "ਬਹੁਤੇ ਕੰਮਾਂ ਵਿਚ 'ਕੱਚੇ' ਰਹਿਣ ਨਾਲੋਂ, ਇਕ ਅੱਧੇ ਕੰਮ ਵਿਚ ਪ੍ਰਵੀਨ ਹੋਣਾ ਚੰਗੀ ਪ੍ਰਾਪਤੀ ਹੈ ਪਰ ਜਦ ਬਹੁਤੇ ਕੰਮਾਂ ਵਿਚ ਵੀ ਪੱਕੇ ਹੋਣ ਦਾ ਢੱਬ ਆਉਂਦਾ ਹੋਵੇ ਤਾਂ ਸ਼ਖ਼ਸੀਅਤ ਦੀ ਚਮਕਾਰ ਸੋਨੇ ਤੇ ਸੁਹਾਗੇ ਵਾਂਗ ਲਿਸ਼ਕੋਰਾਂ ਮਾਰਦੀ ਹੈ।
>
> ਸ: ਜਰਨੈਲ ਸਿੰਘ ਵਿਲਖੂ ਅਜਿਹੇ ਹੀ ਬਹੁ-ਕਰਮੀ ਵਿਅਕਤੀ ਹਨ। ਬਾਬਾ ਸੋਹਣ ਸਿੰਘ ਭਕਨਾ ਦੇ ਜਨਤਾ ਹਾਈ ਸਕੂਲ ਵਿਚ, ਉਨ੍ਹਾਂ ਆਪਣਾ ਅਧਿਆਪਕੀ ਜੀਵਨ ਡਰਾਇੰਗ ਮਾਸਟਰ ਦੇ ਤੌਰ 'ਤੇ ਸ਼ੁਰੂ ਕੀਤਾ। ਵਿਹਲੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ (ਓਵਰ ਟਾਈਮ) ਅਤੇ ਛੁੱਟੀਆਂ ਵਿਚ ਉਹ ਇੱਟਾਂ ਤੇ ਲੱਕੜੀ ਦਾ ਕੰਮ ਕਰਦੇ।

ਪਿਛਲੇ ਦਿਨੀਂ ਮੈਂ ਉਨ੍ਹਾਂ ਦੇ ਵਰਤਮਾਨ ਸਕੂਲ, ਸਰਕਾਰੀ ਮਿਡਲ ਸਕੂਲ ਮੂਸੇ (ਅੰਮ੍ਰਿਤਸਰ) ਮਿਲਣ ਲਈ ਗਿਆ। ਉਨ੍ਹਾਂ ਆਪਣਾ 'ਕਾਰਜ-ਸਟੂਡੀਓ' ਸਾਰੇ ਕਮਰੇ ਵਿਚ ਸਜਾਇਆ ਹੋਇਆ ਸੀ ਅਤੇ ਆਪ ਕੁਰਸੀ ਬੁਣ ਰਹੇ ਸਨ। ਉਨ੍ਹਾਂ ਦੀ ਕਾਰਜ-ਸ਼ਾਲਾ ਵੇਖ ਵੇਖ ਹੈਰਾਨ ਸਾਂ। ਲੱਕੜ ਅਤੇ ਇੱਟਾਂ ਦਾ ਕੰਮ ਕਰਨ ਵਾਲੇ ਸੰਦ ਤਰਤੀਬ ਵਿਚ ਸਜੇ, ਕੰਮ ਕਰਨ ਨੂੰ ਤਿਆਰ ਦਿੱਸ ਰਹੇ ਸਨ। ਲਾਗੇ ਦੋ ਨਵੇਂ ਸਟੂਲ ਤਿਆਰ ਪਏ ਸਨ ਤੇ ਕੁਝ ਮੁਰੰਮਤ ਲਈ ਆਈਆਂ ਕੁਰਸੀਆਂ ਪਈਆਂ ਸਨ। ਇਕ ਪਾਸੇ ਕਿਤਾਬਾਂ-ਕਾਪੀਆਂ ਨੂੰ ਜਿਲਦਾਂ ਲਾ ਕੇ ਭਾਰ ਥੱਲੇ ਰੱਖਿਆ ਹੋਇਆ ਸੀ ਤੇ ਦੂਜੇ ਪਾਸੇ ਮੜ੍ਹੀਆਂ ਅਤੇ ਮੜ੍ਹਨ ਵਾਲੀਆਂ ਤਸਵੀਰਾਂ ਸਨ। ਇਕ ਪਾਸੇ ਮਨ-ਪ੍ਰਚਾਵੇ ਲਈ ਟਰਾਂਸਿਸਟਰ ਸੀ ਅਤੇ ਦੂਜੀ ਕੰਧ ਨਾਲ ਡਰਾਇੰਗ ਬੋਰਡ ਲੱਗਾ ਪਿਆ ਸੀ। ਉਨ੍ਹਾਂ ਦੱਸਿਆ ਕਿ ਉਹ ਸ਼ਾਮ ਵੇਲੇ ਲੋੜਵੰਦਾਂ ਅਤੇ ਗ਼ਰੀਬ ਬੱਚਿਆਂ ਲਈ ਮੁਫ਼ਤ ਜਮਾਤਾਂ ਲਾਉਂਦੇ ਸਨ।

ਕੁਝ ਹੀ ਮਹੀਨਿਆਂ ਵਿਚ ਉਨ੍ਹਾਂ ਆਪਣੇ ਦਰ-ਘਰ ਨਾਲ ਏਨਾ ਪੱਕਾ ਮੋਹ ਪਾ ਲਿਆ ਸੀ ਕਿ ਉਹ ਮੈਨੂੰ ਆਪਣਾ ਸਕੂਲ, ਪਿੰਡ ਦਾ ਬੇ-ਮਿਸਾਲ ਜੰਞ ਘਰ, ਗੁਰਦੁਆਰਾ ਆਦਿ ਏਦਾਂ ਵਿਖਾਉਂਦੇ ਫਿਰਨ, ਜਿਵੇਂ ਕੋਈ ਜੱਦੀ ਪੁਸ਼ਤੀ ਜਾਇਦਾਦ ਹੋਵੇ।

ਏਨੇ ਚਿਰ ਵਿਚ ਉਨ੍ਹਾਂ ਦਾ ਇਕ ਵਿਦਿਆਰਥੀ ਕਾਗਜ਼-ਪੈਨਸਲ ਲੈ ਕੇ ਕੋਲ ਆਣ ਬੈਠਾ। ਉਨ੍ਹਾਂ ਨੇ ਫੁੱਲਾਂ, ਪੱਤੀਆਂ, ਪਹਾੜ, ਸੂਰਜ ਅਤੇ ਨਦੀ ਦਾ ਦ੍ਰਿਸ਼ ਬਲੈਕ-ਬੋਰਡ 'ਤੇ ਉੱਕਰ ਦਿੱਤਾ। ਮੇਰੀਆਂ ਨਜ਼ਰਾਂ ਸਾਹਮਣੇ ਬਣੇ ਚਿੱਤਰ ਤੋਂ ਪਰ੍ਹੇ ਇਕ ਨਵਾਂ ਦ੍ਰਿਸ਼ ਉਭਰ ਰਿਹਾ ਸੀ, ਜਿਸ ਵਿਚ ਉਨ੍ਹਾਂ ਦੇ ਜੀਵਨ ਦੀ ਕਾਰਜ-ਸ਼ੀਲ ਨਦੀ, ਪਰਬਤੀ ਹੌਸਲਾ, ਸੂਰਜੀ ਸ਼ਖ਼ਸੀਅਤ ਅਤੇ ਰੀਝਾਂ ਇਛਾਵਾਂ ਦੀਆਂ ਫੁੱਲ-ਪੱਤੀਆਂ ਮੁਸਕਰਾ ਰਹੀਆਂ ਸਨ।"

ਪੰਜਾਬੀ ਟ੍ਰਿਬਿਊਨ, 27 ਅਗਸਤ 1983

ਸ: ਵਿਲਖੂ, ਮੂਸੇ ਤੋਂ ਸੇਵਾ ਮੁਕਤ ਹੋ ਕੇ ਅੱਜਕਲ੍ਹ ਕਾਦੀਆਂ ਵਿਚ ਜੀਵਨ ਬਤੀਤ ਕਰ ਰਹੇ ਹਨ ਅਤੇ ਆਪਣੀ ਘਾਲਣਾ ਸਦਕਾ ਆਪਣੇ ਬਾਲ-ਪਰਿਵਾਰ ਨੂੰ ਥਾਉਂ ਥਾਈਂ ਲਾ ਚੁੱਕੇ ਹਨ।

## ਹੋਰ ਅਧਿਆਪਕ ਸ਼ਖ਼ਸੀਅਤਾਂ

ਜਨਤਾ ਹਾਈ ਸਕੂਲ ਦੀ ਸਥਾਪਨਾ ਅਤੇ ਵਿਕਾਸ ਦੀ ਕਹਾਣੀ ਵਿਚ ਹੋਰਨਾਂ ਸਮੇਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ: ਰਣਬੀਰ ਸਿੰਘ ਢਿਲੋਂ ਦਾ ਜ਼ਿਕਰ ਵੀ ਉਲੇਖ ਯੋਗ ਹੈ। ਆਪ 1956 ਤੋਂ 58 ਦੇ ਅੰਤ ਤਕ ਇਸ ਸਕੂਲ ਵਿਚ ਅਧਿਆਪਕ ਰਹੇ ਅਤੇ ਅੱਜਕੱਲ੍ਹ ਆਪ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਪੰਜਾਬ ਦੇ ਪ੍ਰਮੁੱਖ ਆਗੂ ਹਨ। ਡਾ. ਸਵਰਨ ਸਿੰਘ ਮੁਹਾਵਾ ਵੀ ਕੁਝ ਸਮਾਂ ਜਨਤਾ ਸਕੂਲ ਦੇ ਅਧਿਆਪਕ ਬਣੇ। ਸਕੂਲ ਸਰਕਾਰੀ ਹੋਣ ਉਪਰੰਤ ਕਾਰਜਸ਼ੀਲ ਰਹੀਆਂ ਹੋਰਨਾਂ ਅਧਿਆਪਕ ਸ਼ਖ਼ਸੀਅਤਾਂ ਵਿਚ ਗਿਆਨੀ ਸਰਬਜੀਤ ਸਿੰਘ, ਮਾਸਟਰ ਗੁਰਦਿਆਲ ਸਿੰਘ ਭਕਨਾ, ਸ੍ਰੀਮਤੀ ਪ੍ਰੀਤਮ ਕੌਰ, ਸ: ਇੰਦਰਬੀਰ ਸਿੰਘ ਸੰਧੂ, ਸ: ਧਨਵੰਤ ਸਿੰਘ ਸੰਧੂ, ਪੰਡਤ ਦੀਵਾਨ ਚੰਦ ਅਤੇ ਸ: ਅਜੀਤ ਸਿੰਘ ਆਸ ਪ੍ਰਮੁੱਖ ਹਨ; ਜਦ ਕਿ ਵਰਤਮਾਨ ਪੋਚ ਵਿਚ ਸ: ਬਲਵਿੰਦਰ ਸਿੰਘ ਸੰਧੂ, ਸ: ਅਮਰਜੀਤ ਸਿੰਘ ਸੰਧੂ ਆਦਿ ਅਧਿਆਪਕਾਂ ਦਾ ਨਾਂ ਉਲੇਖ ਯੋਗ ਹੈ।

ਸ: ਅਜੀਤ ਸਿੰਘ ਆਸ, ਜੋ ਕਈ ਸਾਲ ਇਥੇ ਪੀ. ਟੀ. ਆਈ. ਅਧਿਆਪਕ ਰਹੇ, ਉੱਘੇ ਕਵੀ ਅਤੇ ਲੇਖਕ ਹਨ। ਅਣਖੀਲਾ ਖ਼ੂਨ (ਭਗਤ ਸਿੰਘ), ਅਣਖ ਦੀ ਲਾਟ (ਇਕਾਂਗੀ ਸੰਗ੍ਰਹਿ) ਵਿਲਕਦੀ ਵੰਝਲੀ (ਗ਼ਜ਼ਲ-ਗੀਤ) ਆਦਿ ਆਪ ਦੀਆਂ ਚਰਚਿੱਤ ਪੁਸਤਕਾਂ ਹਨ ਅਤੇ ਅੱਜਕੱਲ੍ਹ ਆਪ ਸਰਹੱਦੀ ਸਾਹਿਤ ਸਭਾ ਦੇ ਪ੍ਰਮੁੱਖ ਅਹੁਦੇਦਾਰ ਹਨ।

ਇਲਾਕੇ ਦੇ ਵਾਸੀਆਂ ਅਨੁਸਾਰ ਪਾਂਧੀ ਜੀ ਦੀ ਬਦਲੀ ਉਪਰੰਤ ਸਕੂਲ ਦਾ ਪ੍ਰਬੰਧ ਸੁਚੱਜੇ ਰੂਪ ਵਿਚ ਨਾ ਚੱਲ ਸਕਿਆ ਅਤੇ ਲੋਕਾਂ ਦੀ ਰੁਚੀ ਘੱਟ ਜਾਣ ਕਾਰਨ ਇਸ ਨੂੰ ਆਮ ਪੱਧਰ ਦੀ ਅਗਵਾਈ ਦੇ ਦਿਨ ਕੱਟਣੇ ਪਏ। ਸ: ਭਗਵੰਤ ਸਿੰਘ ਮੁੱਖ ਅਧਿਆਪਕ ਨੇ ਸਕੂਲ ਦੀ ਚਾਰ-ਦੀਵਾਰੀ ਨੂੰ ਮੁਕੰਮਲ ਕਰਵਾਇਆ ਅਤੇ ਇਹ ਸਕੂਲ ਪਹਿਲੀ ਵਾਰ ਇਮਤਿਹਾਨੀ ਕੇਂਦਰ ਵੀ ਬਣਿਆ।

1982 ਵਿਚ ਸਕੂਲ ਦੇ ਪ੍ਰਬੰਧਕਾਂ ਵੱਲੋਂ 'ਸਰਵ ਭਾਰਤ ਬਾਬਾ ਸੋਹਣ ਸਿੰਘ ਭਕਨਾ' ਭਾਸ਼ਨ ਮੁਕਾਬਲਾ ਕਰਵਾਇਆ। ਸ: ਭਗਵੰਤ ਸਿੰਘ ਵਾਲੀਆ ਦੀ ਅਗਵਾਈ ਵਿਚ ਹੋਏ ਇਸ ਕਾਰਜ ਨੂੰ ਇਲਾਕੇ ਦੇ ਲੋਕਾਂ ਦੀ ਭਰਪੂਰ ਵਾਹਵਾ ਮਿਲੀ। ਇਸ ਵਿਚ ਸ਼ਹਿਰੀ ਅਤੇ ਪੇਂਡੂ ਸਕੂਲਾਂ ਦੇ ਕੋਈ ਦੋ ਦਰਜਨ ਸਕੂਲੀ-ਬੱਚਿਆਂ ਨੇ ਭਾਗ ਲਿਆ। ਪ੍ਰਥਮ ਮੁਕਾਬਲੇ ਤੋਂ ਬਾਅਦ ਹੋਰ ਕੋਈ ਯਤਨ ਨਹੀਂ ਹੋਇਆ, ਸੋ ਇਹ ਸੁਚੱਜਾ ਉੱਦਮ ਇਕੋ ਵਾਰ ਚਮਕ ਵਿਖਾ ਕੇ ਖ਼ਤਮ ਹੋ ਗਿਆ।

ਸ੍ਰੀ ਰਾਜਪਾਲ ਭਾਟੀਆ ਨੇ ਆਪਣੇ ਮੁੱਖ ਅਧਿਆਪਕੀ ਦੇ ਸਮੇਂ ਸਕੂਲ ਨੂੰ ਲੋਹੇ ਦਾ ਗੇਟ ਬਣਵਾ ਕੇ ਦਿੱਤਾ ਅਤੇ ਕਈ ਸਾਲਾਂ ਦੀ ਸੇਵਾ ਬਾਅਦ ਬਿਨਾਂ ਕੋਈ ਵਿਲੱਖਣ ਚਮਕ ਦਮਕ ਵਿਖਾਏ ਇਥੋਂ ਤਬਦੀਲ ਹੋ ਗਏ। ਸ: ਬਾਵਾ ਸਿੰਘ ਸਕੂਲ ਦੇ ਵਰਤਮਾਨ ਮੁੱਖ ਅਧਿਆਪਕ ਹਨ। ਜਨਤਾ ਸਕੂਲ ਵੇਲੇ ਦਾ ਕੋਈ ਅਧਿਆਪਕ/ਮੁਲਾਜ਼ਮ ਹੁਣ ਇਥੇ ਨਹੀਂ ਪਰ ਬਾਬਾ ਜੀ ਦੀ ਪੁਰਾਣੀ ਹਵੇਲੀ ਵਾਲਾ ਟੋਕੇ ਵਰਗਾ ਨਲਕਾ ਵੱਡਿਆਂ-ਨਿੱਕਿਆਂ ਦੀ ਸੇਵਾ ਵਿਚ ਲੀਨ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਗੌਰਵਮਈ ਪ੍ਰਾਪਤੀਆਂ

ਇਸ ਸਕੂਲ ਨੇ ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿਚ ਉੱਘੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਇਸ ਦੀ ਬਦੌਲਤ ਅਨੇਕਾਂ ਵਿਦਿਆਰਥੀ, ਦੇਸ਼ ਦੇ ਮਾਣਯੋਗ ਨਾਗਰਿਕ ਬਣਨ ਦੇ ਸਮਰਥ ਹੋਏ ਹਨ।

ਸ: ਸਵਰਨ ਸਿੰਘ ਲੱਧੇਵਾਲ, ਹਿਮਾਚਲ ਦੇ ਵਣ-ਵਿਭਾਗ ਵਿਚ ਇਕ ਉਚ ਅਧਿਕਾਰੀ ਹਨ, ਜੋ 1957-58 ਵਿਚ ਇਹ ਇੰਟਰਵਰਸਿਟੀ ਤਕ ਉਚ ਕੋਟੀ ਦੇ ਕਲਾਕਾਰ ਬਣ ਕੇ ਉਭਰੇ। ਸ: ਬਲਰਾਜ ਸਿੰਘ ਅਤੇ ਸ: ਬੂਆ ਸਿੰਘ (ਦੋਵੇਂ ਪਿੰਡ ਚੀਚਾ) ਇੰਟਰਵਰਸਿਟੀ ਦੇ ਪ੍ਰਸਿੱਧ ਐਥਲੀਟ ਰਹੇ ਹਨ। ਸਕੂਲ ਦਾ ਇਕ ਪੁਰਾਣਾ ਵਿਦਿਆਰਥੀ ਮਨਜੀਤ ਸਿੰਘ (ਭਕਨਾ ਕਲਾਂ) ਇੰਡੀਅਨ ਨੇਵੀ ਦੀ ਫੁਟਬਾਲ ਟੀਮ ਦਾ ਮੈਂਬਰ ਰਹਿ ਚੁੱਕਾ ਹੈ। ਇਸ ਸਕੂਲ ਦੇ ਬਖ਼ਸ਼ੀਸ਼ ਸਿੰਘ ਨੇ 1963 ਦੀ ਦਸਵੀਂ ਦੀ ਪ੍ਰੀਖਿਆ 627 ਅੰਕਾਂ ਨਾਲ ਪਾਸ ਕੀਤੀ, ਜੋ ਕਿ ਸਕੂਲ ਦੇ ਵਿਦਿਅਕ ਇਤਿਹਾਸ ਦਾ ਸਰਵੋਤਮ ਰਿਕਾਰਡ ਹੈ।

ਸਕੂਲ ਦੀ ਸਭ ਤੋਂ ਵੱਡੀ ਦੇਣ, ਪਿੰਡ ਨੂੰ ਸਭਿਅਕ ਅਤੇ ਵਿਦਿਅਕ ਲੋਅ ਨਾਲ ਪ੍ਰਕਾਸ਼ਮਾਨ ਕਰਨਾ ਹੈ। ਇਹ ਪਿੰਡ ਜਿੰਨੇ ਥੋੜ੍ਹੇ ਸਮੇਂ ਵਿਚ ਸ਼ਹਿਰੀ ਸੁਭਾਅ ਅਤੇ ਅਗਾਂਹ ਵਧੂ ਕਸਬੇ ਦਾ ਰੂਪ ਧਾਰ ਲਿਆ; ਇਹ ਇਸ ਸਕੂਲ ਦੀ ਹੋਂਦ ਬਿਨਾਂ ਸ਼ਾਇਦ ਸੰਭਵ ਨਹੀਂ ਸੀ ਹੋਣਾ।

ਇਸ ਪਿੰਡ ਵਿਚ ਸਕੂਲ ਦੀ ਬਦੌਲਤ ਸਿੱਧੇ ਅਤੇ ਅਸਿੱਧੇ ਰੂਪ ਵਿਚ ਵਿਦਿਆ ਲੈ ਕੇ ਬਣੇ ਢਾਈ-ਤਿੰਨ ਸੈਂਕੜੇ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਨ, ਜਿਨ੍ਹਾਂ ਵਿਚ ਸਭ ਤੋਂ ਵਧੇਰੀ ਗਿਣਤੀ (100 ਦੇ ਲਗਭਗ) ਅਧਿਆਪਕਾਂ ਦੀ ਹੈ, ਜੋ ਏਡੇ ਪਿੰਡ ਵਿਚ ਹੋਰ ਕਿਧਰੇ ਵੀ ਹੋਣੇ ਸੰਭਵ ਨਹੀਂ। ਅਧਿਆਪਕ ਯੂਨੀਅਨਾਂ ਦੀ ਚੋਣ ਵਿਚ ਇਹ ਪਿੰਡ ਪੂਰੇ ਬਲਾਕ ਤੇ ਭਾਰੂ ਹੁੰਦਾ ਹੈ।

## ਯਾਦਗਾਰ ਅਤੇ ਸਮਾਧ

ਸਕੂਲ-ਬੈਂਡ, ਮੁਰਗੀ ਪਾਲਣ, ਦਸਤਕਾਰੀ ਅਤੇ ਬਗ਼ੀਚਿਆਂ ਜਿਹੀਂ ਪੁਰਾਣੀਆਂ ਰਿਵਾਇਤਾਂ ਸਕੂਲ ਕੋਲ ਹੁਣ ਨਹੀਂ ਰਹੀਆਂ ਅਤੇ ਤੀਖਣ ਅਹਿਸਾਸ ਖੁਣੋਂ ਸਕੂਲ ਪ੍ਰਬੰਧ ਅਤੇ ਵਿਕਾਸ ਦੀ ਗਤੀ ਵੀ ਪ੍ਰਭਾਵਸ਼ਾਲੀ ਨਹੀਂ ਰਹੀ।

ਸਕੂਲ ਦੇ ਐਨ ਬਾਹਰਵਾਰ ਬਣੀ ਗ਼ਦਰ ਪਾਰਟੀ ਦੀ ਯਾਦਗਾਰ ਅਤੇ ਬਾਬਾ ਸੋਹਣ ਸਿੰਘ ਭਕਨਾ ਦੀ ਸਮਾਧ ਵੀ ਸਾਂਭ-ਸੰਭਾਲ ਅਤੇ ਸਫ਼ਾਈ ਖੁਣੋਂ ਤਰਸਯੋਗ ਹਾਲਤ ਵਿਚ ਹੈ। ਬਾਬਾ ਜੀ ਦਾ ਵਾਰਸ ਪਰਿਵਾਰ ਬਰਸੀ ਦੇ ਦਿਨੀਂ ਇਹਦੀ ਮੁਰੰਮਤ ਅਤੇ ਕਲੀ ਆਦਿ ਨਾ ਕਰਾਏ ਤਾਂ ਇਸ ਦੀ ਹੋਰ ਦੁਰਗੱਤ ਹੋਵੇ। ਇਲਾਕਾ ਵਾਸੀਆਂ ਅਤੇ ਬਾਬਾ ਜੀ ਦੇ ਸ਼ਰਧਾਲੂਆਂ ਦੀ ਉਮੰਗ ਹੈ ਕਿ ਕੋਈ ਅਦਾਰਾ ਉਨ੍ਹਾਂ ਦੀਆਂ ਪੂਜਣਯੋਗ ਯਾਦਗਾਰਾਂ ਦੀ ਸੁਚੱਜੀ ਸਾਂਭ ਸੰਭਾਲ ਕਰੇ। ਜੇਕਰ ਇਹ ਜ਼ਿੰਮੇਵਾਰੀ ਸਕੂਲ ਵਲੋਂ ਹੀ ਨਿਭਾਈ ਜਾਣ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਚਾ ਹ ਜਾਵੇ ਤਾਂ ਸਭ ਤੋਂ ਸ਼ੋਭਨੀਕ ਗੱਲ ਹੋਵੇਗੀ।

## ਬਾਬਾ ਜੀ ਦੇ ਨਾਂ ਦੀ ਖ਼ੁਸ਼ਬੂ

1971 ਵਿਚ ਸਾਡੀ ਸ਼ਰੇਣੀ ਨੇ ਮੈਟ੍ਰਿਕ ਦੇ ਇਮਤਿਹਾਨਾਂ ਲਈ ਫ਼ਾਰਗ ਹੋਣਾ ਸੀ। ਅਸੀਂ ਸਕੂਲ ਨੂੰ ਕੋਈ ਯਾਦਗਾਰੀ ਚੀਜ਼ ਦੇਣ ਬਾਰੇ ਸੋਚਿਆ। ਅਸੀਂ ਬਾਬਾ ਜੀ ਦੀ ਵੱਡੀ ਤਸਵੀਰ, ਫ਼ਰੇਮ ਕਰਵਾ ਕੇ ਦੇਣਾ ਚਾਹੁੰਦੇ ਸਾਂ ਪਰ ਥੋੜ੍ਹੇ ਸਮੇਂ ਵਿਚ ਇਹ ਪ੍ਰਬੰਧ ਨਾ ਹੋ ਸਕਿਆ। ਅਸਾਂ ਬਾਬਾ ਜੀ ਅਤੇ ਹੋਰ ਦੇਸ਼ ਭਗਤਾਂ ਨਾਲ ਸੰਬੰਧਤ ਪੁਸਤਕਾਂ ਦਾ ਇਕ ਸੈੱਟ ਸਕੂਲ ਲਾਇਬਰੇਰੀ ਲਈ ਭੇਟ ਕਰ ਦਿਤਾ। ਉਸ ਸਮੇਂ ਪਾਂਧੀ ਸਤਿਨਾਮ ਸਿੰਘ, ਮੁੱਖ ਅਧਿਆਪਕ ਸਨ। ਅਸਾਂ ਬਾਬਾ ਜੀ ਦੀ ਫੋਟੋ ਦੀ ਘਾਟ ਬਾਰੇ ਵੀ ਉਨ੍ਹਾਂ ਨੂੰ ਜਾਣੂ ਕਰਵਾਇਆ।

ਕਿਤਾਬਾਂ ਦਾ ਸੈੱਟ ਹੁਣ ਤਕ ਸਿਉਂਕ ਦੀ ਭੇਂਟ ਚੜ੍ਹ ਚੁੱਕਾ ਹੋਵੇਗਾ ਕਿਉਂਕਿ ਹੁਣ ਲਾਇਬਰੇਰੀਆਂ ਨੂੰ ਖੋਲ੍ਹਣ ਦਾ ਰਿਵਾਜ ਸਾਡੇ ਸਕੂਲਾਂ ਵਿਚ ਨਹੀਂ ਰਿਹਾ। ਕਾਫ਼ੀ ਅਰਸਾ ਬਾਅਦ ਬਾਬਾ ਜੀ ਦੀ ਫੋਟੋ ਤਾਂ ਦਫ਼ਤਰ ਵਿਚ ਲਾ ਦਿੱਤੀ ਗਈ ਹੈ ਪਰ ਬੜੇ ਛੋਟੇ ਆਕਾਰ ਦੀ। ਸਕੂਲ ਦੇ ਸੰਸਥਾਪਕ ਅਤੇ ਏਨੇ ਵੱਡੇ ਦੇਸ਼ਭਗਤ ਦੀ ਯਾਦ ਦੀ ਖ਼ੁਸ਼ਬੂ ਏਨਾ ਕੁ ਕਰਨ ਨਾਲ ਕਿਵੇਂ ਪਸਰ ਸਕੇਗੀ ?

## ਸਕੂਲ ਦੇ ਨਾਂ ਦਾ ਬੋਰਡ

ਜਿਹਾ ਕਿ ਪਿਛਲੇ ਪੰਨਿਆ 'ਤੇ ਜ਼ਿਕਰ ਆਇਆ ਹੈ ਕਿ ਜਨਤਾ ਸਕੂਲ ਨੂੰ ਸਰਕਾਰੀ ਕਰਨ ਵਿਚ ਕਈ ਮੁਸ਼ਕਲਾਂ ਆਈਆਂ। ਫਿਰ ਇਸ ਨੂੰ ਬਾਬਾ ਜੀ ਦੇ ਨਾਂ ਕਰਨ ਵਿਚ ਵੀ ਸਾਲਾਂ ਸਾਲ ਲੱਗ ਗਏ, ਹਾਲਾਂ ਕਿ ਇਸ ਗੱਲ ਦਾ ਪ੍ਰਸਤਾਵ ਬਾਬਾ ਜੀ ਦੇ ਅੰਤਮ ਸੰਸਕਾਰ ਸਮੇਂ ਹੀ ਕਰ ਦਿੱਤਾ ਗਿਆ ਸੀ। ਕਈ ਤਰ੍ਹਾਂ ਦੀਆਂ ਅਫ਼ਸਰਸ਼ਾਹੀ ਰੁਕਾਵਟਾਂ ਅਤੇ ਕਾਨੂੰਨੀ ਕਾਰਵਾਈਆਂ ਉਪਰੰਤ ਹੀ ਇਸ ਨੂੰ ਬਾਬਾ ਜੀ ਦੇ ਨਾਂ ਕਰਨਾ ਪ੍ਰਵਾਨ ਕੀਤਾ ਗਿਆ।

ਸਕੂਲ ਦਾ ਨਾਂ ਵੱਡੇ ਅਤੇ ਪ੍ਰਭਾਵੀ ਬੋਰਡ 'ਤੇ ਪੱਕੀ ਸੜਕ ਵੱਲ ਲਾਇਆ ਜਾਣਾ ਚਾਹੀਦਾ ਸੀ ਪਰ ਪ੍ਰਬੰਧਕਾਂ ਨੇ ਤਖ਼ਤੀ ਜਿਹੀ 'ਤੇ ਲਿਖਵਾ ਕੇ ਕੰਮ ਸਾਰ ਲਿਆ ਹੈ। ਇਹ ਕੰਜੂਸੀ ਹੀ ਨਹੀਂ, ਏਨੇ ਮਹਾਨ ਦੇਸ਼ਭਗਤ ਦੀ ਕੁਰਬਾਨੀ ਤੋਂ ਅੱਖਾਂ ਮੀਟਣ ਵਾਲੀ ਗੱਲ ਹੈ। ਉਨ੍ਹਾਂ ਦੇ ਨਾਂ ਨੂੰ ਸ਼ਾਨਦਾਰ ਜੁਗਤ ਨਾਲ ਜਨ-ਜੀਵਨ ਅਤੇ ਆਉਂਦੀਆਂ ਨਸਲਾਂ ਦੇ ਸਨਮੁੱਖ ਕੀਤਾ ਜਾਣਾ ਚਾਹੀਦਾ ਹੈ।




CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri




ਬਾਬਾ ਭਕਨਾ ਦਾ ਇਕ ਹੋਰ ਰੂਪ



ਬੀਬੀਆਂ ਦੇ ਕੀਰਤਨੀ ਜਥੇ ਵਿਚ ਬਾਬਾ ਸੋਹਣ ਸਿੰਘ ਭਕਨਾ (ਖੱਬੇ) ਅਤੇ ਬਾਬਾ ਈਸ਼ਰ ਸਿੰਘ (ਸੱਜੇ), ਜਦਕਿ ਜਥੇ ਦੇ ਮੋਹਰੀ ਬੀਬੀ ਗੁਰਦੀਸ਼ ਕੌਰ ਬੈਠਿਆਂ ਵਿਚ ਅੱਗੇ ਸੱਜੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri




ਜਨਤਾ ਹਾਈ ਸਕੂਲ ਭਕਨਾ ਦੀ ਸਥਾਪਨਾ ਲਈ ਜੁੜੇ,
ਬਾਬਾ ਭਕਨਾ ਅਤੇ ਇਲਾਕੇ ਦੇ ਪਤਵੰਤੇ




ਬਾਬਾ ਭਕਨਾ, ਜਨਤਾ ਹਾਈ ਸਕੂਲ ਭਕਨਾ ਦਾ
ਨੀਂਹ ਪੱਥਰ ਰੱਖਦੇ ਹੋਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਡਰਾਇੰਗ ਮਾਸਟਰ ਜਰਨੈਲ ਸਿੰਘ ਵਿਲਖੂ
ਆਪਣੀ 'ਕਾਰਜ-ਸ਼ਾਲਾ' ਵਿਚ




ਪਿੰਡ ਭਮਾਲੇ ਦੇ ਪੁਰਾਣੇ ਮੰਦਰ ਅਤੇ ਤਲਾਬ ਦਾ ਇਕ ਚਿੱਤਰ

CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



ਹੈਡਮਾਸਟਰ ਸੁਜਾਨ ਸਿੰਘ



ਹੈਡਮਾਸਟਰ ਪਾਂਧੀ ਸਤਿਨਾਮ ਸਿੰਘ



ਪਾਂਧੀ ਸਤਿਨਾਮ ਸਿੰਘ ਸਕੂਲ ਸਮਾਗਮ ਦੌਰਾਨ 'ਸੱਜਣ ਠੱਗ' ਦੇ ਇਕ ਭਾਵਪੂਰਤ ਦ੍ਰਿਸ਼ ਵਿਚ ਦਸਵੀਂ ਦੇ ਵਿਦਿਆਰਥੀ ਵੀਰ ਸਿੰਘ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਿੰਡ ਭਕਨੇ ਦਾ ਇਤਿਹਾਸਕ ਵਿਕਾਸ

ਅੰਮ੍ਰਿਤਸਰ ਦੇ ਦੱਖਣ-ਪੱਛਮ ਵੱਲ ਕੁਝ ਪਿੰਡਾਂ ਬਾਰੇ ਇਕ ਬੋਲ ਬੜਾ ਪ੍ਰਸਿੱਧ ਹੈ :—

ਚੀਚਾ, ਭਕਨਾ, ਰਾਮਪੁਰਾ।
ਬਾਸਰਕੇ, ਗੁਮਾਨਪੁਰਾ !

ਅਤੇ ਪੰਜ ਪਿੰਡਾਂ ਦੀ ਇਸ ਪੰਜੋਕੜੀ ਵਿਚ ਭਕਨਾ ਇਕ ਤਰ੍ਹਾਂ ਨਾਲ ਆਪਣੇ ਹਾਣੀ ਪਿੰਡਾਂ ਤੋਂ ਵਧੇਰੇ ਨਿਖਰਿਆ, ਮੌਲਿਆ ਤੇ ਪਸਰਿਆ ਹੈ। ਇਸ ਪਿੰਡ ਦੀ ਆਂਗਨ ਵਾੜੀ ਵਿਚ ਅਨੇਕਾਂ ਅਜਿਹੇ ਪਿੰਡ ਆਉਂਦੇ ਹਨ, ਜਿਨ੍ਹਾਂ ਨੇ ਇਸ ਪਿੰਡ ਦੀਆਂ ਬਹਿਕਾਂ, ਡੇਰਿਆਂ ਅਤੇ ਹਵੇਲੀਆਂ ਤੋਂ ਅਲੱਗ ਅਲੱਗ ਪਿੰਡਾਂ ਦਾ ਰੂਪ ਧਾਰਿਆ ਅਤੇ ਉਨ੍ਹਾਂ ਦੀਆਂ ਅੱਡ ਪੰਚਾਇਤਾਂ ਹਨ। ਹੇਅਰ, ਕਲਾਰ, ਮੁੱਲਾਂ-ਬਹਿਰਾਮ, ਮਾਲੂਵਾਲ ਤੇ ਨੱਥੂਪੁਰਾ ਇਨ੍ਹਾਂ ਨਵੇਂ ਪਿੰਡਾਂ ਵਿਚ ਸ਼ਾਮਲ ਹਨ। ਨਿੱਕੇ ਭਕਨੇ ਦੀ ਹੋਂਦ ਤਾਂ ਇਸਦੇ ਨਿੱਕੇ ਅਤੇ ਸਕੇ ਭਰਾ ਦੀ ਨਿਆਈਂ ਹੈ। ਕੁਝ ਸਮਾਂ ਪਹਿਲਾਂ ਇਸਨੂੰ 'ਨਿੱਕਾ ਪਿੰਡ' ਵੀ ਕਿਹਾ ਜਾਂਦਾ ਰਿਹਾ ਪਰ ਹੁਣ ਇਹ ਪੂਰੇ ਜੋਬਨ 'ਤੇ ਹੈ ਅਤੇ ਦੋਵਾਂ ਭਕਨਿਆਂ ਦੀ ਆਬਾਦੀ ਤੇ ਵਿਕਾਸ ਵਿਚ ਉੱਨੀ ਇੱਕੀ ਦਾ ਫ਼ਰਕ ਹੋਵੇਗਾ।

ਇਵੇਂ ਅਜੋਕੀ ਸਥਿਤੀ ਵਿਚ ਭਕਨਾ ਕਲਾਂ ਤੇ ਖੁਰਦ, ਇਕੋ ਭਕਨੇ ਦੇ ਦੋ ਵਜੂਦ ਹਨ। ਪਹਿਲਾ ਚੜ੍ਹਦੇ ਵੱਲ ਅਤੇ ਦੂਜਾ ਲਹਿੰਦੇ ਪਾਸੇ ਹੈ ਅਤੇ ਦੋਵਾਂ ਵਿਚ ਮਸਾਂ ਫਰਲਾਂਗ ਭਰ ਦਾ ਫ਼ਾਸਲਾ ਹੈ। ਬਾਬਾ ਸੋਹਣ ਸਿੰਘ ਵੇਲੇ ਇਕੋ ਭਕਨਾ ਮਸ਼ਹੂਰ ਸੀ ਅਤੇ ਬਾਹਰ ਦੇ ਲੋਕ ਇਸ ਨੂੰ ਇਕੋ ਪਿੰਡ ਦੇ ਰੂਪ ਵਿਚ ਜਾਣਦੇ ਹਨ।

ਇਸ ਪ੍ਰਕਾਰ ਭਕਨਾ ਕਲਾਂ ਤੇ ਖੁਰਦ ਦੀ ਨੀਂਹ ਅਤੇ ਆਧਾਰ ਇਕ ਹੈ। ਇਨ੍ਹਾਂ ਦੀ ਹੋਂਦ ਕਣਕ ਦੇ ਇਕ ਦਾਣੇ ਵਾਂਗ ਹੈ, ਜਿਸਨੂੰ ਸੜਕ ਰੂਪੀ ਲਕੀਰ ਦੋਹਾਂ ਹਿੱਸਿਆਂ ਵਿਚ ਵੰਡਦੀ ਦਿੱਸਦੀ ਹੈ।

## ਪਿੰਡ ਦੀ ਸਥਿਤੀ

ਭਕਨਾ, ਅੰਮ੍ਰਿਤਸਰੋਂ ਕੋਈ 20 ਕਿ: ਮੀਟਰ ਦੂਰ ਹੈ। ਪਹਿਲਾਂ ਇਹ ਤਰਨਤਾਰਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸੀ ਅਤੇ ਹੁਣ ਇਹ ਤਹਿਸੀਲ ਤੇ ਜ਼ਿਲਾ ਅੰਮ੍ਰਿਤਸਰ ਵਿਚ ਹੈ। ਇਹ ਅੰਮ੍ਰਿਤਸਰੋਂ ਵਾਹਗਾ ਬਾਰਡਰ ਨੂੰ ਜਾਣ ਵਾਲੀ ਅੰਤਰ-ਰਾਸ਼ਟਰੀ (ਜੀ. ਟੀ.) ਰੋਡ ਤੇ ਸਥਿਤ ਖਾਸਾ ਡਿਸਟਲਰੀ ਤੋਂ ਖੱਬੇ ਹੱਥ ਮੁੜਦੀ ਲਿੰਕ ਸੜਕ ਤੇ, ਕੋਈ 4 ਕਿਲੋਮੀਟਰ ਦੂਰ ਹੈ। ਖਾਸਾ ਅੰਗਰੇਜ਼ਾਂ ਵੇਲੇ ਤੋਂ ਬਣਿਆ ਰੇਲਵੇ ਸਟੇਸ਼ਨ ਹੈ, ਜਿਥੋਂ ਲਾਹੌਰ-ਅੰਮ੍ਰਿਤਸਰ ਨੂੰ ਗੱਡੀਆਂ ਚਲਦੀਆਂ ਹਨ। ਖਾਸੇ ਮੋੜ ਤੋਂ ਮਸਾਂ ਡੇਢ ਕਿਲੋਮੀਟਰ ਦੀ ਵਿੱਥ 'ਤੇ ਪਿੰਡ ਚੱਕ ਮੁਕੰਦ ਪੈਂਦਾ ਹੈ। ਕੋਈ 20 ਸਾਲ ਪਹਿਲਾਂ ਖਾਸੇ ਤੋਂ ਭਕਨੇ ਵਾਲੀ ਸੜਕ ਕੱਚੀ ਹੁੰਦੀ ਸੀ ਅਤੇ ਇਹ ਚੱਕ ਮੁਕੰਦ ਦੇ ਲਹਿੰਦਿਓਂ ਹੁੰਦੀ ਹੋਈ ਭਕਨੇ ਦੇ ਚੜ੍ਹਦੇ ਬੰਨਿਓਂ ਢੰਡ-ਤਰਨ ਤਾਰਨ ਨੂੰ ਜਾਂਦੀ ਸੀ ਪਰ ਹੁਣ ਪੱਕੀ ਸੜਕ ਵਜੋਂ ਚੱਕ ਮੁਕੰਦ ਦੇ ਚੜ੍ਹਦਿਓਂ ਅਤੇ ਭਕਨੇ ਦੇ ਲਹਿੰਦਿਓਂ ਲੰਘਦੀ ਹੈ। ਦੂਸਰੇ ਸ਼ਬਦਾਂ ਵਿਚ ਇਹ ਕਲਾਂ ਤੇ ਖੁਰਦ ਦੋਹਾਂ ਭਕਨਿਆਂ ਨੂੰ ਵਿਚਕਾਰੋਂ ਵੰਡਦੀ ਲੰਘਦੀ ਹੈ। ਇਸ ਸੜਕ ਨੂੰ ਦੋਹਾਂ ਭਕਨਿਆਂ ਦੀ ਦੱਖਣ ਬਾਹੀ ਤੋਂ ਲੰਘਦੀ ਸੜਕ, ਪਿੰਡ ਦੇ ਬਾਹਰਵਾਰ ਇਕ ਚੌਕ ਨੂੰ ਜਨਮ ਦਿੰਦੀ ਹੈ, ਜਿਸਦਾ ਵਿਕਾਸ ਇਕ ਪਿੰਡ ਨੂੰ ਕਸਬੇ ਵਜੋਂ ਉਭਾਰਨ ਦਾ ਸੋਮਾ ਸਿੱਧ ਹੋ ਰਿਹਾ ਹੈ।

## ਇਤਿਹਾਸਕ ਪਿਛੋਕੜ

ਭਕਨਾ, ਅੰਮ੍ਰਿਤਸਰ ਅਤੇ ਮਾਝੇ ਦੇ ਪਰਾਚੀਨ ਪਿੰਡਾਂ ਵਿਚੋਂ ਹੈ। ਇਕ ਦੰਦ-ਕਥਾ ਅਨੁਸਾਰ ਖਾਸਾ ਤੇ ਭਕਨਾ ਦੋ ਭਰਾ ਸਨ, ਜਿਨ੍ਹਾਂ ਦੇ ਨਾਂ 'ਤੇ ਪਿੰਡਾਂ ਦਾ ਨਾਮਕਰਣ ਹੋਇਆ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਭਕਨੇ ਨੂੰ ਵਧਣ-ਫੁੱਲਣ ਤੇ ਮੌਲਣ ਦਾ ਵਰਦਾਨ ਮਿਲਿਆ, ਜੋ ਕਿ ਅਜੇ ਤਕ ਸੱਚ ਸਿੱਧ ਹੋ ਰਿਹਾ ਹੈ।

ਕਿਸੇ ਵੇਲੇ ਇਹ 'ਭਕਨਾ ਕਾਸ਼ੀ' ਵਜੋਂ ਪ੍ਰਸਿੱਧ ਰਿਹਾ ਦੱਸਿਆ ਜਾਂਦਾ ਹੈ, ਜਿਥੇ ਲੋਕ ਦੂਰ ਦੂਰ ਤੋਂ ਵਿਦਿਆ ਪ੍ਰਾਪਤ ਕਰਨ ਆਉਂਦੇ ਹੁੰਦੇ ਸਨ।

ਇਕ ਹੋਰ ਕਥਾ ਮੁਤਾਬਕ ਇਸ ਪਿੰਡ ਦਾ ਸਰਦਾਰ ਚੂਹੜ ਸਿੰਘ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ। ਇਕ ਵਾਰ ਉਹ ਆਪਣੇ ਹੋਰ ਸਿਪਾਹੀਆਂ ਨਾਲ ਪਿੰਡ ਪਰਤ ਰਿਹਾ ਸੀ ਕਿ ਰਾਹ ਵਿਚ ਇਕ ਮਜ਼੍ਹਬੀ ਸਿੰਘ ਤੋਤੇ ਰੰਗੇ ਕੱਪੜੇ ਪਾਈ ਤੁਰਿਆ ਜਾਂਦਾ ਮਿਲਿਆ। ਸਰਦਾਰ ਦੇ ਪੁੱਛਣ 'ਤੇ ਉਸਨੇ ਮਾਣ-ਤਾਣ ਨਾਲ ਕਿਹਾ ਕਿ ਉਹ ਭਕਨੇ ਪਿੰਡ ਦਾ ਪ੍ਰਾਹੁਣਾ ਹੈ ਤੇ ਉਥੇ ਮਿਲਣ-ਗਿਲਣ ਜਾ ਰਿਹਾ ਹੈ।

ਇਹ ਸੁਣਦਿਆਂ ਹੀ ਸਰਦਾਰ ਘੋੜੇ ਤੋਂ ਉਤਰ ਖਲੋਤਾ ਅਤੇ ਆਪਣਾ ਘੋੜਾ ਉਸਦੇ ਸਪੁਰਦ ਕਰ ਦਿੱਤਾ, ''ਭਕਨੇ ਦਾ ਜੁਆਈ ਹੋ ਕੇ ਪੈਦਲ ਜਾਏਂ, ਇਹ ਗੱਲ ਸ਼ੋਭਾ ਨਹੀਂ ਦਿੰਦੀ।''



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਗ਼ਦਰੀ ਬਾਬਿਆਂ ਦਾ ਪਿੰਡ

ਦੂਰ-ਦੁਰਾਡੇ ਅਤੇ ਦੂਰ-ਦੇਸ਼ ਦਾ ਕੋਈ ਵਿਅਕਤੀ ਜੇਕਰ 'ਬਾਬਾ ਸੋਹਣ ਸਿੰਘ' ਨੂੰ ਨਹੀਂ ਜਾਣਦਾ ਤਾਂ ਉਹ 'ਭਕਨਾ' ਦਾ ਨਾਂ ਸੁਣਕੇ ਇਕਦਮ ਸਿਰ ਝੁਕਾਉਣ ਲਗੇਗਾ। ਜਦ ਭਕਨੇ ਬਾਰੇ ਕੋਈ ਨਾ ਜਾਣਦਾ ਹੋਵੇ ਤਾਂ ਬਾਬਾ ਸੋਹਣ ਸਿੰਘ ਵਾਲਾ ਭਕਨਾ ਕਹਿਣ ਨਾਲ ਹੀ ਉਸ ਦੀਆਂ ਅੱਖਾਂ ਖੁਲ੍ਹ ਜਾਣਗੀਆਂ। ਥੋੜ੍ਹੇ ਸ਼ਬਦਾਂ ਵਿਚ ਇਸ ਪਿੰਡ ਦੇ ਗ਼ਦਰੀ ਬਾਬਿਆਂ ਦਾ ਨਾਂ, ਇਸ ਪਿੰਡ ਦੀ ਫਿਜ਼ਾ ਵਿਚ ਫੁੱਲ ਦੀ ਖੁਸ਼ਬੂ ਵਾਂਗ ਸਮੋ ਗਿਆ ਹੈ; ਜਿਸ ਨੂੰ ਇਕ ਦੂਜੇ ਤੋਂ ਅੱਡ ਨਹੀਂ ਕੀਤਾ ਜਾ ਸਕਦਾ।

ਗ਼ਦਰ ਬਾਨੀ ਬਾਬਾ ਸੋਹਣ ਸਿੰਘ ਭਕਨਾ ਤੋਂ ਇਲਾਵਾ ਬਾਬਾ ਗੁੱਜਰ ਸਿੰਘ ਭਕਨਾ ਵੀ ਇਸੇ ਧਰਤੀ ਦੇ ਸਪੂਤ ਸਨ, ਜਿਨ੍ਹਾਂ ਨੇ ਗ਼ਦਰੀ ਇਨਕਲਾਬ ਦੇ ਯਤਨਾਂ ਅਤੇ ਸਮਾਜ ਸੁਧਾਰ ਵਿਚ ਉਲੇਖ ਯੋਗਦਾਨ ਪਾਇਆ।

## ਬਾਬਾ ਗੁੱਜਰ ਸਿੰਘ ਭਕਨਾ

ਬਾਬਾ ਸੋਹਣ ਸਿੰਘ ਤੋਂ ਬਾਅਦ ਇਸ ਪਿੰਡ ਦੀ ਦੂਸਰੀ ਪ੍ਰਸਿੱਧ ਹਸਤੀ ਵਜੋਂ ਜਾਣੇ ਜਾਂਦੇ, ਦੇਸ਼ਭਗਤ ਬਾਬਾ ਗੁੱਜਰ ਸਿੰਘ ਭਕਨਾ ਦਾ ਜਨਮ ਵੀ ਇਸੇ ਭੂਮੀ 'ਤੇ ਹੋਇਆ। ਗੁੱਜਰ ਸਿੰਘ ਦੇ ਪਿਤਾ ਸ: ਸ਼ਾਮ ਸਿੰਘ ਸਨ। ਇਨ੍ਹਾਂ ਨੂੰ ਦੇਸ਼ ਭਗਤੀ ਦੀ ਜਾਗ ਵੀ 'ਵੱਡੇ ਬਾਬਾ ਜੀ' ਦੇ ਸੰਪਰਕ ਵਿਚ ਆਉਣ ਨਾਲ ਲੱਗੀ।

1914 ਦੀ ਗੱਲ ਹੈ। ਬਾਬਾ ਸੋਹਣ ਸਿੰਘ ਭਕਨਾ ਕਾਮਾਗਾਟਾ ਮਾਰੂ ਨੂੰ ਭਾਰਤ ਵੱਲ ਵਿਦਾ ਕਰਕੇ ਯੋਕੋਹਾਮਾ ਅਟਕ ਗਏ। ਉਥੇ ਸਰਦਾਰ ਕਰਤਾਰ ਸਿੰਘ ਸਰਾਭਾ ਅਤੇ ਸ੍ਰੀ ਰਘਬਰ ਦਿਆਲ ਵੀ ਆਣ ਮਿਲੇ ਅਤੇ ਪਾਰਟੀ ਦਾ ਫ਼ੈਸਲਾ ਦੱਸਿਆ। ਉਨ੍ਹਾਂ ਨੇ ਹਥਿਆਰ-ਬੰਦ ਇਨਕਲਾਬ ਲਈ ਵੱਧ ਤੋਂ ਵੱਧ ਸਾਥੀ, ਅਸਲਾ ਲੈ ਕੇ ਭਾਰਤ ਪੁੱਜਣ ਦੀ ਬੇਨਤੀ ਕੀਤੀ।

ਬਾਬਾ ਜੀ ਇਸੇ ਕਾਰਜ ਦੀ ਸੰਪੂਰਨਤਾ ਲਈ ਯੋਕੋਹਾਮਾ ਤੋਂ ਸ਼ੰਘਈ ਅਪੜੇ ਅਤੇ ਉਥੋਂ ਦੇ ਗੁਰਦੁਆਰੇ ਵਿਚ ਦੇਸ਼ ਦੀ ਆਜ਼ਾਦੀ ਲਈ ਲੜ ਮਰਨ ਦਾ ਜੋਸ਼ੀਲਾ ਭਾਸ਼ਨ ਦਿਤਾ। ਬਾਬਾ ਜੀ ਦੇ ਪਿੰਡ ਵਾਸੀ ਸ: ਗੁੱਜਰ ਸਿੰਘ ਭਕਨਾ ਸ਼ੰਘਈ ਪੁਲਿਸ ਵਿਚ ਨੌਕਰ ਸਨ। ਉਨ੍ਹਾਂ ਨੇ ਵੀ ਹੋਰਨਾਂ ਸਮੇਤ ਦੇਸ਼ ਦੀ ਸੁਤੰਤਰਤਾ ਲਈ ਕੁਰਬਾਨ ਹੋਣ ਦਾ ਪ੍ਰਣ ਲਿਆ ਅਤੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਬਾਬਾ ਗੁੱਜਰ ਸਿੰਘ ਭਕਨਾ ਆਪਣੇ 30 ਇਨਕਲਾਬੀਆਂ ਦੇ ਜਥੇ ਦੀ ਅਗਵਾਈ ਕਰਦੇ ਹੋਏ ਭਾਰਤ ਨੂੰ ਠਿੱਲ੍ਹ ਪਏ। ਗ਼ਦਰ ਪਾਰਟੀ ਵਲੋਂ ਬਾਕਾਇਦਾ ਐਲਾਨੇ ਜੰਗ ਹੋ ਚੁੱਕਾ ਸੀ। ਗ਼ਦਰੀ ਦੇਸ਼ਭਗਤ ਕੈਨੇਡਾ, ਅਮਰੀਕਾ, ਮਲਾਇਆ, ਸਿੰਘਾਪੁਰ, ਆਦਿ ਤੋਂ ਬਚਦੇ ਬਚਾਉਂਦੇ ਭਾਰਤ ਵੱਲ ਵਧਣ ਲੱਗੇ। ਬਹੁਤ ਸਾਰੇ ਗ਼ਦਰੀ ਆਗੂ ਭਾਰਤ ਦੀ ਧਰਤੀ ਤੇ ਪੈਰ ਰੱਖਣ ਤੋਂ ਪਹਿਲਾਂ ਹੀ ਫੜ੍ਹੇ ਜਾ ਚੁੱਕੇ ਸਨ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਬਚੇ, ਉਹ ਲੁਕ-ਛਿਪ ਕੇ ਆਪਣੇ ਇਲਾਕਿਆਂ ਵਿਚ ਖਿੰਡ ਗਏ। ਸ: ਜਗਜੀਤ ਸਿੰਘ ਕਰਤਾ 'ਗ਼ਦਰ ਪਾਰਟੀ ਲਹਿਰ' ਨੇ ਦੂਸਰੇ ਸਾਜ਼ਸ਼ ਕੇਸ ਦੇ ਹਵਾਲੇ ਨਾਲ ਲਿਖਿਆ ਹੈ—

"ਹਿੰਦ ਵਿਚ ਗ਼ਦਰੀ ਕਾਰਵਾਈਆਂ ਦੀ ਪਹਿਲ, ਸ਼ੰਘਈ ਤੋਂ ਆਏ ਜਥੇ ਨੇ ਸ੍ਰੀ ਗੁੱਜਰ ਸਿੰਘ ਭਕਨਾ ਦੀ ਅਗਵਾਈ ਹੇਠ ਕੀਤੀ, ਜਿਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਪਿੰਡਾਂ ਅਤੇ ਦੇਸੀ ਫ਼ੌਜ਼ ਵਿਚ ਗ਼ਦਰ ਦਾ ਪ੍ਰਚਾਰ ਕੀਤਾ ਗਿਆ ਅਤੇ ਗ਼ਦਰੀਆਂ ਨੂੰ ਹੁਕਮ ਮਿਲਣ ਉਤੇ ਗ਼ਦਰ ਕਰਨ ਲਈ ਤਿਆਰ ਰਹਿਣ ਵਾਸਤੇ ਆਖਿਆ ਗਿਆ।"

ਉਪਰੋਕਤ ਮੰਤਵ ਅਤੇ ਗ਼ਦਰੀ ਕਾਰਵਾਈਆਂ ਨੂੰ ਤਰਤੀਬ ਦੇਣ ਲਈ 13 ਅਕਤੂਬਰ 1914 ਨੂੰ ਗ਼ਦਰੀਆਂ ਦੀ ਇਕ ਮੀਟਿੰਗ ਹੋਈ। ਦੀਵਾਲੀ ਵਾਲੇ ਦਿਨ ਫਿਰ ਅੰਮ੍ਰਿਤਸਰ ਮੀਟਿੰਗ ਹੋਈ, ਜਿਸ ਵਿਚ ਬਾਬਾ ਗੁੱਜਰ ਸਿੰਘ ਭਕਨਾ ਅਤੇ ਉਨ੍ਹਾਂ ਦੇ ਕਈ ਸਾਥੀਆਂ ਤੋਂ ਇਲਾਵਾ ਡਾਕਟਰ ਮਥਰਾ ਸਿੰਘ, ਜੋ ਉਸੇ ਦਿਨ 19-20 ਸਾਥੀਆਂ ਨਾਲ ਸ਼ੰਘਈ ਤੋਂ ਆਏ ਸਨ, ਵੀ ਸ਼ਾਮਲ ਹੋਏ।

ਖਿੰਡਰੇ ਗ਼ਦਰੀਆਂ ਨੂੰ ਇਕ ਲੜੀ 'ਚ ਪਰੋਣ ਦਾ ਕੰਮ ਸਰਦਾਰ ਸਰਾਭੇ ਅਤੇ ਬਾਬਾ ਨਿਧਾਨ ਸਿੰਘ ਚੁੱਘਾ ਨੇ ਕੀਤਾ। ਭਕਨਾ ਨੇੜਲੇ ਪਿੰਡ ਖਾਸਾ (ਜ਼ਿਲਾ ਅੰਮ੍ਰਿਤਸਰ) ਵਿਚ ਮੀਟਿੰਗ ਕਰਕੇ 15 ਨਵੰਬਰ ਨੂੰ ਗ਼ਦਰ ਦਾ ਫ਼ੈਸਲਾ ਕੀਤਾ ਗਿਆ ਅਤੇ ਇਸ ਮਨੋਰਥ ਲਈ ਡਾਕਟਰ ਮਥਰਾ ਸਿੰਘ, ਸ: ਕਰਤਾਰ ਸਿੰਘ ਸਰਾਭਾ, ਪੰਡਤ ਜਗਤਰਾਮ, ਸ: ਨਿਧਾਨ ਚੁੱਘਾ ਅਤੇ ਸ: ਗੁੱਜਰ ਸਿੰਘ ਭਕਨਾ ਲੀਡਰ ਨਿਯੁਕਤ ਕੀਤੇ ਗਏ। ਬਦੇਸ਼ਾਂ ਤੋਂ ਹਥਿਆਰਾਂ ਦੀ ਖ਼ੇਪ ਨਾ ਆਉਣ ਕਾਰਨ ਇਹ ਦਿਨ ਮਨਸੂਖ ਕਰ ਦਿੱਤਾ ਗਿਆ।

ਖਾਸੇ ਬਣੀ ਕਮੇਟੀ ਨੇ ਫਿਰ 23 ਨਵੰਬਰ ਨੂੰ ਝਾੜ ਸਾਹਿਬ (ਸਰਹਾਲੀ ਥਾਣਾ) ਇਨ-ਕਲਾਬੀਆਂ ਦਾ ਇਕੱਠ ਕਰਨ ਦਾ ਫ਼ੈਸਲਾ ਕੀਤਾ ਪਰ ਮਾਝੇ ਦੇ ਗ਼ਦਰੀਆਂ ਦੇ ਮੁੱਖੀ ਬਾਬਾ ਗੁੱਜਰ ਸਿੰਘ ਭਕਨਾ ਨੂੰ ਪੁਲੀਸ ਨੇ 17 ਨਵੰਬਰ ਦੀ ਮਸਿਆ ਨੂੰ (ਤਰਨਤਾਰਨ) ਵਿਚ ਫੜ ਲਿਆ।

ਇਕ ਗੁਆਹੀ ਵਿਚ ਭਕਨੇ ਦਾ ਨੰਬਰਦਾਰ, ਬਾਬਾ ਗੁੱਜਰ ਸਿੰਘ ਦੇ ਹੱਕ ਵਿਚ ਵਿਚ ਗੁਆਹੀ ਦੇ ਚੁੱਕਾ ਸੀ ਕਿ ਉਨ੍ਹਾਂ ਕਦੇ ਵੀ ਸਰਕਾਰ ਵਿਰੁੱਧ ਕਿਸੇ ਪ੍ਰਚਾਰ ਵਿਚ ਹਿੱਸਾ ਨਹੀਂ ਲਿਆ ਅਤੇ ਉਹ ਪਿੰਡ ਹਾਜ਼ਰ ਰਹਿੰਦੇ ਸਨ। ਇਸ ਗੁਆਹੀ ਕਾਰਨ ਬਾਬਾ ਜੀ ਨੂੰ ਜੇਲ੍ਹੋਂ ਰਿਹਾਈ ਦੇ ਹੁਕਮ ਹੋ ਗਏ। ਪਰ ਇਕ ਹੋਰ ਕੇਸ ਵਿਚ ਉਸੇ ਨੰਬਰਦਾਰ ਦੀ ਗੁਆਹੀ, ਬਾਬਾ ਗੁੱਜਰ ਸਿੰਘ ਭਕਨਾ ਦੇ ਵਿਰੁੱਧ ਭੁਗਤਾਈ ਗਈ ਅਤੇ ਉਨ੍ਹਾਂ ਦੀ ਰਿਹਾਈ ਦੀ ਯੋਜਨਾ ਖਤਮ ਹੋ ਗਈ। ਸਫ਼ਾਈ ਵਕੀਲ ਦੇ ਡਾਂਟਣ 'ਤੇ ਉਸ ਨੰਬਰਦਾਰ ਨੇ ਸਾਫ਼ ਸਾਫ਼ ਕਹਿ ਦਿਤਾ ਕਿ ਉਸਦੇ ਕਹਿਣ ਦਾ ਕੋਈ ਵੱਸ ਨਹੀਂ ਸੀ ਅਤੇ ਉਸਨੇ ਆਪਣਾ ਬਿਆਨ ਪੁਲਿਸ ਦੇ ਕਹਿਣ ਮੁਤਾਬਕ ਦਿੱਤਾ।

## ਬਾਬਾ ਜੀ ਨੇ 'ਬੰਬ' ਚਲਾਇਆ

ਦੂਸਰੇ ਸਾਜ਼ਸ਼ ਮੁਕੱਦਮੇ ਦੇ 33 ਗ਼ਦਰੀਏ, 1916 ਵਿਚ ਹਜ਼ਾਰੀ ਬਾਗ ਜੇਲ੍ਹ ਭੇਜੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਏ ਸਨ। ਜੇਲ੍ਹ ਦਰੋਗੇ ਅਤੇ ਸੁਪਰਡੈਂਟ ਦੀਆਂ ਸਖ਼ਤੀਆਂ ਕਾਰਨ ਗ਼ਦਰੀ ਕੈਦੀਆਂ ਨੇ ਜੇਲ੍ਹੋਂ ਭੱਜਣ ਦੀ ਸਲਾਹ ਬਣਾਈ।

ਫਰਵਰੀ 1918 ਦੀ ਇਕ ਕਾਲੀ ਹਨੇਰੀ ਰਾਤ ਨੂੰ ਸ: ਨੱਥਾ ਸਿੰਘ ਧੁੰਨ ਅਤੇ ਸ: ਸੁੱਚਾ ਸਿੰਘ ਚੋਹਲਾ ਆਪਣੀਆਂ ਕੋਠੜੀਆਂ ਦੀਆਂ ਛੱਤਾਂ ਪਾੜ ਕੇ ਉਪਰ ਆ ਨਿਕਲੇ। ਸਾਥੀ ਗ਼ਦਰੀ ਪਹਿਲੀ ਮਿਥੀ ਜੁਗਤ ਮੁਤਾਬਕ ਉੱਚੀ ਉੱਚੀ ਕੀਰਤਨ ਕਰ ਰਹੇ ਸਨ ਕਿ ਛੱਤ ਪਾੜੇ ਜਾਣ ਦਾ ਖੜਾਕ ਨਾ ਸੁਣ ਸਕੇ। ਦੋਵੇਂ ਮਲਕੜੇ ਜਿਹੇ ਥੱਲੇ ਉਤਰੇ ਅਤੇ ਪਹਿਰੇਦਾਰ ਨੂੰ ਕਾਬੂ ਕਰ ਲਿਆ ਅਤੇ ਉਸਦੇ ਮੂੰਹ ਵਿਚ ਕੱਪੜਾ ਤੁੰਨ ਕੇ, ਉਸਨੂੰ ਇਕ ਥੰਮ੍ਹ ਨਾਲ ਜਕੜ ਦਿੱਤਾ।

ਰਤਾ ਠਹਿਰ ਕੇ ਚਾਬੀਆਂ ਵਾਲਾ ਜਮਾਂਦਾਰ ਰਾਊਂਡ ਲਾਉਣ ਆਇਆ ਤਾਂ ਦੋਹਾਂ ਗ਼ਦਰੀਆਂ ਨੇ ਉਸਨੂੰ ਵੀ ਦਬੋਚ ਲਿਆ। ਉਸ ਤੋਂ ਚਾਬੀਆਂ ਲੈ ਕੇ ਸਪੈਸ਼ਲ ਨੰਬਰ ਦੀਆਂ ਸਭ ਕੋਠੜੀਆਂ ਖੋਲ੍ਹ ਦਿੱਤੀਆਂ। ਡੱਕੇ ਹੋਏ ਗ਼ਦਰੀ ਬਾਹਰ ਨਿਕਲ ਆਏ ਅਤੇ ਦੂਸਰੇ ਨੰਬਰ ਦੇ ਕੈਦੀਆਂ ਦੀਆਂ ਕੋਠੜੀਆਂ ਖੋਲ੍ਹਣ ਲੱਗੇ। ਸੰਤ ਰਣਧੀਰ ਸਿੰਘ ਅਤੇ ਕੁਝ ਹੋਰ ਇਸੇ ਨੰਬਰ (ਵਾਰਡ) ਵਿਚ ਸਨ। ਪਰ ਗ਼ਲਤ ਚਾਬੀਆਂ ਕਾਰਨ ਉਨ੍ਹਾਂ ਦੇ ਜੰਦਰੇ ਨਾ ਖੁੱਲ੍ਹ ਸਕੇ। ਇੰਨੇ ਚਿਰ ਨੂੰ ਜੇਲ੍ਹ ਵਿਚ ਹਫੜਾ ਦਫੜੀ ਦਾ ਭੇਤ ਖੁੱਲ੍ਹ ਗਿਆ ਅਤੇ ਖਤਰੇ ਦਾ ਅਲਾਰਮ ਵੱਜ ਗਿਆ।

ਅਜੇ ਚਾਰ ਪੰਜ ਗ਼ਦਰੀਏ ਹੀ ਜੇਲ੍ਹ ਦੀ ਫਸੀਲ ਤੇ ਚੜ੍ਹੇ ਸਨ ਕਿ ਪੁਲਿਸ ਨੇ ਧਾਵਾ ਬੋਲ ਦਿੱਤਾ। ਇਕ ਗ਼ਦਰੀ ਨੇ ਦਬਾਕਾ ਮਾਰਿਆ, "ਮਾਰੋ ਬੰਬ, ਹੁਣ ਕੀ ਵੇਖਦੇ ਓ ?"

ਬਾਬਾ ਗੁੱਜਰ ਸਿੰਘ ਭਕਨਾ ਦੇ ਝੋਲੇ ਵਿਚ ਕੋਠੜੀਆਂ ਦੇ ਖੋਲ੍ਹੇ ਜੰਦਰੇ ਸਨ। ਉਨ੍ਹਾਂ ਇਕ ਜੰਦਰਾ ਕੱਢਿਆ। ਡੱਬੀ ਦੀ ਤੀਲੀ ਬਾਲੀ ਅਤੇ ਜੰਦਰਾ ਠਾਹ ਕਰਦਾ ਕੰਧ ਨਾਲ ਮਾਰਿਆ। ਪੁਲਿਸ ਨੇ ਸਮਝਿਆ ਕਿ ਬੰਬ ਵੱਜਿਆ ਹੈ ਅਤੇ ਉਹ ਪਰ੍ਹਾਂ ਨੱਸ ਗਈ। ਫਸੀਲ ਤੇ ਚੜ੍ਹੇ ਕਈ ਕੈਦੀਆਂ ਨੇ ਬਾਹਰ ਸਿੱਧੀਆਂ ਛਾਲਾਂ ਮਾਰ ਦਿੱਤੀਆਂ, ਉਨ੍ਹਾਂ ਦੇ ਗਿੱਟੇ ਨਿਕਲ ਗਏ ਅਤੇ ਪੈਰ ਜ਼ਖ਼ਮੀ ਹੋ ਗਏ। ਕੁਝ ਲਮਕ ਕੇ ਸਹੀ ਸਲਾਮਤ ਉੱਤਰ ਗਏ।

ਏਨੇ ਚਿਰ ਵਿਚ ਜੇਲ੍ਹ ਦੇ ਬਾਹਰ ਵੀ ਪੁਲਿਸ ਆ ਚੁੱਕੀ ਸੀ। ਗ਼ਦਰੀਆਂ ਨੇ ਪੁਲਿਸ ਦੀਆਂ ਹੀ ਡਾਂਗਾਂ ਖੋਹੀਆਂ ਅਤੇ ਉਨ੍ਹਾਂ ਨੂੰ ਮਾਰ ਭਜਾਇਆ। ਉਨ੍ਹਾਂ ਨੇ ਜ਼ਖ਼ਮੀ ਸਾਥੀਆਂ ਨੂੰ ਚੁੱਕ ਕੇ ਜੰਗਲ ਵੱਲ ਲਿਜਾਣ ਦੀ ਕੋਸ਼ਿਸ਼ ਕੀਤੀ। ਪਰ ਏਨੇ ਵਿਚ ਦਿਨ ਚੜ੍ਹਨ ਦਾ ਆਹਰ ਪਾਹਰ ਹੋ ਰਿਹਾ ਸੀ। ਜ਼ਖ਼ਮੀ ਸਾਥੀਆਂ ਨੇ, ਅਰੋਗ ਬਚੇ ਸਾਥੀਆਂ ਨੂੰ ਮਜ਼ਬੂਰ ਕੀਤਾ, "ਸਾਥੀਓ, ਤੁਸੀਂ ਨਿਕਲ ਜਾਓ। ਸਾਨੂੰ ਬਚਾਉਣ ਦੇ ਚੱਕਰ ਵਿਚ ਤੁਸੀਂ ਵੀ ਫਾਥੇ ਜਾਓਗੇ।"

ਤੰਦਰੁਸਤ ਸਾਥੀ ਅਗਾਂਹ ਜੰਗਲਾਂ ਵਿਚ ਨਿਕਲ ਗਏ। ਜ਼ਖ਼ਮੀਆਂ ਨੂੰ ਪੁਲਿਸ ਨੇ ਆਣ ਘੇਰਿਆ ਅਤੇ ਭਾਰੀ ਕੁੱਟ-ਮਾਰ ਤੋਂ ਬਾਅਦ ਵਾਪਸ ਜੇਲ੍ਹ ਲੈ ਗਏ। ਭੱਜੇ ਹੋਏ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ਼ਦਰੀ ਵੀ ਬਹੁਤਾ ਚਿਰ ਬਚ ਨਾ ਸਕੇ। ਇਕ ਤਾਂ ਉਨ੍ਹਾਂ ਦੇ ਕੱਪੜੇ ਕੈਦੀਆਂ ਵਾਲੇ ਸਨ ਅਤੇ ਦੂਜਾ ਪੁਲਿਸ ਨੇ ਉਨ੍ਹਾਂ ਨੂੰ ਡਾਕੂ ਧੁੰਮਾਇਆ ਹੋਇਆ ਸੀ। ਲਾਗੇ ਬੰਨੇ ਦੇ ਪਿੰਡ ਪਹਿਲਾਂ ਹੀ ਚੌਕਸ ਸਨ। ਸੋ ਜਦੋਂ ਗ਼ਦਰੀ ਜੰਗਲ 'ਚੋਂ ਬਾਹਰ ਨਿਕਲੇ ਤਾਂ ਲੋਕਾਂ ਦਾ ਹਜੂਮ ਟੁੱਟ ਪਿਆ। ਦੋ ਘੰਟੇ ਜੰਮ ਕੇ ਲੜਾਈ ਹੋਈ। ਆਖ਼ਰ ਹਜੂਮ ਨੇ ਇਨ੍ਹਾਂ ਨੂੰ ਘੇਰ ਲਿਆ। ਦੋ ਤਿੰਨ ਨਿਖੜ ਗਏ ਗ਼ਦਰੀ ਕੈਦੀ ਹੀ ਬਚ ਕੇ ਨਿਕਲਣ ਵਿਚ ਕਾਮਯਾਬ ਰਹੇ।

ਜਦੋਂ ਫੜੇ ਗਏ 'ਡਾਕੂਆਂ' ਦੀ ਦੇਸ਼ਭਗਤੀ ਦਾ ਪਤਾ ਲੱਗਾ ਤਾਂ ਲੋਕਾਂ ਨੂੰ ਦੁੱਖ ਅਤੇ ਅਫ਼ਸੋਸ ਹੋਇਆ। 'ਸਟੇਟਸਮੈਨ' ਅਖ਼ਬਾਰ ਨੇ ਗ਼ਦਰੀਆਂ ਦੀ ਇਸ ਘਟਨਾ-ਵਾਰਤਾ ਨੂੰ 'ਦਲੇਰੀ ਦੇ ਕਾਰਨਾਮੇ' ਸੁਰਖੀ ਦੇ ਕੇ ਛਾਪਿਆ। ਇਸ ਘਟਨਾ ਵਿਚ 18 ਗ਼ਦਰੀ ਕੈਦੀਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ।

ਇਵੇਂ ਹਜ਼ਾਰੀ ਬਾਗ਼ ਦੀ ਫੌਲਾਦੀ ਜੇਲ੍ਹ ਨੂੰ ਬਾਬਾ ਗੁੱਜਰ ਸਿੰਘ ਦੇ ਸਾਥੀਆਂ ਨੇ ਨਾਟਕੀ ਅਤੇ ਜ਼ਿੰਦਾ-ਦਿਲੀ ਦੇ ਤਰੀਕੇ ਨਾਲ ਤੋੜ ਵਿਖਾਇਆ ਅਤੇ ਕਈ ਸਾਥੀਆਂ ਸਮੇਤ ਜੇਲ੍ਹੋਂ ਨੱਸਣ ਦੀ ਕੋਸ਼ਿਸ਼ ਕੀਤੀ। ਜੇਲ੍ਹ ਦੀ ਉੱਚੀ ਕੰਧ ਤੋਂ ਛਾਲ ਮਾਰਨ ਕਾਰਨ ਉਨ੍ਹਾਂ ਦੀਆਂ ਲੱਤਾਂ ਪੱਕੇ ਤੌਰ ਤੇ ਵਿੰਗੀਆਂ ਹੋ ਕੇ ਰਹਿ ਗਈਆਂ। ਉਨ੍ਹਾਂ ਦੀ ਇਸ ਬਹਾਦਰੀ ਦਾ ਕਿੱਸਾ ਪਾਂਧੀ ਸਤਿਨਾਮ ਸਿੰਘ ਦੀ ਕਹਾਣੀ 'ਦੇਸ਼ਭਗਤ' ਵਿਚ ਬੜੀ ਖ਼ੂਬਸੂਰਤੀ ਨਾਲ ਦਰਸਾਇਆ ਗਿਆ ਹੈ।

ਦੇਸ਼ਭਗਤੀ ਵਿਚ ਰੰਗੇ ਬਾਬਾ ਜੀ ਸਾਰੀ ਉਮਰ ਅਣਵਿਆਹੇ ਰਹੇ। ਜਨਤਾ ਹਾਈ ਸਕੂਲ ਬਣਾਉਣ ਵਿਚ ਆਪ ਨੇ ਵਿਸ਼ੇਸ਼ ਯੋਗਦਾਨ ਪਾਇਆ। ਨਜ਼ਰ ਕਮਜ਼ੋਰ ਅਤੇ ਖੂੰਡੀ ਨਾਲ ਤੁਰਦੇ ਹੋਣ ਦੇ ਬਾਵਜੂਦ, ਉਹ ਲੋਕਾਂ ਦੇ ਘਰ ਘਰ ਤਕ ਉਗਰਾਹੀ ਲਈ ਗਏ। ਰਾਤ ਸਮੇਂ ਲੈਂਪ ਨਾਲ ਲੈ ਕੇ ਉਹ ਉਗਰਾਹੀ ਦੇ ਕੰਮ ਦੀ ਅਗਵਾਈ ਕਰਦੇ। ਲਾਗਲੇ ਪਿੰਡਾਂ ਵਿਚ ਜਾਣ ਲਈ ਵੱਡੇ ਕੈਰੀਅਰ ਵਾਲਾ ਸਾਈਕਲ ਵੀ ਉਨ੍ਹਾਂ ਦਾ ਸਾਥੀ ਹੁੰਦਾ। ਉਨ੍ਹਾਂ ਦੀ ਸਰਗਰਮ ਅਗਵਾਈ ਸਦਕਾ ਸਕੂਲ ਪ੍ਰਬੰਧ ਕਮੇਟੀ ਵਿਚ ਉਨ੍ਹਾਂ ਦਾ ਅਹੁਦਾ ਮੈਨੇਜਿੰਗ ਡਾਇਰੈਕਟਰ ਦਾ ਸੀ ਅਤੇ ਬਾਅਦ ਵਿਚ ਉਹ ਇਸੇ ਕਮੇਟੀ ਦੇ ਪ੍ਰਧਾਨ ਵੀ ਰਹੇ।

ਬਾਬਾ ਗੁੱਜਰ ਸਿੰਘ ਭਕਨਾ ਅਤੇ ਕਾਮਰੇਡ ਦਰਸ਼ਨ ਸਿੰਘ ਭਕਨਾ ਖੁਰਦ, ਬੀਕਾਨੇਰ ਤਕ ਵੀ ਉਗਰਾਹੀਆਂ ਲਈ ਗਏ। ਇਨ੍ਹਾਂ ਨੇ ਗੁਰੂ ਨਾਨਕ ਵਾੜਾ, ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਕੁਝ ਸਮਾਂ ਹਲਵਾਈ ਦੀ ਦੁਕਾਨ ਵੀ ਚਲਾਈ, ਜੋ ਵੱਡੇ ਬਾਬਾ ਜੀ ਦੇ ਕਹਿਣ 'ਤੇ ਰਾਤ-ਦਿਨ ਸਕੂਲ ਲਈ ਕੰਮ ਕਰਨ ਹਿਤ ਛੱਡ ਦਿਤੀ।

ਕੁਝ ਸਾਲ ਪਹਿਲਾਂ ਬਾਬਾ ਗੁੱਜਰ ਸਿੰਘ ਭਕਨਾ ਦਾ ਦੇਹਾਂਤ ਹੋ ਗਿਆ।

ਇਸ ਪਿੰਡ ਦੇ ਸ: ਬਾਵਾ ਸਿੰਘ (ਪਿਤਾ ਸ: ਅਜਮੇਰ ਸਿੰਘ) ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਲੱਗਣ ਨਾਲ ਸ਼ਹੀਦ ਹੋਏ ਸਨ, ਜਦ ਕਿ ਏਸੇ ਸਾਕੇ ਵਿਚ ਸ: ਊਧਮ ਸਿੰਘ ਸਖ਼ਤ ਜ਼ਖ਼ਮੀ ਹੋਏ। ਸ੍ਰੀ ਹੰਸ ਰਾਜ, ਭਕਨਾ ਖੁਰਦ ਦੇ ਸੁਤੰਤਰਤਾ ਸੰਗਰਾਮੀਏ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਤਾਲਾਬ ਦੀ ਨਿਸ਼ਾਨੀ

ਖਾਸੇ ਤੋਂ ਭਕਨਾ ਸੜਕ 'ਤੇ ਪਿੰਡ ਦੇ ਐਨ ਨੇੜੇ ਕੁਝ ਪੁਰਾਣੇ ਮੰਦਰ ਅਤੇ ਤਾਲਾਬ ਹਨ। ਇਹ ਪਿੰਡ ਦੀ ਪੱਕੀ ਨਿਸ਼ਾਨੀ ਹੈ, ਜੋ ਸਾਂਭ-ਸੰਭਾਲ ਬਾਝੋਂ ਖਸਤਾ ਹੋ ਰਹੀ ਹੈ। ਤਾਲਾਬ ਦੇ ਕਿਨਾਰੇ ਇਕ ਪਾਸਿਓਂ ਬੁਰੀ ਤਰ੍ਹਾਂ ਟੁੱਟੇ ਪਏ ਹਨ ਅਤੇ ਇਸ਼ਨਾਨ ਕਰਨ ਦੀ ਥਾਂ, ਇਹ ਕੱਪੜੇ ਧੋਣ ਵਾਲਾ ਛੱਪੜ ਬਣ ਕੇ ਰਹਿ ਗਿਆ ਹੈ। ਮੰਦਰ ਦੇ ਗੁੰਬਦ ਅਤੇ ਇਮਾਰਤ ਵੀ ਲਗਾਤਾਰ ਢਹਿੰਦੀ ਜਾ ਰਹੀ ਹੈ। ਪਿੰਡ ਦੇ ਗੱਭਰੂ ਜਦੋਂ ਕਿਤੇ ਵਿਆਹੁਣ ਜਾਂਦੇ ਤਾਂ ਛੰਦ ਸੁਣਾਉਣ ਲਈ ਵੀ ਅਕਸਰ ਏਸੇ ਤਲਾਬ ਨੂੰ ਯਾਦ ਕਰਦੇ ਸਨ :—

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਗਾਨੀ।
ਪਿੰਡ ਮੇਰਾ ਭਕਨਾ, ਤਾਲਾਬ ਦੀ ਨਿਸ਼ਾਨੀ।

ਕੱਚੀ ਹੋਣ ਸਮੇਂ ਦੀ ਸੜਕ ਇਸਦੇ ਪੂਰਬੋਂ ਲੰਘਦੀ ਸੀ, ਜਦ ਕਿ ਹੁਣ ਪੱਕੀ ਸੜਕ ਪੱਛਮੋਂ ਲੰਘਦੀ ਹੈ; ਜਿਥੋਂ ਚੜ੍ਹਦੇ ਨੂੰ ਇਕ ਲਿੰਕ ਸੜਕ ਹੇਰ ਕਲਾਰ ਤੇ ਮੁੱਲਾਂ-ਬਹਿਰਾਮ ਨੂੰ ਜਾਂਦੀ ਹੈ।

ਮੰਦਰ ਤੇ ਤਾਲਾਬ ਇਥੋਂ ਦੀ ਪੁਰਾਣੀ ਧਾਰਮਿਕ ਨਿਸ਼ਾਨੀ ਹੈ, ਜਿਥੇ ਜਨਮ ਅਸ਼ਟਮੀ ਬੜੀ ਧੂੰਮ ਧਾਮ ਨਾਲ ਮਨਾਈ ਜਾਂਦੀ ਹੈ। ਇਸ ਦੀ ਇਤਿਹਾਸਕ ਮਹਾਨਤਾ ਵੀ ਬੜੀ ਨਿਰਲੀ ਹੈ ਕਿ ਇਸਦੇ ਖੁੱਲ੍ਹੇ ਮੈਦਾਨਾਂ ਵਿਚ ਸਰਵ-ਭਾਰਤ ਕਿਸਾਨ ਕਾਨਫਰੰਸ ਹੋਈ ਸੀ। ਬਾਬਾ ਸੋਹਣ ਸਿੰਘ ਭਕਨਾ ਇਸ ਸਮੇਂ ਜੇਲ੍ਹ-ਬੰਦ ਸਨ। ਅੰਗਰੇਜ਼ ਸਰਕਾਰ ਨੇ ਏਨੇ ਵਿਸ਼ਾਲ ਇਕੱਠ ਨੂੰ ਵੇਖਦਿਆਂ ਬਾਬਾ ਜੀ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ। ਇਹ ਗੱਲ ਸਾਲ 1943 ਦੀ ਹੈ। ਕਾਨਫਰੰਸ ਵਾਲੇ ਦਿਨ ਹੀ ਬਾਬਾ ਜੀ ਰਿਹਾ ਹੋ ਕੇ ਖਾਸਾ ਰੇਲਵੇ ਸਟੇਸ਼ਨ ਤੋਂ ਉੱਤਰ ਕੇ ਇਥੇ ਪੁੱਜੇ ਸਨ। ਬਾਬਾ ਜੀ ਦਾ ਸਵਾਗਤੀ ਜਲੂਸ ਏਨਾ ਵੱਡਾ ਸੀ ਕਿ ਉਨ੍ਹਾਂ ਦੇ ਮੰਦਰ ਨੇੜੇ ਪੁੱਜਣ ਤਕ ਵੀ ਲੋਕ ਖਾਸੇ ਤਕ, ਲੰਮੇ ਜਲੂਸ ਵਿਚ ਮਗਰ ਤੁਰੇ ਆ ਰਹੇ ਸਨ।

ਕਈ ਸਾਲ ਪਹਿਲਾਂ ਏਥੇ ਅਨਾਜ ਮੰਡੀ ਬਣਨ ਦੀ ਸਕੀਮ ਬਣੀ ਅਤੇ ਕੁਝ ਸਾਲ ਕੱਚੀ ਮੰਡੀ ਵੀ ਚੱਲਦੀ ਰਹੀ। ਪਰ ਕਈ ਕਾਰਨਾਂ ਕਰਕੇ ਇਥੇ ਮੰਡੀ ਪੱਕੀ ਹੋਣ ਦਾ ਸੁਭਾਗ ਨਾ ਮਿਲ ਸਕਿਆ। ਇਸ ਦੇ ਦੁਆਲੇ ਕਿੱਲਿਆਂ-ਬੱਧੀ ਵਿਰਾਨ ਅਤੇ ਬੰਜਰ ਜ਼ਮੀਨ ਹੁਣ ਵਾਹੀ ਹੇਠ ਆ ਚੁੱਕੀ ਹੈ।

ਪਿੰਡ ਦੀ ਸਰਕਾਰੀ ਹਰੀਜਨ ਕਲੋਨੀ ਵੀ ਇਸ ਦੀ ਰੌਣਕ ਵਧਾ ਰਹੀ ਹੈ, ਜੋ ਪਿਛਲੇ ਕਈ ਸਾਲਾਂ ਤੋਂ ਹੋਂਦ ਵਿਚ ਆ ਚੁੱਕੀ ਹੈ।

## ਚੌਕ ਬਾਬਾ ਸੋਹਣ ਸਿੰਘ ਭਕਨਾ

ਇਹ ਪਿੰਡ ਭਕਨਾ ਦਾ ਮੁੱਖ ਅਤੇ ਪੱਕਾ ਬੱਸ ਅੱਡਾ ਹੈ ਅਤੇ ਇਲਾਕੇ ਦਾ ਵਿਕਸਤ ਹੋ ਰਿਹਾ ਮਾਰਕੀਟ ਸੈਂਟਰ ਵੀ। ਇਥੋਂ ਗੰਡੀਵਿੰਡ, ਘਰਿੰਡਾ, ਅੰਮ੍ਰਿਤਸਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਵੰਡ-ਕਸੇਲ ਜਾਣ ਲਈ ਪੱਕੀਆਂ ਸੜਕਾਂ ਹਨ। ਬਾਬਾ ਸੋਹਣ ਸਿੰਘ ਭਕਨਾ ਸਰਕਾਰੀ ਹਾਈ ਸਕੂਲ ਅਤੇ ਉਨ੍ਹਾਂ ਦੀ ਪਾਰਟੀ ਯਾਦਗਾਰ, ਵੰਡ-ਕਸੇਲ ਸੜਕ 'ਤੇ ਕੋਈ ਇਕ ਕਿਲੋਮੀਟਰ ਦੀ ਵਿੱਥ ਤੇ ਹੈ।

ਬਾਬਾ ਸੋਹਣ ਸਿੰਘ ਭਕਨਾ ਚੌਕ ਵਜੋਂ ਪ੍ਰਸਿੱਧ ਹੋ ਰਹੇ ਇਸ ਚੌਕ ਵਿਚ ਹੁਣ ਸੈਂਕੜੇ ਦੁਕਾਨਾਂ ਹਨ, ਜਿਥੋਂ ਆਲੇ-ਦੁਆਲੇ ਦੇ ਦਰਜਨਾਂ ਪਿੰਡ ਆਪਣੇ ਘਰ ਅਤੇ ਕੰਮ-ਕਾਜ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਇਸ ਮਾਰਕੀਟ ਦੀ ਬਦੌਲਤ ਪਿੰਡ ਨੂੰ ਕਸਬੇ ਦਾ ਰੂਪ ਮਿਲ ਰਿਹਾ ਹੈ।

ਇਥੋਂ ਅੰਮ੍ਰਿਤਸਰ ਨੂੰ ਘੰਟੇ-ਘੰਟੇ ਦੀ ਨਗਰ ਨਿਗਮ ਬਸ ਸੇਵਾ ਹੈ ਅਤੇ ਇਸ ਤੋਂ ਅਗਲੇ ਪਿੰਡਾਂ ਚੀਚਾ, ਹੁਸ਼ਿਆਰ ਨਗਰ, ਭੁੱਸੇ, ਜਠੌਲ, ਸਰਾਂ ਅਮਾਨਤ ਖ਼ਾਂ ਨੂੰ ਵੀ ਬੱਸਾਂ, ਮਿੰਨੀ-ਬੱਸਾਂ ਅਤੇ ਟੈਕਸੀਆਂ ਮਿਲਦੀਆਂ ਹਨ। ਖਾਸੇ ਤੋਂ ਭਕਨੇ ਤੱਕ ਥਰ੍ਹੀ-ਵੀਲਰ ਵੀ ਆਮ ਚੱਲਦੇ ਹਨ।

## ਯਾਦਗਾਰੀ ਆਰਾਮ-ਘਰ

ਭਕਨਾ ਕਲਾਂ ਦੇ ਚੌਕ ਵਿਚ ਬਸ-ਯਾਤਰੂਆਂ ਦੇ ਬੈਠਣ ਲਈ ਇਕ ਸੁੰਦਰ ਆਰਾਮ ਘਰ ਬਣਾਇਆ ਗਿਆ ਸੀ, ਜੋ ਪੰਚਾਇਤੀ ਜ਼ਮੀਨ ਵਿਚ ਪਿੰਡ ਦੇ ਪ੍ਰਸਿੱਧ ਸਮਾਜ-ਸੇਵਕ ਸ: ਗੁਰਦਿਆਲ ਸਿੰਘ ਬਾਗ਼ੀ ਦੀ ਅਗਵਾਈ ਵਿਚ ਬਣਿਆ। ਇਸ ਵਿਚ ਦੇਸ਼ਭਗਤਾਂ ਦੀਆਂ ਬੇਅੰਤ ਤਸਵੀਰਾਂ ਸਨ। ਬਾਬਾ ਸੋਹਣ ਸਿੰਘ ਭਕਨਾ ਦੀ ਇਕ ਵੱਡੀ ਤਸਵੀਰ ਵੀ ਲਗਾਈ ਗਈ ਅਤੇ ਸਮਾਂ ਵੇਖਣ ਲਈ ਕੰਧ-ਘੜੀ ਵੀ। ਪਰ ਸਾਂਭ-ਸੰਭਾਲ ਅਤੇ ਹੋਰ ਮਜ਼ਬੂਰੀਆਂ ਕਾਰਨ ਪ੍ਰਬੰਧਕ ਦਾ ਇਹ ਸ਼ੌਕ ਵਿਚੇ ਰਹਿ ਗਿਆ। ਇਸ ਆਰਾਮ ਘਰ ਵਿਚ ਸ: ਹਰਭਜਨ ਸਿੰਘ ਸਪੁੱਤਰ ਸ: ਭੂਰਾ ਸਿੰਘ, ਵਾਸੀ ਭਕਨਾ ਕਲਾਂ ਨੇ ਲੋਕਾਂ ਦੀ ਸਹੂਲਤ ਲਈ ਪੱਖਾ ਵੀ ਲਗਵਾ ਕੇ ਦਿੱਤਾ।

ਪਿੱਛੋਂ ਇਸੇ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਮਨਮੋਹਕ ਲਾਇਬਰੇਰੀ ਭਵਨ ਉਸਾਰਨ ਦਾ ਨਿਰਣਾ ਹੋਇਆ। ਦੋ ਮੰਜ਼ਲੇ ਲਾਇਬਰੇਰੀ-ਭਵਨ ਦੀ ਖ਼ੂਬਸੂਰਤ ਇਮਾਰਤ ਪਹਿਲੇ ਆਰਾਮ ਘਰ ਦਾ ਹੀ ਨਵਾਂ ਕਾਇਆ ਕਲਪ ਹੈ।

## ਬਾਬਾ ਸੋਹਣ ਸਿੰਘ ਭਕਨਾ ਲਾਇਬਰੇਰੀ-ਭਵਨ

ਮਹਾਨ ਦੇਸ਼ਭਗਤ ਬਾਬੇ ਨੂੰ ਗੁਜਰਿਆਂ ਦੋ ਦਹਾਕੇ ਬੀਤ ਚੱਲੇ ਹਨ। ਸਮਾਜਵਾਦ ਅਤੇ ਅਸਲ ਆਜ਼ਾਦੀ ਦਾ ਸੁਪਨੇ-ਸਾਜ਼; ਜ਼ਿੰਦਗੀ ਦੇ ਆਖ਼ਰੀ ਸਾਹਾਂ ਤਕ ਜਨਤਾ ਲਈ ਜੀਉਣ ਵਾਲਾ ਦੇਸ਼ਭਗਤ, ਗ਼ਦਰ ਪਾਰਟੀ ਦਾ ਬਾਨੀ ਪ੍ਰਧਾਨ ਤੇ ਮਹਾਨ ਅਜ਼ਾਦੀ ਸੰਗਰਾਮੀਆਂ। ਕਿਸੇ ਧਿਰ ਨੇ ਉਸਦੀ ਮਹਾਨ ਕੁਰਬਾਨੀ ਨੂੰ ਵਡਿਆਉਣ ਦਾ ਪ੍ਰਮਾਣ ਨਹੀਂ ਦਿੱਤਾ ਪਰ ਉਸਦੀ ਜਨਮ-ਭੂਮੀ ਦੇ ਵਸਨੀਕਾਂ ਅਤੇ ਸ਼ਰਧਾਲੂਆਂ ਨੇ ਇਹ ਕੁਝ ਕਰ ਵਿਖਾਇਆ ਹੈ। ਇਸਦਾ ਪ੍ਰਤੱਖ ਸਬੂਤ ਹੈ, ਆਕਰਸ਼ਕ ਤੇ ਦੋ ਮੰਜ਼ਲਾ 'ਬਾਬਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਹਣ ਸਿੰਘ ਭਕਨਾ ਲਾਇਬਰੇਰੀ ਭਵਨ'।

ਇਹ ਭਵਨ, ਚੌਕ ਬਾਬਾ ਸੋਹਣ ਸਿੰਘ ਭਕਨਾ ਵਿਖੇ ਸ਼ੁਭਾਮਾਨ ਹੋ ਰਿਹਾ ਹੈ। ਭਕਨਾ ਮੂਲ ਦੇ ਕਨੇਡਾ-ਨਿਵਾਸੀ ਪਤਵੰਤਿਆਂ ਅਤੇ ਸਥਾਨਕ ਸੱਜਣਾਂ ਦੀ ਅਗਵਾਈ ਵਿਚ ਉਸਰੀ ਇਸ ਇਮਾਰਤ ਲਈ ਥਾਂ ਪਿੰਡ ਪੰਚਾਇਤ ਭਕਨਾ ਕਲਾਂ ਨੇ ਦਿੱਤੀ ਹੈ ਅਤੇ ਭਵਿੱਖ ਵਿਚ ਵੀ ਇਹੋ ਇਸਦਾ ਪ੍ਰਬੰਧ ਚਲਾਏਗੀ।

ਲਾਇਬਰੇਰੀ-ਭਵਨ ਦੇ ਕੰਪਲੈਕਸ ਵਿਚ ਮੁਸਾਫ਼ਰਾਂ ਲਈ ਆਰਾਮ ਘਰ, ਪਾਰਕ, ਲਾਇਬਰੇਰੀ ਅਤੇ ਦੇਸ਼ਭਗਤਾਂ ਦੀ ਫੋਟੋ-ਗੈਲਰੀ ਦੀ ਯੋਜਨਾ ਵਿਉਂਤੀ ਗਈ ਹੈ ਅਤੇ ਇਹ ਸਤਰਾਂ ਲਿਖੇ ਜਾਣ ਤਕ ਇਮਾਰਤ ਪੱਖੋਂ ਸਾਰਾ ਕੰਮ ਸੰਪੂਰਨ ਹੋ ਚੁੱਕਾ ਹੈ। ਗੇਟ ਅਤੇ ਚਾਰ-ਦੀਵਾਰੀ ਵੀ ਮੁਕੰਮਲ ਹੋ ਚੁੱਕੀ ਹੈ। ਪਾਰਕ ਲਈ ਇਕ ਹਾਰਸ-ਪਾਵਰ ਦੀ ਮੋਟਰ ਅਤੇ ਪ੍ਰਬੰਧਕ ਦਾ ਕਮਰਾ ਵੀ ਉਸਾਰ ਦਿੱਤਾ ਗਿਆ ਹੈ।

ਇਸ ਯੋਜਨਾ ਲਈ ਇਕ ਲੱਖ ਰੁਪਿਆ ਖਰਚ ਆਉਣ ਦੀ ਸੰਭਾਵਨਾ ਸੀ, ਜਦ ਕਿ ਹੁਣ ਤਕ ਇਕ ਲੱਖ, ਦਸ ਕੁ ਹਜ਼ਾਰ ਰੁਪਏ ਖਰਚ ਹੋ ਚੁੱਕੇ ਹਨ। ਇਸ ਭਵਨ ਦੇ ਕਾਰਜ ਨੂੰ ਮੁੱਢ ਤੋਂ ਸਿਰੇ ਤਕ ਲਾਉਣ ਵਾਲੇ, ਸਮਾਜ-ਸੇਵੀ ਅਤੇ ਅਣਥੱਕ ਅਧਿਆਪਕ ਸ੍ਰੀ ਰਾਮ ਲੁਭਾਇਆ ਸ਼ਰਮਾ ਹਨ, ਜਦ ਕਿ ਗੁਰਦਿਆਲ ਸਿੰਘ ਭਕਨਾ ਦੀ ਭੂਮਿਕਾ ਲਾਇਬਰੇਰੀ-ਯੋਜਨਾ ਦੇ ਪ੍ਰੇਰਨਾ-ਸਰੋਤ ਵਾਲੀ ਹੈ। ਉਨ੍ਹਾਂ ਨੇ ਭਾਰਤ ਮੂਲ ਦੇ ਕਨੇਡੀਅਨ ਸੱਜਣਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਇਸਦੀ ਉਸਾਰੀ ਦਾ ਬੀੜਾ ਚੁਕਿਆ। ਉਨ੍ਹਾਂ ਦੇ ਹੀ ਸ਼ਬਦਾਂ ਵਿਚ :

"ਸਾਡੀ ਨਿਗ੍ਹਾ ਗ਼ਦਰ ਪਾਰਟੀ ਦਾ ਮੁੱਢ ਬੰਨ੍ਹਣ ਵਾਲੀ ਧਰਤੀ ਵੱਲ ਗਈ। ਕਨੇਡਾ ਵੱਸਦੇ ਭਾਰਤੀਆਂ ਦੇ ਹੁੰਗਾਰੇ ਨਾਲ ਅਸਾਂ ਨਗਰ-ਨਿਵਾਸੀਆਂ ਨੇ ਏਨਾ ਵੱਡਾ ਕੰਮ ਵਿੱਢ ਲਿਆ। ਬਾਹਰਲੇ ਸੱਜਣਾਂ ਵਿਚ ਡਾ. ਹਰਭਜਨ ਸਿੰਘ (ਭਕਨੇ ਨੇੜਲੇ ਪਿੰਡ ਨੱਥੂਪੁਰੇ ਵਾਲੇ), ਐਸ. ਬੀ. ਐਸ. ਕਾਲੀ ਰਾਏ ਜੀ ਜਲੰਧਰ ਵਾਲੇ ਅਤੇ ਸ: ਸੱਜਣ ਸਿੰਘ (ਭਕਨੇ ਨੇੜਲੇ ਪਿੰਡ ਘਰਿੰਡੀ ਵਾਲੇ) ਇਸ ਯੋਜਨਾ ਦੇ ਮੋਢੀ ਕਰਤਾ-ਧਰਤਾ ਹਨ, ਜਿਨ੍ਹਾਂ ਨੇ 'ਬਾਬਾ ਸੋਹਣ ਸਿੰਘ ਭਕਨਾ ਲਾਇਬਰੇਰੀ ਫੰਡ' ਜਮ੍ਹਾਂ ਕਰਨ ਅਤੇ ਭੇਜਣ ਦਾ ਸਿਲਸਿਲਾ ਆਰੰਭਿਆ। ਹੁਣ ਤਕ ਕੁਲ ਇਕੱਠੀ ਹੋਈ ਰਕਮ ਦਾ ਵੇਰਵਾ ਇਸ ਪ੍ਰਕਾਰ ਹੈ :

1. ਡਾ: ਹਰਭਜਨ ਸਿੰਘ ਕੈਨੇਡਾ ਰਾਹੀਂ = 81,000 ਰੁਪਏ
2. ਸ: ਹਰਜਿੰਦਰ ਸਿੰਘ ਭਕਨਾ ਖੁਰਦ ਰਾਹੀਂ = 14,000 ਰੁਪਏ
3. ਇਲਾਕੇ ਵੱਲੋਂ ਉਗਰਾਹੀ ਗਈ ਰਕਮ = 34,000 ਰੁਪਏ

ਕੁਲ ਰਕਮ = ਇਕ ਲੱਖ ਉਨੱਤੀ ਹਜ਼ਾਰ ਰੁਪਏ

ਮਾਸਟਰ ਰਾਮ ਲੁਭਾਇਆ ਸ਼ਰਮਾ ਅਨੁਸਾਰ, "ਇਸ ਭਵਨ ਦੀ ਉਸਾਰੀ ਤੇ ਤਿਆਰੀ ਵਿਚ ਇਲਾਕਾ ਨਿਵਾਸੀਆਂ ਦਾ ਯੋਗਦਾਨ ਬੇਮਿਸਾਲ ਹੈ। ਇਮਾਰਤ ਦੀ ਮਜ਼ਦੂਰੀ-ਸੇਵਾ ਵਿਚ ਇਨ੍ਹਾਂ ਕਾਰ-ਸੇਵਾ ਵਾਂਗ ਭਾਗ ਲਿਆ। ਲੋਕਾਂ ਨੇ ਮਾਇਆ, ਸੇਵਾ ਅਤੇ ਲੱਕੜ-ਦਾਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਰੂਪ ਵਿਚ ਅਥਾਹ ਮਿਲਵਰਤਨ ਦਿੱਤਾ। ਪਲਾਟ ਵਿਚ ਭਰਤੀ ਪਾਉਣ ਦਾ ਕਾਰਜ ਛੋਹਿਆ ਤਾਂ 10 ਟਰੈਕਟਰ-ਟਰਾਲੀਆਂ ਵਾਲੇ ਆਣ ਹਾਜ਼ਰ ਹੋਏ। ਪਿੰਡ ਦੀ ਰੇਹੜਾ ਯੂਨੀਅਨ ਨੇ ਵੀ ਮਿੱਟੀ ਪਾਉਣ ਲਈ ਇਕ ਦਿਨ ਦਾਨ ਕੀਤਾ। ਇਨ੍ਹਾਂ ਮੌਕਿਆਂ 'ਤੇ ਖੁੱਲ੍ਹੇ ਅਤੇ ਅਤੁੱਟ ਲੰਗਰ ਦਾ ਪ੍ਰਵਾਹ ਵੀ ਖੂਬ ਚੱਲਿਆ।"

ਉਗਰਾਹੀ ਗਈ ਕੁਲ ਰਕਮ ਦੀ ਬਾਕੀ ਰਾਸ਼ੀ, ਲਾਇਬਰੇਰੀ ਦੀਆਂ ਪੁਸਤਕਾਂ ਅਤੇ ਅਖ਼ਬਾਰਾਂ ਦੇ ਖ਼ਰਚ ਅਤੇ ਫੁਟਕਲ ਲੋੜਾਂ ਲਈ ਰੱਖ ਲਈ ਗਈ ਹੈ। ਇਸ ਵਕਤ ਰੋਜ਼ਾਨਾ ਤਿੰਨ ਅਖ਼ਬਾਰਾਂ ਪੜ੍ਹਨ ਲਈ ਆ ਰਹੀਆਂ ਹਨ।

ਇਸ ਇਮਾਰਤ ਦੇ ਨਿਰਮਾਣ ਕਾਰਜ ਵਿਚ ਸਰਵ ਸ੍ਰੀ ਪਿਆਰਾ ਲਾਲ ਸਰਪੰਚ, ਮਾਸਟਰ ਸੰਤੋਖ ਸਿੰਘ, ਕਾਮਰੇਡ ਗੁਰਦਿਆਲ ਸਿੰਘ ਬਾਗ਼ੀ, ਡਾ. ਰਛਪਾਲ ਸਿੰਘ, ਕਾਮਰੇਡ ਪਿਆਰਾ ਸਿੰਘ, ਪੂਰੀ ਗਰਾਮ ਪੰਚਾਇਤ, ਸੈਂਟਰ ਪ੍ਰਾਇਮਰੀ ਸਕੂਲ (ਦੋਵੇਂ ਭਕਨਾ ਕਲਾਂ) ਅਤੇ ਚੌਕ ਬਾਬਾ ਸੋਹਣ ਸਿੰਘ ਭਕਨਾ ਮਾਰਕੀਟ ਵਾਲਿਆਂ ਦਾ ਵਿਸ਼ੇਸ਼ ਹੱਥ ਹੈ।

## ਬਾਬਾ ਸੋਹਣ ਸਿੰਘ ਭਕਨਾ ਯਾਦਗਾਰੀ ਕਮੇਟੀ (ਰਜਿ:)

ਲਾਇਬਰੇਰੀ ਭਵਨ ਦੇ ਸਮੁੱਚੇ ਕਾਰਜਾਂ ਦੀ ਦੇਖ-ਰੇਖ ਅਤੇ ਚੰਗੇ ਸੰਚਾਲਨ ਲਈ ਬਾਬਾ ਸੋਹਣ ਸਿੰਘ ਭਕਨਾ ਯਾਦਗਾਰੀ ਕਮੇਟੀ ਸਥਾਪਤ ਹੋ ਚੁੱਕੀ ਹੈ ਅਤੇ ਸਰਕਾਰ ਵੱਲੋਂ ਬਾਕਾਇਦਾ ਰਜਿਸਟਰਡ ਵੀ ਕਰਵਾਈ ਗਈ ਹੈ। ਸਾਰੀ ਕਾਰਜ-ਕਰਣੀ ਅਤੇ ਹੋਰ ਮੈਂਬਰ ਆਨਰੇਰੀ (ਨਿਸ਼ਕਾਮ) ਹਨ। ਇਸ ਕਮੇਟੀ ਦੀ ਪ੍ਰਥਮ ਕਾਰਜ-ਕਰਣੀ ਅਤੇ ਇਲਾਕਾਈ ਮੈਂਬਰਾਂ ਦੇ ਨਾਂ ਹੇਠ ਲਿਖੇ ਅਨੁਸਾਰ ਦਰਸਾਏ ਗਏ :—

ਕਾਰਜਕਾਰੀ ਕਮੇਟੀ

1. ਸ੍ਰੀ ਰਾਮ ਲੁਭਾਇਆ ਸ਼ਰਮਾ (ਪ੍ਰਧਾਨ)
2. ਸ: ਹਜ਼ਾਰਾ ਸਿੰਘ ਮਾਲੂਵਾਲ (ਸੀਨੀਅਰ ਮੀਤ ਪ੍ਰਧਾਨ)
3. ਮਾਸਟਰ ਗੁਰਦਿਆਲ ਸਿੰਘ ਭਕਨਾ (ਜੂਨੀਅਰ ਮੀਤ ਪ੍ਰਧਾਨ)
4. ਸ: ਜਸਬੀਰ ਸਿੰਘ ਜੱਸ (ਜਨਰਲ ਸਕੱਤਰ)
5. ਸ: ਅਜੀਤ ਸਿੰਘ ਨੱਥੂਪੁਰਾ (ਸਕੱਤਰ)
6. ਸ੍ਰੀ ਪਿਆਰਾ ਲਾਲ ਗੁਜਰਾਲ (ਵਿੱਤ ਸਕੱਤਰ)
7. ਸ: ਪ੍ਰੀਤਮ ਸਿੰਘ ਹੁਸ਼ਿਆਰ ਨਗਰ।
8. ਸ: ਦੀਦਾਰ ਸਿੰਘ ਚੀਚਾ।
9. ਸ: ਬਸੰਤ ਸਿੰਘ ਘਰਿੰਡੀ।
10. ਸ: ਗੁਰਚਰਨ ਸਿੰਘ ਮਾਲੂਵਾਲ।
11. ਸ: ਅਮਰ ਸਿੰਘ ਨੱਥੂਪੁਰਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਬੰਧਤ ਕਮੇਟੀ ਦੇ ਇਲਾਕਾਈ ਮੈਂਬਰ ।

12. ਸ: ਰਾਮ ਸਿੰਘ (ਭਕਨਾ ਖੁਰਦ)
13. ਸ: ਜਸਵਿੰਦਰ ਸਿੰਘ (ਭਕਨਾ ਖੁਰਦ)
14. ਸ: ਮੇਵਾ ਸਿੰਘ (ਚੀਚਾ)
15. ਸ: ਧੰਨਾ ਸਿੰਘ (ਲੱਧੇਵਾਲ)
16. ਸ: ਸੁੱਚਾ ਸਿੰਘ (ਲੱਧੇਵਾਲ)
17. ਸ: ਗਿਆਨ ਸਿੰਘ (ਹੁਸ਼ਿਆਰਪੁਰ)
18. ਸ: ਸਾਹਿਬ ਸਿੰਘ (ਕੱਲ੍ਹੇਵਾਲ)
19. ਸ: ਮਹਿੰਦਰ ਸਿੰਘ (ਕੱਲ੍ਹੇਵਾਲ)
20. ਸ: ਇੰਦਰ ਸਿੰਘ ਨੰਬਰਦਾਰ (ਜਠੌਲ)
21. ਸ: ਗੁਰਦਿਆਲ ਸਿੰਘ ਬਾਗੀ, (ਭਕਨਾ ਕਲਾਂ)
22. ਸ: ਸੁਖਵੰਤ ਸਿੰਘ (ਹੇਅਰ)

## ਨਵ-ਰੂਪ ਸਾਹਿਤ ਮੰਚ ਭਕਨਾ ਕਲਾਂ

ਉਵੇਂ ਤਾਂ ਇਸ ਪਿੰਡ ਵਿਚ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ ਹੁੰਦੇ ਰਹਿੰਦੇ ਹਨ ਪਰ ਨਵੇਂ ਲੇਖਕਾਂ ਅਤੇ ਕਲਾਕਾਰਾਂ ਨੂੰ ਉਤਸ਼ਾਹ ਕਰਨ ਲਈ ਇਥੇ ਨਵ-ਰੂਪ ਸਾਹਿਤ ਮੰਚ ਨਾਂ ਦੀ ਸੰਸਥਾ 1977 ਤੋਂ ਕੰਮ ਕਰ ਰਹੀ ਹੈ ।

ਇਸਨੇ ਕੋਈ ਚਾਰ ਨਾਟਕ ਸਮਾਗਮ ਕਰਵਾਏ, ਜਿਸ ਵਿਚੋਂ ਇਕ ਬਾਬਾ ਸੋਹਣ ਸਿੰਘ ਭਕਨਾ ਨੂੰ ਸਮਰਪਤ ਸੀ । ਪੇਸ਼ ਕੀਤੇ ਗਏ ਵੱਖ ਵੱਖ ਨਾਟਕ-ਇਕਾਂਗੀਆਂ ਵਿਚ ਅਨੋਖਾ ਵਿਆਹ (ਸ: ਅਜੀਤ ਸਿੰਘ ਆਸ), ਨਿੱਕੇ ਨਿੱਕੇ ਫੁੱਲ ਅਤੇ ਬੋਰਾਲੀਨ (ਜਸਬੀਰ ਸਿੰਘ ਜੱਸ), ਚਤੁਰ ਕਾਮਾ (ਸ: ਗੁਰਬਖਸ਼ ਸਿੰਘ ਪ੍ਰੀਤ ਲੜੀ) ਪ੍ਰਮੁੱਖ ਹਨ ।

ਇਸ ਮੰਚ ਦੇ ਸੰਸਥਾਪਕ ਪ੍ਰਧਾਨ ਸ: ਜਸਬੀਰ ਸਿੰਘ ਜੱਸ, ਬਾਲ-ਸਾਹਿਤ ਦੇ ਉੱਘੇ ਲੇਖਕ ਹਨ । ਭਕਨਾ ਸਕੂਲ ਵਿਚ ਅਧਿਆਪਕ ਲੱਗੇ ਰਹੇ ਸ: ਅਜੀਤ ਸਿੰਘ ਆਸ ਵੀ ਕਈ ਪੁਸਤਕਾਂ ਦੇ ਲੇਖਕ ਹਨ । ਉੱਘੇ ਟੀ. ਵੀ. ਅਦਾਕਾਰ ਸ੍ਰੀ ਨਰਿੰਦਰ ਦਵੇਸਰ ਵੀ ਇਸ ਮੰਚ ਦੀਆਂ ਸਰਗਰਮੀਆਂ ਨਾਲ ਸਬੰਧਤ ਰਹੇ ਹਨ, ਜਦ ਕਿ ਉਭਰਦੇ ਕਲਾਕਾਰ ਸਰਵ ਸ੍ਰੀ ਲਖਬੀਰ ਸਿੰਘ ਲੱਖਾ, ਦਰਸ਼ਨ ਸਿੰਘ ਦਰਸ਼, ਨਿਰਦੋਸ਼ ਨਈਅਰ, ਰਾਕੇਸ਼ ਸੱਚਰ, ਕਸ਼ਮੀਰ ਗਿੱਲ, ਕਸ਼ਮੀਰ ਸ਼ੌਕੀ ਆਦਿ ਵੀ ਉਲੇਖ ਯੋਗ ਹਨ ।

## 25 ਬਿਸਤਰਿਆਂ ਦਾ ਹਸਪਤਾਲ

ਇਸ ਪਿੰਡ ਵਿਚ ਪਿਛਲੇ ਕੁਝ ਸਾਲਾਂ ਤੋਂ 25 ਬਿਸਤਰਿਆਂ ਦਾ ਹਸਪਤਾਲ ਵੀ ਪ੍ਰਵਾਨ ਹੋ ਚੁੱਕਾ ਹੈ । ਸ: ਬਲਵਿੰਦਰ ਸਿੰਘ ਸੰਧੂ ਜਿਹੇ ਮੈਡੀਕਲ ਅਫ਼ਸਰ ਇਥੇ ਨਾਮਣਾ ਖੱਟ ਚੁੱਕੇ ਹਨ ਪਰ ਪੂਰੇ ਸਾਮਾਨ ਦੀ ਘਾਟ ਕਾਰਨ ਇਹ ਹਸਪਤਾਲ ਨਾਂ ਵਜੋਂ ਹੀ 25 ਬਿਸਤਰਿਆਂ ਦਾ ਹਸਪਤਾਲ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਵਿਚ ਪਸ਼ੂਆਂ ਦਾ ਹਸਪਤਾਲ ਵੀ ਮੌਜੂਦ ਹੈ ਅਤੇ ਡਾਕਟਰ ਜਰਨੈਲ ਸਿੰਘ ਨੇ ਇਸ਼ ਖੇਤਰ ਵਿਚ ਚਿੱਟੇ ਇਨਕਲਾਬ ਲਿਆਉਣ ਵਿਚ ਮਹੱਤਵ ਪੂਰਨ ਹਿੱਸਾ ਪਾਇਆ ਹੈ।

## ਫੁਟਕਲ ਸਹੂਲਤਾਂ ਤੇ ਜ਼ਰੂਰਤਾਂ

ਇਸ ਪਿੰਡ ਨੂੰ ਸਰਕਾਰੀ ਕਾਗਜ਼ਾਂ ਵਿਚ ਮਾਡਲ ਗਰਾਮ ਹੋਣ ਦਾ ਇਕ ਮਾਤਰ ਮਾਣ ਹੀ ਪ੍ਰਾਪਤ ਹੈ। ਫੋਕਲ ਪੁਆਇੰਟ ਦੀ ਵਾਰੀ ਆਈ ਤਾਂ ਇਸ ਪਿੰਡ ਦੀ ਰਾਜਨੀਤਕ ਪ੍ਰਭਾਵ-ਹੀਨਤਾ ਕਾਰਨ ਕੋਈ ਹੋਰ ਮਾਰ ਗਿਆ ਅਤੇ ਇਹ 'ਫੋਕਟ' ਹੀ ਰਹਿ ਗਿਆ। ਏਨਾ ਵਿਕਸਿਤ ਪਿੰਡ ਤਾਂ ਬਲਾਕ ਬਣਨ ਦੀ ਹੈਸੀਅਤ ਰੱਖਦਾ ਹੈ।

ਦੁਰਭਾਗ ਕਹੀਏ ਕਿ ਸੁਭਾਗ। ਇਸ ਪਿੰਡ ਤੇ ਇਲਾਕੇ ਦੀ ਚੇਤਨਾ ਅਤੇ ਵਿਕਾਸ ਨੂੰ ਸਥਾਨਕ ਗ਼ਦਰੀ ਦੇਸ਼ ਭਗਤਾਂ ਦੀ ਦੇਣ ਹੀ ਕਿਹਾ ਜਾ ਸਕਦਾ ਹੈ ਅਤੇ ਰਾਜਨੀਤਕ ਵਿਰੋਧਤਾ ਕਾਰਨ, ਜੋ ਕੁਝ ਮਿਲਣ ਦਾ ਹੱਕ ਹੁੰਦੇ ਹੋਏ ਨਹੀਂ ਮਿਲ ਸਕਿਆ, ਉਹ ਵੀ ਗ਼ਦਰੀਆਂ ਦੀ ਮਾਤ-ਭੂਮੀ ਕਰਕੇ ਹੀ ਹੈ।

ਪਿੰਡ ਨੂੰ ਪੱਕੀ ਮੰਡੀ ਅਜੇ ਤਕ ਪ੍ਰਾਪਤ ਨਹੀਂ ਹੋ ਸਕੀ। ਦਰਜਨਾਂ ਪਿੰਡਾਂ ਦਾ ਅਨਾਜ ਇਥੇ ਢੁੱਕਦਾ ਹੈ ਅਤੇ ਮੀਂਹ, ਹਨੇਰੀ ਵਿਚ ਅੱਧੋਂ-ਅੱਧ ਹੁੰਦਾ ਹੈ। ਪਿੰਡ ਨੂੰ ਵਾਟਰ ਸਪਲਾਈ ਅਤੇ ਸੀਵਰੇਜ ਦੀ ਸਹੂਲਤ ਵੀ ਪ੍ਰਾਪਤ ਨਹੀਂ ਅਤੇ ਬਿਜਲੀ ਵੀ ਆਮ ਪਿੰਡਾਂ ਵਾਂਗ ਲੁੱਕਣ ਮੀਚੀ ਖੇਡਦੀ ਰਹਿੰਦੀ ਹੈ।

ਇਥੇ ਇਕੋ ਇਕ ਯੂਨਾਈਟਿਡ ਕਮਰਸ਼ੀਅਲ ਬੈਂਕ ਦੀ ਬਰਾਂਚ ਪਿਛਲੇ ਦੋ ਸਾਲ ਤੋਂ ਖਾਸੇ ਸ਼ਿਫਟ ਕਰ ਦਿੱਤੀ ਗਈ ਹੈ। ਪਿੰਡ ਵਿਚ ਅਜੇ ਤਕ ਬਰਾਂਚ ਡਾਕਘਰ ਹੈ। ਕਿਸੇ ਮੌਕੇ ਇਸਨੂੰ ਪੂਰੇ ਡਾਕਘਰ ਵਿਚ ਬਦਲਣ ਦੀ ਵੀ ਕੰਨਸੋਅ ਪਈ ਪਰ ਮੁਆਮਲਾ ਵਿਚੇ ਵਿਚ ਰਫਾ ਦਫ਼ਾ ਹੋ ਗਿਆ।

ਭਕਨੇ ਦੇ ਪੂਰੇ ਇਲਾਕੇ ਵਿਚ ਕੋਈ 15 ਕਿ: ਮੀ: ਦੇ ਘੇਰੇ ਵਿਚ ਕੋਈ ਸੀਨੀਅਰ ਸੈਕੰਡਰੀ ਸਕੂਲ ਨਹੀਂ। ਨਾ ਹੀ ਮੁੰਡਿਆਂ ਦਾ ਤੇ ਨਾ ਹੀ ਕੁੜੀਆਂ ਦਾ। ਇਲਾਕੇ ਦੇ ਲੋਕਾਂ ਦੀ ਮੁੱਖ ਮੰਗ ਵੀ ਇਹੋ ਹੈ ਕਿ ਗ਼ਦਰੀ ਦੇਸ਼ ਭਗਤ ਦੇ ਇਸ ਪਿੰਡ ਵਿਚ ਸੀਨੀਅਰ ਸਕੂਲ ਜਾਂ ਕਾਲਜ ਹੋਵੇ।

ਬੜੇ ਸਾਲ ਹੋਏ ਇਸ ਪਿੰਡ ਪੰਚਾਇਤ ਨੇ ਖਾਸਾ-ਭਕਨਾ ਸੜਕ ਦਾ ਨਾਂ 'ਬਾਬਾ ਸੋਹਣ ਸਿੰਘ ਭਕਨਾ' ਰੱਖਣ ਦਾ ਮਤਾ ਸਰਵ-ਸੰਮਤੀ ਨਾਲ ਪਾਸ ਕਰਕੇ ਬਲਾਕ ਗੰਡੀਵਿੰਡ ਰਾਹੀਂ ਸਰਕਾਰ ਨੂੰ ਭੇਜਿਆ ਸੀ। ਸਥਾਨਕ ਨਵਰੂਪ ਸਾਹਿਤ ਮੰਚ ਵੀ ਕਈ ਸਾਲਾਂ ਤੋਂ ਇਹ ਮੰਗ ਕਰ ਰਿਹਾ ਹੈ ਪਰ ਇਹ ਲੋਕ-ਮੰਗ ਵੀ ਅਜੇ ਤਕ ਪੂਰੀ ਨਹੀਂ ਹੋ ਸਕੀ। ਮਾਰਕੀਟ ਕਮੇਟੀ ਅਟਾਰੀ ਨੂੰ ਸ਼ਾਬਾਸ਼ ਦੇਣੀ ਬਣਦੀ ਹੈ ਕਿ ਉਸ ਨੇ ਆਪਣੇ ਉੱਦਮ ਨਾਲ 'ਬਾਬਾ ਸੋਹਣ ਸਿੰਘ ਭਕਨਾ ਮਾਰਗ' ਦਾ ਬੋਰਡ ਖਾਸੇ ਮੋੜ 'ਤੇ ਲਵਾ ਦਿਤਾ ਹੈ।

★



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਬਾਬਾ ਸੋਹਣ ਸਿੰਘ ਭਕਨਾ ਮਾਰਗ

ਨਵੀਂ ਸੂਚਨਾ ਅਨੁਸਾਰ ਬਾਬਾ ਸੋਹਣ ਸਿੰਘ ਸਰਕਾਰੀ ਹਾਈ ਸਕੂਲ ਭਕਨਾ, ਅਗਲੇ ਵਿਦਿਅਕ ਸਾਲ ਵਿਚ ਸੀਨੀਅਰ ਸੈਕੰਡਰੀ ਹੋ ਰਿਹਾ ਹੈ। ਪਿੰਡ ਵਿਚ ਭਕਨਾ ਐਗਰੀਕਲਚਰਲ ਸੁਸਾਇਟੀ ਅਤੇ ਮਾਰਕੀਟ ਕਮੇਟੀ ਅਟਾਰੀ ਵਲੋਂ ਸੀਜ਼ਨਲ (ਮੌਸਮੀ) ਖਰੀਦ ਕੇਂਦਰ ਚੱਲ ਰਿਹਾ ਹੈ।

ਭਕਨੇ ਲਈ ਸਭ ਤੋਂ ਵੱਡੀ ਮੁਸੀਬਤ ਅਤੇ ਨਰਕ ਦਾ ਰੂਪ ਖਾਸਾ-ਭਕਨਾ ਸੜਕ ਹੈ। ਸਾਲਾਂ ਬੱਧੀ ਕੋਈ ਇਸਦੀ ਮੁਰੰਮਤ ਲਈ ਨਹੀਂ ਬਹੁੜਦਾ। ਜੇਕਰ ਬਹੁੜੇ ਤਾਂ 'ਥੁੱਕ ਮੁਰੰਮਤ' ਕਰਕੇ ਹਰਨ ਹੋ ਜਾਂਦਾ ਹੈ। ਇਹਨਾਂ ਸਤਰਾਂ ਦੇ ਲਿਖੇ ਜਾਣ ਤਕ ਇਹ ਸੜਕ ਏਨੀ ਟੁੱਟੀ ਭੱਜੀ ਹੋਈ, ਖੱਡਿਆਂ ਵਾਲੀ ਅਤੇ ਦੁਰਦਸ਼ਾ ਵਿਚ ਹੈ ਕਿ ਬੱਸ-ਮੋਟਰਾਂ ਤਾਂ ਕੀ ਸਾਈਕਲ; ਸਕੂਟਰ ਵੀ ਚੱਲਣੇ ਦੁੱਭਰ ਹਨ। ਇਸਦੀ ਖਸਤਾ ਹਾਲਤ ਕਾਰਨ ਕਈ ਹਾਦਸੇ ਵੀ ਵਾਪਰ ਚੁੱਕੇ ਹਨ ਪਰ ਇਸਦਾ ਵਾਲੀ-ਵਾਰਸ ਕੋਈ ਨਹੀਂ ਦਿੱਸਦਾ।

ਬਾਬਾ ਸੋਹਣ ਸਿੰਘ ਭਕਨਾ ਯਾਦਗਾਰੀ ਕਮੇਟੀ (ਰਜਿ:) ਦੀ ਜ਼ੋਰਦਾਰ ਮੰਗ ਹੈ ਕਿ ਦੇਸ਼ਭਗਤਾਂ ਦੀ ਧਰਤੀ ਦਾ ਸਨਮਾਨ ਕਰਦੇ ਹੋਏ ਇਸ ਸੜਕ ਨੂੰ ਦੂਹਰੀ ਕਰਕੇ ਨਮੂਨੇ ਦੀ ਸੜਕ ਬਣਾਇਆ ਜਾਵੇ ਅਤੇ ਇਸਨੂੰ ਬਾਬਾ ਸੋਹਣ ਸਿੰਘ ਭਕਨਾ ਮਾਰਗ ਵਜੋਂ ਮਾਣ ਦਿੱਤਾ ਜਾਵੇ।

## ਚਰਚਿਤ ਵਿਅਕਤੀ

ਚੀਨ ਦੀ ਲੜਾਈ ਸਮੇਂ ਸ਼ਹੀਦ ਹੋਣ ਵਾਲੇ ਸ: ਕਾਹਨ ਸਿੰਘ ਸਪੁੱਤਰ ਸ: ਸੁਰੈਣ ਸਿੰਘ, ਪੱਤੀ ਚੰਦ ਭਾਨ ਕੇ ਅਤੇ ਰਣਜੀਤ ਸਿੰਘ ਸਪੁੱਤਰ ਮਾਤਾ ਆਸ ਕੌਰ, ਪੱਤੀ ਭਗਤੇ ਕੀ, ਦੇਸ਼ਭਗਤੀ ਅਤੇ ਵੀਰ-ਗਾਥਾ ਦੀ ਅਮਰ ਯਾਦ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦਾ ਸਰਵਸੰਮਤੀ ਨਾਲ ਚੁਣਿਆ ਪਹਿਲਾ ਸਰਪੰਚ ਪੰਡਤ ਵੈਸ਼ਨੋ ਦਾਸ 'ਪਟੇਲ' ਸੀ। ਸੂਬੇਦਾਰ ਮੱਘਰ ਸਿੰਘ, ਸ: ਜੋਗਿੰਦਰ ਸਿੰਘ, ਬਾਬਾ ਤੇਜਾ ਸਿੰਘ (ਪਿਤਾ ਸ: ਸਵਰਨ ਸਿੰਘ ਪਟਵਾਰੀ) ਅਤੇ ਬਿੱਸੂ ਮਸੀਹ ਪੰਚ ਬਣਾਏ ਗਏ।

ਸ: ਜੋਗਿੰਦਰ ਸਿੰਘ, ਸ: ਕੁੰਨਣ ਸਿੰਘ, ਸ: ਹਰਚੰਦ ਸਿੰਘ ਨੰਬਰਦਾਰ, ਅਮਰ ਸਿੰਘ; ਸ: ਤੇਜਾ ਸਿੰਘ ਆਦਿ ਸਮੇਂ ਸਮੇਂ ਇਸ ਪਿੰਡ ਦੇ ਸਰਪੰਚ ਰਹੇ,ਜਦ ਕਿ ਸ੍ਰੀ ਪਿਆਰਾ ਲਾਲ ਗੁਜਰਾਲ ਇਸਦੇ ਸਰਵਸੰਮਤੀ ਨਾਲ ਚੁਣੇ ਵਰਤਮਾਨ ਸਰਪੰਚ ਹਨ। ਸ: ਜਵਾਲਾ ਸਿੰਘ, ਸਾਬਕਾ ਡੀ. ਐਸ. ਪੀ., ਥਾਣੇਦਾਰ ਦਲੀਪ ਸਿੰਘ ਸੰਧੂ, ਥਾਣੇਦਾਰ ਪਰਮਜੀਤ ਸਿੰਘ, ਸ੍ਰੀ ਰੋਸ਼ਨ ਲਾਲ (ਆੜ੍ਹਤੀ), ਸ: ਮਹਿੰਦਰ ਸਿੰਘ (ਸੂਬੇਦਾਰਾਂ ਚੋਂ), ਸ: ਪਰਮਜੀਤ ਸਿੰਘ ਸੰਧੂ (ਸਪੁੱਤਰ ਸ: ਅਮਰ ਸਿੰਘ ਬੈਂਕ ਵਾਲੇ) ਸ: ਗੁਰਦਿਆਲ ਸਿੰਘ ਬਾਗੀ ਆਦਿ ਪਿੰਡ ਦੇ ਮਾਣ ਅਤੇ ਇਸਦੇ ਨਿਰਮਾਣ ਦੇ ਪ੍ਰਤੀਕ ਹਨ;

## ਚੌਕ ਬਾਬਾ ਗੁੱਜਰ ਸਿੰਘ ਭਕਨਾ

ਖਾਸਾ ਸੜਕ ਤੋਂ ਭਕਨੇ ਵਿਚ ਪ੍ਰਵੇਸ਼ ਵਾਲਾ ਚੌਕ, ਚੌਕ ਬਾਬਾ ਗੁੱਜਰ ਸਿੰਘ ਭਕਨਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਜੋਂ ਪ੍ਰਚੱਲਤ ਹੋ ਰਿਹਾ ਹੈ। ਇਸਦੀ ਦੱਖਣ-ਪੱਛਮੀ ਨੁੱਕਰ ਵਿਚ 25 ਬਿਸਤਰਿਆਂ ਦਾ ਹਸਪਤਾਲ ਹੈ। ਇਹ ਚੌਕ ਵੀ ਹੌਲੀ ਹੌਲੀ ਮਾਰਕੀਟ ਦੀ ਸ਼ਕਲ ਧਾਰਨ ਕਰ ਰਿਹਾ ਹੈ। ਇਹ ਭਕਨਾ ਖ਼ੁਰਦ ਦਾ ਮੁੱਖ ਬੱਸ ਅੱਡਾ ਹੈ ਅਤੇ ਇਸਦੀ ਫਰਲਾਂਗ ਤਕ ਦੀ ਸੜਕ ਅਜੇ ਤਕ ਕੱਚੀ ਹੈ।

ਭਕਨਾ ਖ਼ੁਰਦ ਵਿਚ ਸਰਕਾਰੀ ਗਰਲਜ਼ ਹਾਈ ਸਕੂਲ ਆਨ-ਸ਼ਾਨ ਨਾਲ ਚੱਲ ਰਿਹਾ ਹੈ। ਪਿੰਡ ਦੀ ਆਬਾਦੀ ਲਗਭਗ 1800 ਦੱਸੀ ਗਈ ਹੈ। ਸ: ਜੋਗਿੰਦਰ ਸਿੰਘ ਇਸਦੇ ਵਰਤਮਾਨ ਸਰਪੰਚ ਹਨ; ਜਦ ਕਿ ਹੋਰ ਚਰਚਿਤ ਨਾਵਾਂ ਵਿਚ ਕਾਮਰੇਡ ਦਰਸ਼ਨ ਸਿੰਘ ਭਕਨਾ ਖ਼ੁਰਦ, ਸ: ਧਨਵੰਤ ਸਿੰਘ ਸੰਧੂ, ਸ: ਜਸਵੰਤ ਸਿੰਘ ਸੰਧੂ (ਦੋਵੇਂ ਐਡਵੋਕੇਟ), ਪ੍ਰੋਫੈਸਰ ਸਵਿੰਦਰ ਸਿੰਘ ਸੰਧੂ ਆਦਿ ਸ਼ਾਮਲ ਹਨ। ਭਕਨਾ ਖ਼ੁਰਦ ਦੇ ਨਿਵਾਸੀਆਂ ਨੂੰ ਵੀ ਵਾਟਰ ਸਪਲਾਈ, ਸੀਵਰੇਜ ਆਦਿ ਮੁੱਢਲੀਆਂ ਸਿਹਤ-ਸਹੂਲਤਾਂ ਅਜੇ ਤਕ ਪ੍ਰਾਪਤ ਨਹੀਂ। ਉਨ੍ਹਾਂ ਦੀ ਉਮੰਗ ਹੈ ਕਿ ਲੜਕੀਆਂ ਦਾ ਸਕੂਲ ਵੀ ਸੀਨੀਅਰ ਸੈਕੰਡਰੀ ਹੋਵੇ ਕਿਉਂਕਿ ਅੰਮ੍ਰਿਤਸਰ ਤੋਂ ਉਰ੍ਹੇ ਲੜਕੀਆਂ ਦੀ ਉਚੇਰੀ ਪੜ੍ਹਾਈ ਲਈ ਕੋਈ ਸੰਸਥਾ ਨਹੀਂ।

## ਜੀਅ-ਜੀਅ ਦੀ ਕਾਮਨਾ

ਕੁਝ ਸਾਲਾਂ ਤੋਂ ਪੰਜਾਬ ਦਾ ਅਮਨ ਵੀਰਾਨ ਹੈ। ਇਸ ਦੁਖਾਂਤ ਦਾ ਪ੍ਰਛਾਵਾਂ ਭਕਨੇ ਤੇ ਵੀ ਪਿਆ ਹੈ। ਨੌਜਵਾਨ ਵਰਗ ਅਤੇ ਹਰੇਕ ਆਮ ਵਾਸੀ ਬੇਚੈਨ, ਉਦਾਸ ਅਤੇ ਨਿਰਾਸ਼ ਹੈ। ਘਰਾਂ, ਗਲੀਆਂ ਅਤੇ ਚਿਹਰਿਆਂ ਦੀ ਰੌਣਕ ਨੂੰ ਗ੍ਰਹਿਣ ਲੱਗਾ ਹੋਇਆ ਹੈ।

ਇਲਾਕੇ ਦੇ ਜੀਅ-ਜੀਅ ਦੀ ਕਾਮਨਾ ਹੈ ਕਿ ਰੁਸਿਆ ਅਮਨ-ਚੈਨ, ਖ਼ੁਸ਼ਹਾਲੀ ਅਤੇ ਖ਼ੁਸ਼ੀਆਂ ਦੀ ਲਾਲੀ ਘਰ ਮੁੜ ਆਵੇ, ਗੀਤ, ਭੰਗੜੇ ਅਤੇ ਗਿੱਧੇ ਦੀ ਧੰਮਕਾਰ ਹੋਵੇ; ਸਮੇਂ ਦੀ ਸਰਕਾਰ ਨੂੰ ਏਨੇ ਮਹਾਨ ਦੇਸ਼ਭਗਤਾਂ ਦੀ ਧਰਤੀ ਦਾ ਅਹਿਸਾਸ ਹੋਵੇ ਅਤੇ ਇਥੋਂ ਦੇ ਵਿਕਾਸ ਲਈ ਵੱਡੇ ਪ੍ਰੋਜੈਕਟ ਛੋਹੇ ਜਾਣ। ਬਾਬੇ ਦੇ ਅੰਤਮ-ਦਰਸ਼ਨਾਂ ਸਮੇਂ ਕਹੇ, ਕਿਸੇ ਕਵੀ ਦੇ ਬੋਲ ਮੁੜ ਮੁੜ ਯਾਦ ਆ ਰਹੇ ਹਨ—

ਕੌਣ ਹੈ ਜਿਹੜਾ ਬਾਬੇ ਵਾਂਗੂੰ; ਜਗ ਦੇ ਜ਼ਖ਼ਮਾਂ ਨੂੰ ਸੀ ਸਕਦੈ।
ਆਪਣੇ ਗ਼ਮ ਨੂੰ ਦਿਲ 'ਚ ਰਖ ਕੇ, ਕੁਲ ਜਨਤਾ ਦੇ ਗ਼ਮ ਪੀ ਸਕਦੈ।
ਅੰਤਮ ਦਮ ਤਕ ਰਿਹਾ ਜੂਝਦਾ, ਸੂਰਾ ਜਦੋਂ ਰਵਾਨਾ ਹੋਇਆ।
ਲੋਕਾਂ ਖਾਤਰ ਬਾਗ਼ੀ ਬਣਿਆ, ਲੋਕਾਂ ਦਾ ਦੀਵਾਨਾ ਹੋਇਆ।
ਉਹਦੇ ਫੁੱਲ ਤੇਰੇ ਵਿਚ ਰਲ ਗਏ, ਭਕਨੇ ਦੀਏ ਮਹਾਨ ਧਰਤੀਏ।
ਤੂੰ ਕਿਉਂ ਜਾਪੇਂ ਸੋਗੀ ਡੁੱਬੀ, ਏਨੀ ਸੁੰਨ-ਮਸਾਣ ਧਰਤੀਏ।
ਆਪਣੀ ਪਾਵਨ ਛਾਤੀ ਉੱਤੇ, ਉਸਦੀ ਪੈੜ ਸਿਆਣ ਧਰਤੀਏ।
ਜੰਮ ਐਸੇ ਦੁਖੀਆਂ ਦੇ ਦਰਦੀ, ਜਣ ਐਸੇ ਇਨਸਾਨ ਧਰਤੀਏ।
ਅਜ਼ਲਾਂ ਤੀਕਰ ਰਹਿਸੀ ਤੇਰਾ, ਸਾਡੇ ਤੇ ਅਹਿਸਾਨ ਧਰਤੀਏ।

★



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅੰਤਿਕਾ

## ਸਹਾਇਕ ਪੁਸਤਕਾਂ ਦੀ ਸੂਚੀ

ਜੱਸ, ਜਸਵੰਤ ਸਿੰਘ, **ਬਾਬਾ ਸੋਹਣ ਸਿੰਘ ਭਕਨਾ**, ਨਿਊ ਬੁਕ ਕੰਪਨੀ, ਜਲੰਧਰ

ਜਗਜੀਤ ਸਿੰਘ, **ਗ਼ਦਰ ਪਾਰਟੀ ਲਹਿਰ**, ਨਵਯੁਗ ਪਬਲਿਸ਼ਰਜ਼ ਚਾਂਦਨੀ ਚੌਂਕ, ਦਿੱਲੀ-1979.

ਜੋਸ਼ ਸੋਹਨ ਸਿੰਘ, **ਬਾਬਾ ਸੋਹਣ ਸਿੰਘ ਭਕਨਾ**, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ

ਦਿਉਲ, ਗੁਰਦੇਵ ਸਿੰਘ, **ਗ਼ਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ**, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ-1970.

ਭਕਨਾ, ਬਾਬਾ ਸੋਹਣ ਸਿੰਘ, **ਜੀਵਨ ਸੰਗ੍ਰਾਮ**, ਯੁਵਕ ਕੇਂਦਰ, ਲਾਡੋਵਾਲੀ ਰੋਡ, ਜਲੰਧਰ-1968.

---

### ਸਾਲਾਨਾ ਰਿਪੋਰਟਾਂ

(1954-55, 58-59) ਪ੍ਰਬੰਧਕ ਕਮੇਟੀ, ਜਨਤਾ ਹਾਈ ਸਕੂਲ ਭਕਨਾ, ਜ਼ਿਲਾ ਅੰਮ੍ਰਿਤਸਰ

---

## ਬਾਬਾ ਜੀ ਦੀਆਂ ਲਿਖਤਾਂ

(ਸਭਨਾਂ ਦੇ ਪ੍ਰਕਾਸ਼ਕ : ਯੁਵਕ ਕੇਂਦਰ, ਲਾਡੋਵਾਲੀ ਰੋਡ, ਜਲੰਧਰ)

- ਜੀਵਨ ਸੰਗ੍ਰਾਮ (ਆਤਮ-ਕਥਾ)
  ਦੂਸਰੀ ਐਡੀਸ਼ਨ, ਫਰਵਰੀ 1968
- ਗ਼ਰੀਬੀ (ਪੰਜਾਬੀ, ਹਿੰਦੀ), ਅਕਤੂਬਰ 1967
- ਸਵਾਲ ਜਵਾਬ, ਅਗਸਤ 1968
- ਇਨਕਲਾਬੀ ਲਹਿਰ (ਪੰਜਾਬੀ, ਹਿੰਦੀ), ਜਨਵਰੀ 1967
- ਜੀਵਨ ਕਰਤੱਵ, ਅਕਤੂਬਰ 1967
- ਭਾਰਤ ਵਿਚ ਇਸਤਰੀ ਜਾਤੀ, ਮਾਰਚ 1967
- ਦੁੱਖ (ਹਿੰਦੀ, ਪੰਜਾਬੀ), ਨਵੰਬਰ 1967



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅਨਮੋਲ ਵਚਨ

## (ਬਾਬਾ ਜੀ ਦੀਆਂ ਲਿਖਤਾਂ ਵਿਚੋਂ)

- ਨਿਰਪੱਖ ਨੀਤੀ ਵੀ ਕਾਇਰਤਾ ਦੀ ਇਕ ਸ਼ਕਲ ਹੈ। ਸਾਡੇ ਸਾਹਮਣੇ ਇਕ ਮਜ਼ਲੂਮ ਨੂੰ ਜ਼ਾਲਮ ਕਤਲ ਕਰਨਾ ਚਾਹੁੰਦਾ ਹੈ। ਉਸ ਸਮੇਂ ਸਾਡਾ ਮਨੁੱਖੀ ਕਰਤੱਵ ਹੈ ਕਿ ਅਸੀਂ ਮਜ਼ਲੂਮ ਦਾ ਪੱਖ ਲਈਏ ਅਤੇ ਜ਼ਾਲਮ ਤੋਂ ਉਸਨੂੰ ਬਚਾਈਏ।

- ਮਨੁੱਖ ਗਲਤੀਆਂ ਤੇ ਦਰੁਸਤੀਆਂ ਦਾ ਸੰਗ੍ਰਹਿ ਹੈ। ਕੋਈ ਮਨੁੱਖ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹ ਮਾਂ ਦੇ ਪੇਟ ਵਿਚੋਂ ਹੀ ਮਹਾਤਮਾ ਬਣਕੇ ਪੈਦਾ ਹੋਇਆ ਸੀ। ਮਨੁੱਖ ਦਾ ਜੀਵਨ ਹਾਲਾਤ ਦੇ ਸੱਚੇ 'ਚੋਂ ਢਲ ਕੇ ਬਣਦਾ ਹੈ।

- ਜਿਸ ਤਰ੍ਹਾਂ ਹਨੇਰੇ ਅਤੇ ਰੋਸ਼ਨੀ ਦਾ ਮੇਲ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸਰਮਾਏਦਾਰੀ ਅਤੇ ਸਮਾਜਵਾਦ ਦਾ ਮੇਲ ਅਸੰਭਵ ਹੈ। ਲੁੱਟੇ ਜਾਣ ਵਾਲੇ ਅਤੇ ਲੁੱਟਣ ਵਾਲੇ ਦੀ ਏਕਤਾ ਦਾ ਉਹੀ ਭਾਵ ਹੈ, ਜਿਵੇਂ ਚੋਰ ਤੇ ਘਰ ਦੇ ਮਾਲਕ ਦਰਮਿਆਨ ਸਮਝੌਤੇ ਦੀ ਕੋਸ਼ਿਸ਼।

- ਗਰੀਬੀ ਮਨੁੱਖੀ ਸਮਾਜ ਵਿਚ ਉਹ ਲਾਅਨਤ ਹੈ, ਜੋ ਇਨਸਾਨ ਨੂੰ ਇਨਸਾਨੀਅਤ ਤੋਂ ਗਿਰਾ ਕੇ ਗੁਲਾਮੀ ਦੀ ਡੂੰਘੀ ਖੱਡ ਵਿਚ ਡੇਗ ਦੇਂਦੀ ਹੈ।

- ਸਾਡੀ ਗਰੀਬੀ ਦਾ ਕਾਰਨ ਨਾ ਕੋਈ ਪ੍ਰਮਾਤਮਾ ਹੈ ਤੇ ਨਾ ਕੋਈ ਪ੍ਰਲੋਕ ਵਿਚ ਬੈਠਾ ਧਰਮ ਰਾਜ; ਜਿਹੜਾ ਅਮੀਰਾਂ ਦੇ ਮੱਥੇ ਤੇ ਅਮੀਰੀ ਅਤੇ ਗਰੀਬਾਂ ਦੇ ਮੱਥੇ 'ਤੇ ਗਰੀਬੀ ਲਿਖ ਦਿੰਦਾ ਏ। ਸਾਡੀ ਕਿਸਮਤ ਸਾਡੇ ਹੱਥ ਵਿਚ ਹੈ।

- ਜਦ ਇਨਸਾਨ, ਇਨਸਾਨ ਦਾ ਲਹੂ ਪੀਣਾ ਤੇ ਮਾਸ ਵੇਚਣਾ ਛੱਡ ਦੇਵੇਗਾ ਤਾਂ ਹੀ ਗਊ-ਰੱਖਿਆ ਦਾ ਨਾਹਰਾ ਸੱਚ ਹੋਵੇਗਾ।

- ਬਾਬਾ ਕੇਸਰ, ਉੱਚੇ ਤਿਆਗੀ, ਏਕਤਾ ਦੇ ਪੁਤਲੇ ਤੇ ਫਿਰਕਾਪ੍ਰਸਤੀ ਤੋਂ ਬਹੁਤ ਉਪਰ ਸਨ। ਬਦੇਸ਼ੀ ਮਾਲ ਦਾ ਬਾਈਕਾਟ ਅਤੇ ਅੰਗਰੇਜ਼ੀ ਗੁਲਾਮੀ ਤੋਂ ਘਿਰਣਾ ਮੈਨੂੰ ਨਾਮਧਾਰੀ ਲਹਿਰ ਤੋਂ ਮਿਲੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਸਹਿਯੋਗ ਲਈ ਧੰਨਵਾਦ

(ਹੇਠ ਲਿਖੇ ਸੱਜਣਾਂ ਨੇ ਬਾਬਾ ਜੀ ਦੀਆਂ ਯਾਦਾਂ, ਸਕੂਲ ਅਤੇ ਪਿੰਡ ਦੇ ਇਤਿਹਾਸ ਬਾਰੇ ਬਹੁ-ਮੁੱਲੀ ਜਾਣਕਾਰੀ ਅਤੇ ਲਿਖਤੀ-ਅਲਿਖਤੀ ਸਹਾਇਕ ਸਮੱਗਰੀ ਪ੍ਰਦਾਨ ਕੀਤੀ।)

1. ਮਾਸਟਰ ਗੁਰਦਿਆਲ ਸਿੰਘ ਭਕਨਾ
2. ਮਾਸਟਰ ਰਾਮ ਲੁਭਾਇਆ ਸ਼ਰਮਾ
3. ਮਾਸਟਰ ਜਰਨੈਲ ਸਿੰਘ ਵਿਲਖੂ
4. ਮਾਸਟਰ ਬਲਵਿੰਦਰ ਸਿੰਘ ਸੰਧੂ
5. ਪ੍ਰੋ. ਮਲਵਿੰਦਰਜੀਤ ਸਿੰਘ
6. ਹੈਡਮਾਸਟਰ ਪਾਂਧੀ ਸਤਿਨਾਮ ਸਿੰਘ
7. ਸ: ਗੁਰਦਿਆਲ ਸਿੰਘ ਬਾਗੀ
8. ਕਾਮਰੇਡ ਪਿਆਰਾ ਸਿੰਘ ਭਕਨਾ
9. ਮਾਸਟਰ ਗਿਆਨ ਸਿੰਘ
10. ਮਾਸਟਰ ਅਜੀਤ ਸਿੰਘ ਆਸ
11. ਮਾਸਟਰ ਸੁਖਜੀਤ ਸਿੰਘ ਸੰਧੂ

## ਭੁੱਲ ਦੀ ਸੋਧ ਅਤੇ ਖਿਮਾ ਜਾਚਨਾ

ਪੰਨਾ 62 ਤੇ ਅੱਛਰ ਸਿੰਘ ਅਕਾਲੀ (ਪਿਤਾ ਮਾਸਟਰ ਗੁਰਦਿਆਲ ਸਿੰਘ) ਉਕਾਈ ਨਾਲ ਗ਼ਲਤ ਛਪ ਗਿਆ ਹੈ। ਦਰੁੱਸਤੀ ਲਈ ਇਸ ਪੰਨੇ ਤੇ ਦਰਜ ਸ: ਹਰਚੰਦ ਸਿੰਘ ਨੰਬਰਦਾਰ ਨੂੰ (ਪਿਤਾ ਮਾਸਟਰ ਗੁਰਦਿਆਲ ਸਿੰਘ ਭਕਨਾ) ਪੜ੍ਹਿਆ ਜਾਵੇ।

ਪੁਸਤਕ ਲਈ ਮਹੱਤਵਪੂਰਨ ਜਾਣਕਾਰੀ ਦੇਣ ਵਾਲੇ ਕਈ ਸੱਜਣਾਂ/ਸਰੋਤਾਂ ਦਾ ਨਾਂ ਰਹਿ ਗਿਆ ਹੋ ਸਕਦਾ ਹੈ। ਲੇਖਕ ਇਸ ਪ੍ਰਤੀ ਖਿਮਾ ਦਾ ਜਾਚਕ ਹੋਵੇਗਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਗ਼ਜ਼ਲ

### ਦਰਦੀਆਂ ਦੇ ਦਰਦੀਆ......

ਦਰਦੀਆਂ ਦੇ ਦਰਦੀਆ ਦਰਦਾਂ ਵੰਡਾਵਣ ਵਾਲਿਆ ।
ਦੇਸ਼ ਖਾਤਰ ਜ਼ਿੰਦਗਾਨੀ ਵਾਰ ਜਾਵਣ ਵਾਲਿਆ ।
ਗੋਰਾ-ਸ਼ਾਹੀ ਦੇ ਜ਼ੁਲਮ ਨੂੰ ਨੱਥ ਪਾਵਣ ਵਾਸਤੇ,
ਮੱਘਦਿਆਂ ਅੰਗਾਰਿਆਂ 'ਤੇ ਤੁਰਦੇ ਜਾਵਣ ਵਾਲਿਆ ।
ਹੱਥੀਂ ਹੱਥ-ਕੜੀਆਂ ਤੇ ਪੈਰੀਂ ਬੇੜੀਆਂ ਨੂੰ ਪਹਿਨ ਕੇ,
ਸੁੱਤੀ ਹੋਈ ਦੇਸ਼ ਦੀ ਕਿਸਮਤ ਜਗਾਵਣ ਵਾਲਿਆ ।
ਕਿਰਤ ਲੁੱਟੀ ਜਾਏ ਨਾ ਮਜ਼ਦੂਰ ਤੇ ਕਿਰਸਾਨ ਦੀ,
ਜ਼ਿੰਦਗੀ ਦੇ ਸਾਲ ਕਈ ਇਸ ਲਈ ਲੁਟਾਵਣ ਵਾਲਿਆ ।
ਲੋਕਤਾ ਦੇ ਸੇਵਕਾ, ਆਜ਼ਾਦੀ ਦੇ ਸੰਗਰਾਮੀਆਂ,
ਪਿੰਗਲੇ ਤੇ ਕਰਤਾਰ ਦਾ ਸਾਥੀ ਸਦਾਵਣ ਵਾਲਿਆ ।
ਅੰਤ ਸਾਹਾਂ ਤਕ ਵੀ ਜਨਤਾ ਦਾ ਸਾਥੀ ਰਿਹੋਂ,
ਮੌਤ ਦੇ ਸਾਹਵੇਂ ਵੀ ਮਰਦਾ, ਮੁਸਕਰਾਵਣ ਵਾਲਿਆ ।
ਭੇਟ ਨੇ ਇਹ ਸ਼ਬਦ ਕੁਝ, ਕਾਹਦੀ ਚੜ੍ਹਾਵਾਂ ਭੇਟ ਮੈਂ,
ਆਪਣਾ ਸਭ ਕੁਝ ਦੇਸ਼ ਦੀ ਭੇਟਾ ਚੜ੍ਹਾਵਣ ਵਾਲਿਆ ।

—ਅਜੀਤ ਸਿੰਘ ਆਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਉਹ ਪਿੰਡ ਭਕਨੇ ਦਾ ਨੂਰ ਜਿਹਾ

(ਜਗਤ-ਪ੍ਰਸਿੱਧ ਦੇਸ਼-ਭਗਤ, ਬਾਬਾ ਸੋਹਣ ਸਿੰਘ ਭਕਨਾ ਦਾ ਸੰਖੇਪ ਜੀਵਨ)

ਚਾਰ ਜਨਵਰੀ. ਅਠਾਰਾਂ ਸੌ ਸੱਤਰ੍ਹ ਨੂੰ, ਆਇਆ ਕਿਰਨਾਂ ਦਾ ਪੂਰ ਜਿਹਾ ।
ਪਿੰਡ ਭਕਨੇ ਦੀ ਵੀਰਾਨ ਕੁੱਖੋਂ, ਇਕ ਉੱਗਿਆ ਬੂਟਾ ਨੂਰ ਜਿਹਾ ।
ਬਚਪਨ ਦੀਆਂ ਪੱਤੀਆਂ ਖਿੜੀਆਂ ਜਦ, ਤੇ ਆਇਆ ਵਕਤ ਜਵਾਨੀ ਦਾ ।
ਨਸ਼ਿਆਂ ਤੇ ਬੁਰਿਆਂ ਦੀ ਸੰਗਤ, ਨਿੱਤ-ਕਰਮ ਹੋਇਆ ਜ਼ਿੰਦਗਾਨੀ ਦਾ ।
'ਬਾਬੇ ਕੇਸਰ'○ ਦੀਆਂ ਛੋਹਾਂ ਨੇ, ਲੋਹੇ ਨੂੰ ਸੋਨਾ ਕਰ ਦਿੱਤਾ ।
ਕੱਢ ਉਸ ਦੇ ਦਿਲ ਦੀਆਂ ਮੈਲਾਂ ਨੂੰ, ਇਕ ਸੁੰਦਰ ਜਜ਼ਬਾ ਭਰ ਦਿੱਤਾ ।

ਕੇਸਰ ਦੀ ਪੁੱਠ ਨੇ ਕਰ ਦਿੱਤਾ, ਜੀਵਨ ਉਸ ਦਾ ਸੰਧੂਰ ਜਿਹਾ ।
ਸੋਹਣ ਸਿੰਘ ਸੋਹਣਾ ਬਣ ਤੁਰਿਆ, ਉਹ ਪਿੰਡ ਭਕਨੇ ਦਾ ਨੂਰ ਜਿਹਾ ।

ਉਹ ਕਿਰਤੀ ਬਣ ਕੇ ਬਾਹਰ ਗਿਆ, ਟੱਬਰ ਲਈ ਰੋਜ਼ੀ ਪਾਵਣ ਲਈ ।
ਇਹ ਕੁਦਰਤ ਲਈ ਬਹਾਨਾ ਸੀ, ਉਸ ਤੋਂ ਕੋਈ ਕਰਮ ਕਰਾਵਣ ਲਈ ।
ਕਿਰਤੀ ਦੀ ਬਿਰਤੀ ਉਖੜ ਗਈ, ਜਦ ਹਿੰਦੀਆਂ ਦੀ ਦੁਰਗੱਤ ਵੇਖੀ ।
ਗ਼ੈਰਾਂ ਦੇ ਪੈਰਾਂ ਵਿਚ ਰੁਲਦੀ, ਉਸ ਭਾਰਤ-ਮਾਂ ਦੀ ਪੱਤ ਵੇਖੀ ।

ਤਦ ਲਾਵੇ ਵਾਂਗਰ ਫੁੱਟ ਪਿਆ, ਦਿਲ ਉਸ ਦਾ ਜ਼ਖ਼ਮ ਨਾਸੂਰ ਜਿਹਾ ।
ਕੁਰਬਾਨੀ ਖ਼ਾਤਰ ਨਿੱਤਰ ਪਿਆ, ਉਹ ਪਿੰਡ ਭਕਨੇ ਦਾ ਨੂਰ ਜਿਹਾ ।

ਉਹਦੇ ਇਨਕਲਾਬ ਦੇ ਨਾਅਰੇ ਨੇ, ਧਰਤੀ ਆਸਮਾਨ ਕੰਬਾ ਦਿੱਤੇ ।
ਇਸ ਨਿੱਕੀ ਜਿਹੀ ਚੰਗਿਆੜੀ ਨੇ, ਸਾਗਰ ਨੂੰ ਲਾਂਬੂ ਲਾ ਦਿੱਤੇ ।
'ਗ਼ਦਰਾਂ ਦਾ ਮਾਲਕ' ਠਿੱਲ੍ਹ ਪਿਆ, ਹੱਕਾਂ ਦਾ ਗ਼ਦਰ ਮਚਾਵਣ ਲਈ ।
ਲੈ ਕੇ ਤੂਫ਼ਾਨ ਬਗਾਵਤ ਦਾ, ਹਿੰਦ ਨੂੰ ਆਜ਼ਾਦ ਕਰਾਵਣ ਲਈ ।
ਉਹ ਲਾਲ ਹਨੇਰੀ ਲੈ ਆਇਆ, ਗ਼ੁਲਾਮੀ ਦੀ ਕਾਲਖ਼ ਕੱਢਣ ਲਈ ।
ਲਹੂ-ਰੰਗਾ ਝੰਡਾ ਹੱਥ ਲੈ ਕੇ, ਉਸ ਲਾਲ ਕਿਲ੍ਹੇ 'ਤੇ ਗੱਡਣ ਲਈ ।

ਤਰਥੱਲੀ ਮੱਚ ਗਈ ਦੁਨੀਆਂ 'ਚ, ਹੈ ਕੌਣ—ਸੂਰਜੀ ਨੂਰ ਜਿਹਾ ?
ਹਿੰਦ ਮਾਤਾ ਨੇ ਹਿੱਕ ਤਾਣ ਕਿਹਾ, ਉਹ ਪਿੰਡ ਭਕਨੇ ਦਾ ਨੂਰ ਜਿਹਾ ।

---

○ਇਲਾਕੇ ਦਾ ਪ੍ਰਸਿੱਧ ਨਾਮਧਾਰੀ ਸੰਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਘਰ ਦਾ ਭੇਤੀ ਗੋਰੇ ਨੂੰ, ਦੱਸ ਲੰਕਾ ਨੂੰ ਅੱਗ ਲਾਉਂਦਾ ਨਾ।
ਉੱਨੀ ਸੌ ਪੰਦਰਾਂ ਨੂੰ ਗੋਰਾ, ਭਾਰਤ ਵਿਚ ਨਜ਼ਰੀਂ ਆਉਂਦਾ ਨਾ।
ਇਸ ਗ਼ਦਰ ਦੇ ਨੇਤਾ ਬਾਬਾ ਜੀ, ਆਖ਼ਰ ਕਲਕੱਤੇ ਪਕੜੇ ਗਏ।
ਫ਼ਾਂਸੀ ਦੇ ਫੰਦੇ ਤੋਂ ਲੱਥ ਕੇ, ਤੇ ਉਮਰ-ਕੈਦ ਵਿਚ ਜਕੜੇ ਗਏ।
ਐਵੇਂ ਨਹੀਂ ਜੇਲ੍ਹ ਤਸੀਹਿਆਂ ਦੇ, ਉਹ ਛੱਬੀ ਵਰ੍ਹੇ ਸੀ ਝਲ ਸਕਦਾ।
ਬਾਬਾ ਇਕ ਸਖ਼ਤ ਫ਼ੌਲਾਦ ਸੀ ਜੋ, ਗੋਰੇ ਤੋਂ ਨਹੀਂ ਸੀ ਢਲ ਸਕਦਾ।

ਉਹ ਅਨਲੱਹਕ ਦਾ ਨਾਅਰਾ ਸੀ, ਉਹ ਭਾਰਤ ਦਾ ਮਨਸੂਰ ਜਿਹਾ।
ਫ਼ਾਂਸੀ ਵੀ ਜਿਸ ਤੋਂ ਕੰਬ ਗਈ ਸੀ, ਉਹ ਪਿੰਡ ਭਕਨੇ ਦਾ ਨੂਰ ਜਿਹਾ।

ਜਨਤਾ ਦੇ ਹਿੱਸੇ ਆਇਆ ਗ਼ਮ, ਉਹ 'ਕੱਲ੍ਹਾ ਪੀਣਾ ਚਾਹੁੰਦਾ ਸੀ।
ਜਨਤਾ ਲਈ ਮਰਨਾ ਚਾਹੁੰਦਾ ਸੀ, ਜਨਤਾ ਲਈ ਜੀਣਾ ਚਾਹੁੰਦਾ ਸੀ।
ਡਾਕਟਰ ਨੇ ਕਿਹਾ ਦੁੱਧ ਪੀਵਣ ਨੂੰ, ਬਾਬੇ ਨੇ ਅੱਥਰੂ ਸਨ ਕੇਰੇ।
"ਦੁੱਧ ਕੀਕਣ ਪੀਵਾਂ ਡਾਕਟਰ ਜੀ, ਜਦ ਤੀਕਣ ਭੁੱਖੇ ਲੋਕ ਮੇਰੇ।"
ਸਰਕਾਰੋਂ ਤਾਰਾਂ ਖੜਕ ਪਈਆਂ, ਤੇ ਹੁਕਮ ਹੋ ਗਿਆ ਇਕ ਪਲ ਵਿਚ।
ਬਾਬੇ ਨੂੰ ਜਨਤਾ ਵਾਰਡ ਤੋਂ, ਝਟ ਦਾਖ਼ਲ ਕਰੋ ਸਪੈਸ਼ਲ ਵਿਚ।
ਬਾਬੇ ਨੇ ਦੋ-ਟੂਕ ਗੱਲ ਆਖੀ, "ਮੈਨੂੰ ਜਨਤਾ ਦੇ ਦੁੱਖ ਜਰਨ ਦਿਓ।
ਮੈਂ ਜਿਸ ਜਨਤਾ ਵਿਚ ਜੀਵਿਆ ਹਾਂ, ਮੈਨੂੰ ਉਸ ਜਨਤਾ ਵਿਚ ਮਰਨ ਦਿਓ।"

ਸੰਨ ਅਠਾਹਠ ਇੱਕੀ ਦਸੰਬਰ ਨੂੰ, ਫੁੱਲ ਤੁਰ ਗਿਆ ਨਜ਼ਰੋਂ ਦੂਰ ਜਿਹਾ।
ਬਣ ਮਹਿਕ ਦਿਲੀਂ 'ਜੱਸ' ਵਸਦਾ ਹੈ, ਉਹ ਪਿੰਡ ਭਕਨੇ ਦਾ ਨੂਰ ਜਿਹਾ।

पुस्तकालय 7746
पुस्तकालय



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



- ਜਨਮ : 1-1-1955
- ਵਿਦਿਆ : ਐਮ. ਏ. (ਪੰਜਾਬੀ), ਐਮ. ਫਿਲ., ਬੀ.ਐੱਡ.
- ਕਿੱਤਾ : ਅਧਿਆਪਨ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹੋੜੂ, (ਅੰਮ੍ਰਿਤਸਰ)
- ਖੋਜਾਰਥੀ (ਪੀ-ਐਚ.ਡੀ.) : 'ਪੰਜਾਬੀ ਬਾਲ-ਸਾਹਿਤ ਦਾ ਇਤਿਹਾਸਕ ਵਿਕਾਸ'

ਜਸਬੀਰ ਸਿੰਘ ਜੱਸ ਅੱਧੀ ਦਰਜਨ ਤੋਂ ਵਧੀਕ ਪੁਸਤਕਾਂ ਦਾ ਲੇਖਕ ਹੈ। ਪੰਜਾਬੀ ਬਾਲ-ਸਾਹਿਤ ਦਾ ਨਾਮਵਰ ਲੇਖਕ ਹੋਣ ਦੇ ਨਾਲ ਨਾਲ ਉਸਨੇ ਲਗਭਗ ਹਰੇਕ ਸਾਹਿਤ ਰੂਪ ਵਿਚ ਸਿਰਜਨਾ ਕੀਤੀ ਹੈ। ਉਸਦੀ ਖੋਜ-ਪੁਸਤਕ 'ਪੰਜਾਬੀ ਸਭਿਆਚਾਰ ਤੇ ਬਦੇਸ਼ੀ ਪ੍ਰਭਾਵ' ਵਿਦਿਆਰਥੀਆਂ ਅਤੇ ਆਮ ਪਾਠਕ ਵਰਗ ਵਿਚ ਬੜੀ ਪ੍ਰਸਿੱਧ ਹੋਈ।

'ਗ਼ਦਰੀ ਬਾਬਾ ਸੋਹਣ ਸਿੰਘ ਭਕਨਾ' ਪੁਸਤਕ ਵਿਚ ਜੱਸ ਨੇ ਉਸ ਮਹਾਨ ਦੇਸ਼ਭਗਤ ਦਾ ਜੀਵਨ ਬੜੀ ਹੀ ਸਰਲ ਤੇ ਸਰਸ ਸ਼ੈਲੀ ਵਿਚ ਚਿਤਰਿਆ ਹੈ। ਬਾਬਾ ਜੀ ਦੀਆਂ ਜੀਵਨ-ਯਾਦਾਂ ਦੀ ਪੇਸ਼ਕਾਰੀ ਵਿਚ ਬੜੀ ਖਿੱਚ ਹੈ, ਜਦ ਕਿ ਬਾਬਾ ਜੀ ਹੱਥੀਂ ਸਥਾਪਤ ਜਨਤਾ ਹਾਈ ਸਕੂਲ ਅਤੇ ਭਕਨਾ ਪਿੰਡ ਦੀ ਜਨਮ-ਗਾਥਾ ਵੀ ਇਤਿਹਾਸਕ ਰੂਪ ਧਾਰ ਗਈ ਹੈ। ਪੁਸਤਕ ਦੇ ਮੁੱਢ ਤੋਂ ਆਖ਼ਰੀ ਸਤਰ ਤਕ ਬਾਬਾ ਭਕਨਾ ਅਤੇ ਉਹਨਾਂ ਦੀ ਕੌਮਪ੍ਰਸਤੀ ਦੀ ਮਹਿਕ ਸਮੋਈ ਹੋਈ ਹੈ। ਇਹ ਪੁਸਤਕ ਮਹਾਨ ਦੇਸ਼ਭਗਤ ਨੂੰ ਉੱਤਮ ਸ਼ਰਧਾਂਜਲੀ ਹੈ।

–ਬਿਕਰਮ ਸਿੰਘ ਘੁੰਮਣ (ਡਾ.)
ਰੀਡਰ,
ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

CC-0. In Public Domain. Gurukul Kangri Collection, Haridwar